# ਮੇਲ-ਮੁਲਾਕਾਤਾਂ ਤੇ ਮੁਹਾਂਦਰੇ

ਸ਼ੇਰ ਸਿੰਘ ਕੰਵਲ

*ਪੇਸ਼ਕਸ਼*

**ਰਘਬੀਰ ਰਚਨਾ ਪ੍ਰਕਾਸ਼ਨ**

**Mail-Mulakatan Te Muhandre**

By : Sher Singh Kanwal
12016-N.36th ST.
PHOENIX AZ 85028 (U.S.A.)
Phone : (602)482-2276

© Author

Edition : 2009

ISBN : 978-81-7914-292-9

Price : Rs.150/-

**Published by :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in
&
Vartman Prakashan
22, New Market (Ist Floor)
West Patel Nagar, New Delhi-8
Email : aksmagazine@gmail.com
Tel. : 011-25888478

---

**ਮੇਲ-ਮੁਲਾਕਾਤਾਂ ਤੇ ਮੁਹਾਂਦਰੇ ਲੇਖਕ : ਸ਼ੇਰ ਸਿੰਘ ਕੰਵਲ**
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜਸ, ਦਿੱਲੀ
**ਕਵਰ** : ਲਲਿਤ

ਫੁੱਲਾਂ ਵਰਗੇ ਉਹਨਾਂ ਮਿੱਤਰ-ਪਿਆਰਿਆਂ ਨੂੰ
ਜਿਹਨਾਂ ਨਾਲ ਹੋਈਆਂ ਮੇਲ-ਮੁਲਾਕਾਤਾਂ ਦੀ ਮਹਿਕ
ਮੇਰੀ ਮਿੱਟੀ ਵਿਚ ਹੀ ਘੁਲ-ਮਿਲ ਗਈ

## ਲੇਖਕ ਦੀਆਂ ਹੋਰ ਰਚਨਾਵਾਂ :

**ਕਾਵਿ-ਸੰਗ੍ਰਹਿ :**

ਪੱਥਰ ਦੀ ਅੱਖ (1970)
ਗੁਲਾਬ ਫ਼ਾਨੂਸ ਤੇ ਬਰਫ਼ (1977)
*(ਭਾਈ ਵੀਰ ਸਿੰਘ ਪੁਰਸਕਾਰ ਪ੍ਰਾਪਤ)*
ਆਨੰਦਪੁਰ ਬਨਾਮ ਦਿੱਲੀ (1977)
ਮੋਹ ਮਹਿਲ (1981)
ਸੰਦਲੀ ਰੁੱਤ (2006)
ਮਿੱਟੀ ਦੇ ਮੋਰ (2006)
ਹੱਸਦੇ ਹੱਸਦੇ ਜਾਂਦੇ ਜਾਂਦੇ (2009)

**.ਗ਼ਜ਼ਲ-ਸੰਗ੍ਰਹਿ :**

ਕਾਸ਼ਨੀ ਦੇ ਫੁੱਲ (2003)
*(ਸਰਵ-ਸ੍ਰੇਸ਼ਠ ਪੁਸਤਕ ਪੁਰਸਕਾਰ ਪ੍ਰਾਪਤ)*

**ਵਾਰਤਕ :**

ਰਾਜ ਕਰੇਗਾ ਖਾਲਸਾ

**ਛਪਣ ਹਿਤ :**

ਕੱਚ ਦੀਆਂ ਮੁੰਦਰਾਂ (ਕਵਿਤਾ)
ਚੀਨੇ ਕਬੂਤਰ (ਕਵਿਤਾ)
ਢਾਈ ਪੱਤ ਮੱਛਲੀ ਦੇ (ਕਵਿਤਾ)
ਕੇਸਗੜ੍ਹ ਦੇ ਕਿੰਗਰੇ (ਕਵਿਤਾ)
ਬਾਰਾਂਦਰੀ (ਕਵਿਤਾ)
ਕਿੱਸਾ ਪਰਦੇਸੀ ਰਾਂਝਣ (ਵਿਅੰਗ)
ਪੰਜਾਬ ਦੇ ਮੇਲੇ (ਵਾਰਤਕ)

# ਜੀਵਨ ਬਿਉਰਾ

| | | |
|---|---|---|
| ਨਾਮ | : | ਸ਼ੇਰ ਸਿੰਘ ਕੰਵਲ |
| ਜਨਮ | : | 15 ਦਸੰਬਰ, 1943 |
| ਜਨਮ ਸਥਾਨ | : | ਤਲਵੰਡੀ ਮੱਲ੍ਹੀਆਂ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) |
| ਪਿਤਾ | : | ਸਰਦਾਰ ਚੰਨਣ ਸਿੰਘ ਬਾਸੀ |
| ਮਾਤਾ | : | ਸਰਦਾਰਨੀ ਸ਼ਾਮ ਕੌਰ |
| ਪਤਨੀ | : | ਸਰਦਾਰਨੀ ਸਤਵੰਤ ਕੌਰ |
| ਬੱਚੇ | : | ਹਰਿਸਿਮਰਨ ਕੌਰ (ਬੇਟੀ) |
| | | ਹਰਿਕੀਰਤ ਸਿੰਘ (ਬੇਟਾ) |
| ਵਿੱਦਿਅਕ ਯੋਗਤਾ | : | ਐਮ.ਏ. |

• ਖੇਤੀਬਾੜੀ ਵਿਭਾਗ ’ਚ ਕੰਮ ਕਰਨ ਉਪਰੰਤ ਬੀ.ਐੱਡ. ਕਰਕੇ ਕੁਝ ਸਕੂਲਾਂ ’ਚ ਥੋੜ੍ਹੇ ਅਰਸੇ ਲਈ ਨੌਕਰੀ ਕਰਕੇ ਕੁਝ ਸਮਾਂ ਗੌਰਮਿੰਟ ਕਾਲਜ ਟਾਂਡਾ, ਗੌਰਮਿੰਟ ਕਾਲਜ ਕਰਮਸਰ ਤੇ ਮਗਰੋਂ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਕਾਲਜ ਮੋਗਾ ਹੁੰਦਿਆਂ ਨੌਕਰੀ ਛੱਡ ਕੇ 1980 ’ਚ ਅਮਰੀਕਾ ਨਿਵਾਸ।

• 1964 ’ਚ ਰੋਜ਼ਾਨਾ ‘ਨਵੀਂ ਪ੍ਰਭਾਤ’ ਕਲਕੱਤਾ ਦੀ ਸਬ-ਐਡੀਟਰੀ ਨਾਲ ਪੰਜਾਬੀ ਪੱਤਰਕਾਰੀ ’ਚ ਪ੍ਰਵੇਸ਼ ਕਰਕੇ ਦੇਸ਼ ਵਿਦੇਸ਼ ’ਚ ਵਿਚਰਦਿਆਂ ਪੰਜਾਬੀ ਪੱਤਰਾਂ ਲਈ ਨਿਰੰਤਰ ਲਿਖਿਆ ਤੇ 1985 ’ਚ ਕੈਲੇਫ਼ੋਰਨੀਆਂ (ਅਮਰੀਕਾ) ਤੋਂ ਪਹਿਲਾ ਸਾਹਿਤਕ ਪੰਜਾਬੀ ਮਾਸਿਕ ਪੱਤਰ ‘ਜਾਗੋ’ ਪ੍ਰਕਾਸ਼ਿਤ ਕਰਨਾ ਆਰੰਭ ਕੀਤਾ। ਕਵਿਤਾ ਤੋਂ ਬਿਨ੍ਹਾਂ ਸਿੱਖਾਂ ਦੇ ਧਾਰਮਿਕ ਸਿਆਸੀ ਮਸਲਿਆਂ ’ਤੇ ਪੰਜਾਬ ਦੇ ਮੇਲਿਆਂ ਸੰਬੰਧੀ ਸੈਂਕੜੇ ਆਰਟੀਕਲ ਲਿਖੇ।

• 1978 ’ਚ ‘ਗ਼ੁਲਾਬ, ਫ਼ਾਨੂਸ ਤੇ ਬਰਫ਼’ ਉੱਤੇ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ ਤੇ ਅਨੇਕ ਸਾਹਿਤ ਸਭਾਵਾਂ ਤੇ ਸੰਸਥਾਵਾਂ ਵੱਲੋਂ ਕਈ ਸਨਮਾਣ।

• ਸੰਸਾਰ ਵਿੱਚ ਸਭ ਤੋਂ ਲੰਮੀ ਤੋਰੀ (Longest Zucchini Courgette) ਪੈਦਾ ਕਰਕੇ, ਕਿਸੇ ਖੇਤੀ ਉਪਜ ਲਈ ਪਹਿਲੇ ਸਿੱਖ, ਪੰਜਾਬੀ ਤੇ ਭਾਰਤੀ ਮੂਲ ਦੇ ਵਿਅਕਤੀ ਵਜੋਂ 2002 ਅਤੇ 2003 ਵਿੱਚ ਦੋ ਵੇਰ ‘ਗਿਨੀਸ ਵਰਲਡ ਰਿਕਾਰਡ’ ਕਾਇਮ ਕੀਤਾ।

# ਕੁਝ ਸ਼ਬਦ

ਸਾਹਿਤ, ਸੰਗੀਤ ਤੇ ਸਿਆਸਤ ਦੀ ਤ੍ਰਿਵੇਣੀ ਜ਼ਿੰਦਗੀ ਭਰ ਮੇਰੇ ਦਿਲੋ-ਦਿਮਾਗ਼ ਵਿੱਚ ਵਗਦੀ ਰਹੀ ਹੈ। 'ਮੇਲ-ਮੁਲਾਕਾਤਾਂ ਤੇ ਮੁਹਾਂਦਰੇ' ਪੁਸਤਕ ਇਸੇ ਦਾ ਹੀ ਪ੍ਰਤੀਫਲ ਹੈ। ਮੇਰੀ ਇਸ ਵੰਡੀ ਪ੍ਰਵਿਰਤੀ ਨੇ ਜ਼ਿੰਦਗੀ ਵਿੱਚ ਮੈਨੂੰ ਢੇਰ ਨੁਕਸਾਨ ਪਹੁੰਚਾਇਆ ਹੈ। ਮੈਂ ਸੋਚਦਾ ਰਿਹਾ ਹਾਂ ਕਿ ਜੇ ਉਕਤ ਤਿੰਨਾਂ ਖੇਤਰਾਂ 'ਚੋਂ ਕਿਸੇ ਇਕ 'ਚ ਪੈ ਕੇ ਮੈਂ ਆਪਣੀ ਸਾਰੀ ਸ਼ਕਤੀ ਇਸ 'ਚ ਝੋਂਕ ਦਿੰਦਾ ਤਾਂ ਸ਼ਾਇਦ ਕੋਈ ਵੱਡੀ ਪ੍ਰਾਪਤੀ ਕਰ ਜਾਂਦਾ।

ਦੇਸ਼ ਛੱਡਣ ਉਪਰੰਤ ਮੇਰੇ ਇਹ ਤਿੰਨੇ ਸ਼ੌਕ ਹੋਰ ਵੀ ਖਿਲਰ-ਬਿਖਰ ਗਏ ਕਿਉਂਕਿ ਆਪਣੀ ਧਰਤੀ ਦੇ ਵਾਤਾਵਰਣ ਅਥਵਾ ਆਪਣੇ ਸਭਿਆਚਾਰ ਵਿੱਚ ਰਹਿ ਕੇ ਹੀ ਮਨੁੱਖ ਦੇ ਮੂਲ ਸ਼ੌਕ ਵਿਕਸਤ ਹੋ ਸਕਦੇ ਹਨ।

ਜ਼ਿੰਦਗੀ ਦੀ ਰੇਲ-ਗੱਡੀ ਭੱਜੀ ਜਾ ਰਹੀ ਸੀ। ਇਕ ਝੋਰਾ ਸਦਾ ਮੇਰੇ ਦਿਲ ਨੂੰ ਘੁਣ ਵਾਂਗ ਖਾਂਦਾ ਰਹਿੰਦਾ ਕਿ ਅਜਿਹੀਆਂ ਵਿਰੋਧੀ ਪ੍ਰਸਥਿਤੀਆਂ ਦੀ ਬਣੀ ਇਸ ਸਥਿਤੀ ਵਿਚ ਉਕਤ ਤਿੰਨਾਂ ਖੇਤਰਾਂ ਤੋਂ ਬਿਨਾਂ ਕੀ ਮੈਂ ਕੋਈ ਅਜਿਹੀ ਵਿਰਲ ਵੀ ਲੱਭ ਸਕਦਾ ਹਾਂ ਜਿਸ 'ਚੋਂ ਲੰਘ ਕੇ ਮੇਰੇ ਅੰਦਰ ਕਰਤਾਰ ਧਰੀ ਪ੍ਰਤਿਭਾ ਦਾ ਵਿਕਾਸ ਹੋ ਸਕੇ? ਕਿਉਂਕਿ ਕੁਦਰਤ ਨੇ ਹਰ ਮਨੁੱਖ ਵਿੱਚ ਕੋਈ ਗੁਣ-ਕਣੀ ਧਰੀ ਹੁੰਦੀ ਹੈ—ਐਸਾ ਮੇਰਾ ਮੰਨਣ ਤੇ ਵਿਸ਼ਵਾਸ ਹੈ।

ਇਕ ਪਿੰਡ ਵਿੱਚ ਜੰਮ ਪਲ ਕੇ ਮੈਂ ਪ੍ਰਦੇਸ ਦੀ ਮਹਾਂਨਗਰੀ ਜ਼ਿੰਦਗੀ ਦਾ ਇਕ ਮਸ਼ੀਨੀ-ਪੁਰਜ਼ਾ ਹੀ ਤਾਂ ਬਣ ਗਿਆ ਸਾਂ। ਮਸ਼ੀਨਾਂ ਨੂੰ ਮੈਂ ਜ਼ਿੰਦਗੀ ਵਿੱਚ ਕਦੇ ਪਸੰਦ ਨਹੀਂ ਕੀਤਾ। ਇਹਨਾਂ ਤੋਂ ਮੈਂ ਸਦਾ ਦੂਰ ਭੱਜਦਾ ਰਿਹਾ ਸਾਂ। ਮਸ਼ੀਨਾਂ ਤੋਂ ਵਿਪਰੀਤ ਮੈਨੂੰ ਜ਼ਿੰਦਗੀ ਵਿੱਚ ਹੋਰ ਕੀ ਚੰਗਾ ਲੱਗਦਾ ਹੈ? ਮੈਂ ਇਕ ਦਿਨ ਅਪਣੇ ਮਨ ਨੂੰ ਇਕ ਗਹਿਰ-ਗੰਭੀਰ ਪ੍ਰਸ਼ਨ ਕੀਤਾ। ਉੱਤਰ ਮੁੜਿਆ—ਰੁੱਖ-ਬੂਟੇ।

ਮੈਂ ਖ਼ੁਸ਼ੀ ਨਾਲ ਉੱਛਲ ਪਿਆ। ਵਾਕਈ ਮੈਨੂੰ ਜ਼ਿੰਦਗੀ ਵਿੱਚ ਮਸ਼ੀਨਾਂ ਨਾਲੋਂ ਉੱਗਦੇ-ਵਿਗਸਦੇ, ਹੱਸਦੇ-ਝੂਮਦੇ ਤੇ ਜਿਉਂਦੇ-ਜਾਗਦੇ ਰੁੱਖ-ਬੂਟੇ ਲੱਖ ਗੁਣਾਂ ਚੰਗੇ ਲਗਦੇ ਸਨ। ਪੌਦੇ ਕਾਇਨਾਤ ਦੀ ਕੁਦਰਤ ਦਾ ਇਕ ਪਾਵਨ-ਪਵਿੱਤਰ ਅੰਗ ਹੁੰਦੇ ਹਨ। ਇਹਨਾਂ ਦਾ ਕੋਈ ਇਕ ਦੇਸ਼, ਇਕ ਨਸਲ ਜਾਂ ਇਕ ਕੌਮ ਨਹੀਂ ਹੁੰਦੀ। ਮੇਰਾ ਪਿਛੋਕੜ ਕਿਸਾਨੀ ਸੀ। ਮੈਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ



ਲੁਧਿਆਣਾ ਤੋਂ ਖੇਤੀ ਦੇ ਖੇਤਰ ਵਿੱਚ ਕੁਝ ਸਿੱਖਿਆ ਹਾਸਲ ਕਰਕੇ ਪੰਜਾਬ ਦੇ ਖੇਤੀ ਵਿਭਾਗ ਵਿਚ ਕੁਝ ਅਰਸਾ ਕੰਮ ਵੀ ਕੀਤਾ ਸੀ। ਇੰਝ ਪੌਦਿਆਂ ਨਾਲ ਮੇਰਾ ਸੰਬੰਧ ਸਦਾ ਕਿਵੇਂ ਨਾ ਕਿਵੇਂ ਬਣਿਆ ਰਿਹਾ ਸੀ। ਮੈਂ ਮਨ 'ਚ ਫ਼ੈਸਲਾ ਕੀਤਾ ਕਿ ਉਕਤ ਤਿੰਨਾਂ ਖੇਤਰਾਂ ਨਾਲੋਂ ਪਹਿਲ ਮੈਂ ਰੁੱਖ-ਬੂਟਿਆਂ ਨਾਲ ਕੰਮ ਕਰਨ ਨੂੰ ਦੇਵਾਂਗਾ। ਮੇਰੀ ਜ਼ਿੰਦਗੀ ਇਸ ਰੁਝਾਨ ਨਾਲ ਰੰਗੀਨ-ਰਮਣੀਕ ਵੀ ਰਹੇਗੀ ਤੇ ਇਸ ਮਸ਼ੀਨੀ-ਜ਼ਿੰਦਗੀ 'ਚੋਂ ਜਿੰਨੀ ਕੁ ਵਿਹਲ ਮਿਲੇਗੀ ਉਸ 'ਚ ਮੈਂ ਵਰਚਿਆ ਵੀ ਰਹਾਂਗਾ। .....ਤੇ ਫਿਰ ਮੈਂ ਇਸ ਖੇਤਰ 'ਚ ਪੂਰੀ ਧੁੰਨ ਤੇ ਸ਼ਕਤੀ ਨਾਲ ਵਿਅਸਥ ਹੋ ਗਿਆ। ਕਰਤਾਰ ਨੇ ਕ੍ਰਿਪਾ ਕਰਕੇ ਬਿਧਾਂ ਤੇ ਸਾਧਨ ਵੀ ਐਸੇ ਪ੍ਰਦਾਨ ਕਰ ਦਿਤੇ ਕਿ ਮੈਂ ਖੇਤੀ ਤੇ ਆਪਣੇ ਜੱਦੀ-ਪੁਸ਼ਤੀ ਕਿੱਤੇ ਵਿੱਚ ਸੰਸਾਰ 'ਚੋਂ ਲੰਮੀਆਂ ਤੋਰੀਆਂ ਪੈਦਾ ਕਰਨ ਦੇ ਦੋ ਗਿਨਿਸ ਵਰਲਡ ਰਿਕਾਰਡ ਕਾਇਮ ਕਰਨ ਵਿਚ ਕਾਮਯਾਬ ਹੋ ਗਿਆ। ਪਰ ਫਿਰ ਵੀ ਮੈਂ ਜੀਵਨ ਭਰ ਮਹਿਸੂਸ ਕਰਦਾ ਰਿਹਾ ਹਾਂ ਕਿ ਮੇਰਾ ਆਪਾ ਵਿਭਿੰਨ ਖੇਤਰਾਂ ਵੱਲ ਰੁਚਿਤ ਤੇ ਖਿੰਡਰਿਆ ਰਿਹਾ ਹੈ। ਜਿਸ ਸਦਕਾ ਹੀ ਮੈਂ ਇਹਨਾਂ ਖੇਤਰਾਂ ਵਿੱਚ ਪ੍ਰਸਿੱਧਤਾ ਪ੍ਰਾਪਤ ਸ਼ਖ਼ਸੀਅਤਾਂ ਵੱਲ ਆਕਰਸ਼ਿਤ ਹੋ ਕੇ ਉਹਨਾਂ ਦੇ ਸੰਪਰਕ ਵਿੱਚ ਆਇਆ।

'ਮੇਲ-ਮੁਲਾਕਾਤਾਂ ਅਤੇ ਮੁਹਾਂਦਰੇ' ਪੁਸਤਕ ਮੈਂ ਪਾਠਕਾਂ ਦੀ ਨਜ਼ਰ ਇਸ ਭਾਵਨਾ ਨਾਲ ਕਰ ਰਿਹਾ ਹਾਂ ਕਿ ਉਹ ਮੇਰੇ ਅਤੀਤ ਨਾਲ ਤੁਰਦਿਆਂ ਹੋਇਆਂ ਮੇਰੇ ਸੰਪਰਕ 'ਚ ਆਈਆਂ ਉਹਨਾਂ ਮਹਾਨ ਸ਼ਖ਼ਸੀਅਤਾਂ ਦੇ ਦਰਸ਼ਣ-ਦੀਦਾਰੇ ਕਰ ਸਕਣ ਜਿਹਨਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਮਹਾਨ ਤੇ ਵਿਸ਼ੇਸ਼ ਸੇਵਾ ਕੀਤੀ ਹੈ।

23 ਮਈ, 2009

**ਸ਼ੇਰ ਸਿੰਘ ਕੰਵਲ**

# ਤਤਕਰਾ


- ➢ ਦਾਸਤਾਂ ਇਕ ਦਰਵੇਸ਼ ਦੀ 9
- ➢ ਇਕ ਇੰਟਰਵਿਊ ਜਥੇਦਾਰ ਗੁਰਬਚਨ ਸਿੰਘ ਟੌਹੜਾ ਨਾਲ 21
- ➢ ਸੇਖੋਂ - ਇਕ ਸਿਆਸੀ ਅਕਸ 27
- ➢ ਆਪਨੜੇ ਹੱਥ ਆਰਸੀ : ਸ਼ੇਰ ਸਿੰਘ ਕੰਵਲ 33
- ➢ ਬੀਬੀ ਨਿਰਲੇਪ ਕੌਰ ਨਾਲ ਮੁਲਾਕਾਤ 38
- ➢ ਮੋਹ ਦੇ ਆਰ-ਪਾਰ : ਸ਼ੇਰ ਸਿੰਘ ਕੰਵਲ 41
- ➢ ਪੰਜਾਬ ਦੀ ਕੋਇਲ ਦੇ ਅੰਗ-ਸੰਗ 44
- ➢ ਇਕ ਸਰਪੰਚ ਨਾਵਲਕਾਰ ਜਸਵੰਤ ਸਿੰਘ ਕੰਵਲ 49
- ➢ ਉੱਠ ਗਏ ਗਵਾਂਢੋ ਯਾਰ! 61
- ➢ ਸਿਮਰਤੀ ਦੇ ਨਾਦ 67
- ➢ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ 72
- ➢ ਡਾ. ਬਰਜਿੰਦਰ ਸਿੰਘ ਹਮਦਰਦ ਤੇ ਉਸਦੀ ਗਾਇਕੀ 81
- ➢ ਦੇਵਤਾ 93


# ਦਾਸਤਾਂ ਇਕ ਦਰਵੇਸ਼ ਦੀ

ਉਂਞ ਤਾਂ ਹਰ ਯੁਗ ਵਿਚ ਪ੍ਰੰਤੂ ਖਾਸ ਕਰਕੇ ਇਸ ਯੁਗ ਵਿਚ ਜਿਸ ਨੂੰ ਕਿ ਕਲਯੁਗ (Black Age) ਦਾ ਨਾਂ ਦਿੱਤਾ ਜਾਂਦਾ ਹੈ ਅਤੇ ਜਿਸ ਦੇ ਕੋਸ਼ ਦੇ ਪ੍ਰਮੁੱਖ ਸ਼ਬਦ ਹੀ ਬਲੈਕ ਮਾਰਕੀਟਿੰਗ, ਬਲੈਕ-ਮੇਲ, ਬਲੈਕ-ਮਨੀ ਆਦਿ ਹਨ, ਵਿਚ ਇਕ 'ਸਿਆਸਤਦਾਨ' ਅਤੇ 'ਦਰਵੇਸ਼' ਦੋ ਵਿਸ਼ੇਸ਼ਣਾਂ ਦਾ ਇਕ ਹੀ ਵਿਅਕਤੀਤੱਵ ਵਿਚ ਇਕੱਠਿਆਂ ਮਿਲ ਜਾਣਾ ਇਕ ਅਲੋਕਾਰ ਅਤੇ ਇਕ ਮਿਆਨ ਵਿਚ ਦੋ ਤਲਵਾਰਾਂ ਵਾਲੀ ਗੱਲ ਹੈ। ਪਰੰਤੂ ਇਹ ਸ਼ਰਫ਼ ਸਿਰਫ਼ ਸਿੱਖ ਕੌਮ ਨੂੰ ਹੀ ਹਾਸਿਲ ਹੋ ਸਕਿਆ ਹੈ ਜਿਸ ਨੇ ਸੰਸਾਰ ਦੀ ਸਿਆਸਤ ਨੂੰ ਗਿਆਨੀ ਕਰਤਾਰ ਸਿੰਘ ਵਰਗਾ 'ਦਰਵੇਸ਼ ਸਿਆਸਤਦਾਨ' ਦਿੱਤਾ ਹੈ। ਜਿਸ ਦੀ ਆਭਾ ਵਕਤ ਦੇ ਬੀਤਣ ਨਾਲ ਸਗੋਂ ਹੋਰ ਵਧੇਰੇ ਚਮਕੇਗੀ ਅਤੇ ਆਉਣ ਵਾਲੀਆਂ ਸਿੱਖ-ਪੀੜ੍ਹੀਆਂ ਉਸ ਤੇ ਰਸ਼ਕ ਕਰ ਸਕਣਗੀਆਂ ਅਤੇ ਇਸ ਚਾਨਣ-ਮੁਨਾਰੇ ਤੋਂ ਪ੍ਰੇਰਨਾ ਦਾ ਚਾਨਣ ਲੈ ਸਕਣਗੀਆਂ।

ਗਿਆਨੀ ਕਰਤਾਰ ਸਿੰਘ ਨੂੰ ਪੰਜਾਬ ਦੇ ਜ਼ਿਹਨੀ-ਨੈਪੋਲੀਅਨ ਵਜੋਂ ਹਮੇਸ਼ਾ ਲਈ ਆਉਣ ਵਾਲੇ ਸਮੇਂ ਵਿਚ ਯਾਦ ਕੀਤਾ ਜਾਂਦਾ ਰਹੇਗਾ। ਜੋ ਥਾਂ ਸਾਢੇ ਪੰਜ ਫੁੱਟ ਕੱਦ ਦੇ ਨੈਪੋਲੀਅਨ ਦੀ ਉਸਦੀ ਦ੍ਰਿੜ੍ਹ ਇੱਛਾ-ਸ਼ਕਤੀ (Will Power) ਲਈ ਸੰਸਾਰ ਵਿਚ ਹੈ, ਉਹੀ ਥਾਂ ਬੁਧੀਮਾਨਤਾ (Intelligence) ਦੇ ਖੇਤਰ ਵਿਚ ਸਿੱਖ ਕੌਮ ਵਿਚ ਗਿਆਨੀ ਕਰਤਾਰ ਸਿੰਘ ਦੀ ਹੈ। ਗਿਆਨੀ ਕਰਤਾਰ ਸਿੰਘ ਸਹੀ ਅਰਥਾਂ ਵਿਚ ਬੁੱਧੀਮਾਨਤਾ ਦੇ ਪੱਖੋਂ ਸਿੱਖ ਕੌਮ ਦਾ ਨੈਪੋਲੀਅਨ ਸੀ। ਇਸੇ ਸਦਕਾ ਹੀ ਉਸਨੂੰ ਸਿੱਖ ਕੌਮ ਦਾ ਦਿਮਾਗ਼ ਕਿਹਾ ਜਾਂਦਾ ਰਿਹਾ ਹੈ। ਭਾਵੇਂ ਸਿੱਖਾਂ ਦੇ ਹੋਰ ਵੀ ਮਹਾਨ ਲੀਡਰ ਹੋ ਗੁਜ਼ਰੇ ਹਨ, ਪਰੰਤੂ ਆਉਣ ਵਾਲਾ ਸਮਾਂ ਇਸ ਗੱਲ ਦਾ ਨਿਰਣਾ ਕਰੇਗਾ ਕਿ ਸਿੱਖ ਕੌਮ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਪਿਛੋਂ ਕੌਮੀ ਅਤੇ ਰਾਜਨੀਤਕ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਗਿਆਨੀ ਕਰਤਾਰ ਸਿੰਘ ਹੀ ਇਕੋ ਇਕ ਸਪਸ਼ਟ ਤੇ ਠੰਢੇ ਦਿਮਾਗ਼ ਵਾਲਾ ਨੇਤਾ ਸੀ। ਗਿਆਨੀ ਕਰਤਾਰ ਸਿੰਘ 1940 ਤੋਂ 1960 ਤੱਕ ਦੇ ਸਮੇਂ ਦੀ ਸਿੱਖ ਸਿਆਸਤ ਵਿਚ ਪੁਤਲੀਆਂ ਨਚਾਉਣ ਵਾਲਾ ਜਾਦੂਗਰ ਸੀ ਅਤੇ ਉਕਤ ਅਰਸੇ ਦੇ ਦੌਰਾਨ ਸਿੱਖ ਸਿਆਸਤ ਦੀ ਗੱਡੀ ਦਾ ਸਟੇਰਿੰਗ ਹਮੇਸ਼ਾ ਉਸਦੇ ਹੱਥ ਵਿਚ ਹੀ ਰਿਹਾ। ਇਸ ਸਮੇਂ ਦੇ ਵਿਚਕਾਰ ਪੰਜਾਬ ਦੇ ਰਾਜਸੀ ਮੰਚ ਤੇ ਜੋ ਵੀ ਨਾਟਕ ਪ੍ਰਸਤੁਤ

ਹੋਇਆ ਉਸ ਵਿਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਗਿਆਨੀ ਜੀ ਦਾ ਦਿਮਾਗ਼ ਹੀ ਕੰਮ ਕਰਦਾ ਸੀ।

ਪੰਥ ਦੇ ਇਸ ਮਹਾਨ ਫਿਲਾਸਫ਼ਰ ਦਾ ਜਨਮ ਵੀਹਵੀਂ ਸਦੀ ਦੇ ਆਰੰਭ ਵਿਚ ਚੱਕ ਨੰਬਰ 40, ਤਹਿਸੀਲ ਟੋਭਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ ਵਿਚ ਇਕ ਸਾਧਾਰਨ ਕਿਸਾਨ ਸਰਦਾਰ ਭਗਤ ਸਿੰਘ ਦੇ ਘਰ ਸੰਨ 1902 ਵਿਚ ਹੋਇਆ। ਦੇਸ਼ ਦੀ ਆਜ਼ਾਦੀ ਦੀ ਤੜਪ ਅਤੇ ਕੌਮ ਦੇ ਦਰਦ ਨੇ ਕਾਲਜ ਵਿਚੋਂ ਉਹਨਾਂ ਨੂੰ ਸਿਆਸਤ ਦੇ ਮੈਦਾਨ ਵਿਚ ਲੈ ਆਂਦਾ ਅਤੇ ਇਸ ਤੋਂ ਪਿੱਛੋਂ ਉਹਨਾਂ ਦਾ ਜੀਵਨ ਇਕ ਲੰਬੇ ਸਿਆਸੀ ਸੰਗਰਾਮ ਵਿਚ ਬਦਲ ਗਿਆ। ਸੰਨ 1937 ਤੋਂ 1967 ਤੀਕਰ 30 ਸਾਲ ਨਿਰੰਤਰ ਉਹ ਪੰਜਾਬ ਦੀ ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ ਦੇ ਮੈਂਬਰ ਰਹੇ ਅਤੇ ਪੰਜ ਵਾਰ ਡਾਕਟਰ ਗੋਪੀ ਚੰਦ ਭਾਰਗੋ, ਸ੍ਰੀ ਭੀਮਸੈਨ ਸੱਚਰ ਅਤੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀਆਂ ਵਜ਼ਾਰਤਾਂ ਵਿਚ ਸੀਨੀਅਰ ਵਜ਼ੀਰ ਰਹੇ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਪ੍ਰਧਾਨ ਰਹਿਣ ਦੇ ਨਾਲ ਨਾਲ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਰਹੇ। ਇੱਥੇ ਹੀ ਬਸ ਨਹੀਂ ਭਾਰਤ ਦੀ ਸੰਵਿਧਾਨ ਸਭਾ ਦੇ ਮੈਂਬਰ ਬਣਨ ਦਾ ਸੁਭਾਗ ਵੀ ਉਹਨਾਂ ਨੂੰ ਪ੍ਰਾਪਤ ਹੋਇਆ। ਪੰਜਾਬੀ ਸੂਬੇ ਦੇ ਹੋਂਦ ਵਿਚ ਆਉਣ ਉਪਰੰਤ ਬਾਦਲ ਸਰਕਾਰ ਨੇ ਉਹਨਾਂ ਨੂੰ ਪੰਜਾਬ ਹਦਬੰਦੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ।

ਗਿਆਨੀ ਜੀ ਸਹੀ ਅਰਥਾਂ ਵਿਚ ਨਵੇਂ ਪੰਜਾਬ ਦੇ ਬਾਨੀ ਕਹੇ ਜਾ ਸਕਦੇ ਹਨ। ਸਭ ਤੋਂ ਪਹਿਲਾਂ ਆਜ਼ਾਦ-ਪੰਜਾਬ ਸਕੀਮ ਦੀ ਸਿਰਜਣਾ ਵੀ ਉਹਨਾਂ ਨੇ ਹੀ ਕੀਤੀ ਜਿਸ ਅਨੁਸਾਰ ਪੰਜਾਬ ਦੀ ਹੱਦ ਝਨਾਂ ਦਾ ਕਿਨਾਰਾ ਬਣਦੀ ਸੀ। ਪਰੰਤੂ ਇਹ ਸਮੇਂ ਦੀ ਸਿਤਮ-ਜ਼ਰੀਫੀ ਸੀ ਜਾਂ ਪੰਜਾਬੀਆਂ ਦੀ ਬਦਕਿਸਮਤੀ ਕਿ ਇਹ ਸਕੀਮ ਤੋੜ ਨਾ ਚੜ੍ਹ ਸਕੀ ਨਹੀਂ ਤਾਂ ਪੰਜਾਬੀਆਂ ਨੂੰ ਸੂਬੇ ਦੀਆਂ ਅਜੋਕੀਆਂ ਸੌੜੀਆਂ ਹੱਦਾਂ ਦਾ ਸ਼ਿਕਵਾ ਕਦੇ ਨਾ ਹੁੰਦਾ। ਕੌਮ ਲਈ ਇਹ ਇਕ ਮੌਕਾ ਖੁੰਝ ਜਾਣ ਮਗਰੋਂ ਗਿਆਨੀ ਜੀ ਨੇ ਰਿਜ਼ਨਲ ਫਾਰਮੂਲਾ ਸਿਰਜਿਆ ਜਿਸ ਨਾਲ ਅਸਿੱਧੇ ਤੌਰ 'ਤੇ ਪੰਜਾਬੀ ਸੂਬੇ ਦੇ ਬੀਜ ਬੀਜ ਦਿੱਤੇ ਗਏ ਸਨ, ਜਿਸ ਨੇ ਸਮਾਂ ਪਾ ਕੇ ਇਕ ਘਣਛਾਵਾਂ ਰੁੱਖ ਬਣ ਜਾਣਾ ਸੀ। ਉਸ ਸਮੇਂ ਉਹਨਾਂ ਰਿਜ਼ਨਲ ਫਾਰਮੂਲੇ ਨੂੰ 'ਪੰਜਾਬੀ ਸੂਬੇ ਦਾ ਸ਼ਗਨ' ਗ਼ਰਦਾਨਿਆ ਸੀ।

ਪੰਜਾਬੀ ਸੂਬੇ ਦੇ ਹੋਂਦ ਵਿਚ ਆਉਣ ਉਪਰੰਤ ਪੰਜਾਬੋਂ ਬਾਹਰ ਰਹੇ ਪੰਜਾਬੀ ਇਲਾਕਿਆਂ ਦਾ ਦੁੱਖ ਗਿਆਨੀ ਜੀ ਵਰਗੇ ਸੱਚੇ ਪੰਜਾਬੀ ਨੂੰ ਹੋਣਾ ਸੁਭਾਵਿਕ ਹੀ ਸੀ। ਬਾਵਜੂਦ ਆਪਣੇ ਅਤਿ ਬੁਢਾਪੇ ਅਤੇ ਲੰਬੀ ਬੀਮਾਰੀ ਦੇ ਉਹਨਾਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਪੇਸ਼ਕਸ਼ ਨੂੰ ਪ੍ਰਵਾਨ ਕਰਦਿਆਂ ਪੰਜਾਬ ਬਾਊਂਡਰੀ ਕਮਿਸ਼ਨ ਦੇ ਚੇਅਰਮੈਨ ਬਣਨਾ ਸਵੀਕਾਰ ਕੀਤਾ ਅਤੇ ਬੀਮਾਰੀ ਦੀ ਹਾਲਤ ਵਿਚ ਵੀ



ਉਹ ਪੰਜਾਬੋਂ ਬਾਹਰਲੇ ਪੰਜਾਬੀ ਪਿੰਡਾਂ ਵਿਚ ਅੰਕੜੇ ਇਕੱਠੇ ਕਰਦੇ ਪਿੰਡੋ-ਪਿੰਡ ਫਿਰਦੇ ਰਹੇ।

ਸਿੱਖਾਂ ਦੇ ਧਾਰਮਿਕ ਮੁਆਮਲਿਆਂ ਦੀ ਸਵਤੰਤਰਤਾ ਲਈ ਉਹਨਾਂ ਵੱਲੋਂ ਗੁਰਦੁਆਰਾ ਐਕਟ ਵਿਚ ਕਰਵਾਈਆਂ ਗਈਆਂ ਤਰਮੀਮਾਂ ਨੂੰ ਆਉਣ ਵਾਲਾ ਸਿੱਖ ਇਤਿਹਾਸ ਕਦਾਚਿਤ ਨਹੀਂ ਭੁਲਾ ਸਕੇਗਾ। ਇਹਨਾਂ ਤਰਮੀਮਾਂ ਲਈ ਗਿਆਨੀ ਜੀ ਕਿਸ ਤਰ੍ਹਾਂ ਨਾਟਕੀ ਢੰਗ ਨਾਲ ਕਾਂਗਰਸ ਵਿਚ ਜਾਂਦੇ ਰਹੇ ਤੇ ਇਹ ਸਕੀਮਾਂ ਕਿਵੇਂ ਸਿਰੇ ਚਾੜ੍ਹੀਆਂ, ਉਹਨਾਂ ਦੀ ਇਸ ਚਤੁਰ ਤੇ ਪਿਆਰੀ ਖੇਡ ਨੂੰ ਉਹਨਾਂ ਦੇ ਪੁਰਾਣੇ ਅਤੇ ਸੁਲਝੇ ਸਾਥੀ ਹੀ ਜਾਣ ਸਕਦੇ ਹਨ ਭਾਵੇਂ ਕਿ ਕੁਝ ਸੁਆਰਥੀ ਲੀਡਰ ਉਨ੍ਹਾਂ ਦੇ ਇਹਨਾਂ ਸਿਆਣੇ ਦਾਅਪੇਚਾਂ ਨੂੰ ਸਮਝਦੇ ਹੋਏ ਵੀ ਆਪਣੇ ਹਿਤਾਂ ਦੀ ਸਿੱਧੀ ਲਈ ਵਰਤ ਕੇ ਅਤੇ ਜਨਤਾ ਨੂੰ ਗੁੰਮਰਾਹ ਕਰਕੇ ਗਿਆਨੀ ਜੀ ਨੂੰ 'ਗ਼ਦਾਰੇ-ਆਜ਼ਮ' ਅਤੇ 'ਪੈਂਤੜੇਬਾਜ਼' ਸਿੱਧ ਕਰਦੇ ਰਹੇ ਹਨ ਜਿਸ ਕਾਰਨ ਬਹੁਤ ਸਾਰੇ ਭੁੱਲੜ ਪੰਜਾਬੀ ਕਈ ਵਾਰ ਗਿਆਨੀ ਜੀ ਨੂੰ ਬੁਰੇ ਭਲੇ ਤੱਕ ਵੀ ਕਹਿੰਦੇ ਰਹੇ ਹਨ। ਪਰੰਤੂ ਆਪਣੀ ਧੁਨ ਵਿਚ ਮਸਤ ਗਿਆਨੀ ਜੀ ਹਾਥੀ ਦੀ ਚਾਲ ਤੁਰਦੇ ਰਹਿੰਦੇ ਸਨ ਤੇ ਉਹਨਾਂ ਦੇ ਵਿਰੋਧੀ, ਸੁਆਰਥੀ ਲੀਡਰ ਆਪਣਾ ਕੰਮ ਕਰੀ ਜਾਂਦੇ। ਉਹ ਆਪਣੀ ਬੇਇੱਜ਼ਤੀ ਅਤੇ ਬਦਨਾਮੀ ਝੱਲ ਕੇ ਵੀ ਪੰਜਾਬੀ ਦੀ ਬਿਹਤਰੀ ਲਈ ਪ੍ਰਯਤਨਸ਼ੀਲ ਰਹਿੰਦੇ ਸਨ। ਗਿਆਨੀ ਕਰਤਾਰ ਸਿੰਘ ਨੇ ਆਪਣੀਆਂ ਇਹਨਾਂ ਪੈਂਤੜੇਬਾਜ਼ੀਆਂ ਵਿਚੋਂ ਆਪਣੇ ਲਈ ਕੀ ਖੱਟਿਆ ਅਤੇ ਪੰਜਾਬ ਲਈ ਕੀ ਖਟ ਕੇ ਲਿਆਂਦਾ, ਇਤਿਹਾਸ ਇਸ ਦਾ ਵਿਸ਼ਲੇਸ਼ਣ ਕਰੇਗਾ।

ਪੰਜਾਬੀ ਭਾਸ਼ਾ ਤੇ ਸਭਿਆਚਾਰ ਲਈ ਮਹਾਨ ਕਾਰਨਾਮੇ ਕਰਨ ਦੇ ਨਾਲ-ਨਾਲ ਗਿਆਨੀ ਜੀ ਦੇ ਦਿਮਾਗ਼ ਨੇ ਆਗਾਮੀ ਭਵਿੱਖ ਦੇ ਪੰਜਾਬ ਦੀ ਪ੍ਰਗਤੀ ਅਤੇ ਖੁਸ਼ਹਾਲੀ ਲਈ ਕਈ ਸਕੀਮਾਂ ਦੀ ਦੇਣ ਦਿੱਤੀ। ਪੰਜਾਬ ਵਿਚ ਹੜ੍ਹਾਂ ਦੇ ਆਉਣ ਅਤੇ ਇੱਥੋਂ ਦੀ ਜ਼ਮੀਨ ਦੇ ਬੰਜਰ ਹੋਣ ਦੇ ਸਦਾ ਬਣੇ ਤੌਖਲੇ ਦੇ ਸਥਾਈ ਇਲਾਜ ਲਈ ਸੇਮ ਨਾਲੀਆਂ ਦੇ ਖੁਦਵਾਣ ਦੀ ਸਕੀਮ ਗਿਆਨੀ ਜੀ ਨੇ ਹੀ ਪੰਜਾਬ 'ਚ ਲਿਆਂਦੀ ਸੀ।

ਹੋਰ ਤਾਂ ਹੋਰ, ਜਦੋਂ ਪੰਜਾਬ 'ਚ ਐਗਰੀਕਲਚਰ ਕਾਲਜ ਦੇ ਬਨਾਉਣ ਲਈ ਸਕੀਮਾਂ ਬਣਨ ਲੱਗੀਆਂ ਤਾਂ ਇਹ ਗਿਆਨੀ ਜੀ ਦੀ ਦੂਰ-ਦ੍ਰਿਸ਼ਟਤਾ ਹੀ ਸੀ ਕਿ ਉਹਨਾਂ ਇਸਦੇ ਲੁਧਿਆਣੇ ਬਣਾਏ ਜਾਣ ਲਈ ਜ਼ੋਰ ਦਿੱਤਾ ਅਤੇ ਮਗਰੋਂ ਇਹੀ ਕਾਲਜ ਇਕ ਵਿਸ਼ਾਲ ਜ਼ਰਾਇਤੀ ਯੂਨੀਵਰਸਿਟੀ ਵਿਚ ਬਦਲਿਆ ਜੋ ਆਉਣ ਵਾਲੇ ਪੰਜਾਬ ਦੀ ਕਿਸਮਤ ਬਨਾਉਣ ਵਿਚ ਇਕ ਕਾਰਾਗਰ ਸਾਧਨ ਸਾਬਤ ਹੋਵੇਗਾ।

ਗਿਆਨੀ ਜੀ ਜਿੱਥੇ ਸਿੱਖ ਕੌਮ ਦੇ ਸਨਮਾਨ ਅਤੇ ਇੱਜ਼ਤ ਲਈ ਇਕ ਲੰਬਾ ਅਰਸਾ ਜੂਝਦੇ ਰਹੇ ਉਥੇ ਸ਼ੈਡੂਲਡ ਕਾਸਟ ਸਿੱਖਾਂ ਨੂੰ ਵਰਗਲਾਏ ਜਾਣ ਦੀਆਂ

ਹਰਕਤਾਂ ਨੂੰ ਭਾਂਪਦਿਆਂ ਹੋਇਆਂ ਉਹ ਉਹਨਾਂ ਦੇ ਹੱਕਾਂ ਅਤੇ ਰਿਆਇਤਾਂ ਲਈ ਸਿੱਖਾਂ ਵੱਲੋਂ ਅੱਗੇ ਹੋ ਕੇ ਲੜਦੇ ਰਹੇ।

ਬਟਵਾਰੇ ਸਮੇਂ ਹਿੰਦੂ-ਸਿੱਖ ਸ਼ਰਨਾਰਥੀਆਂ ਦੇ ਕਾਫ਼ਲਿਆਂ ਨੂੰ ਉਨ੍ਹਾਂ ਭਾਰਤ ਵਿਚ ਕਿਵੇਂ ਸੁਰੱਖਿਅਤ ਲਿਆਂਦਾ, ਇਹ ਉਹਨਾਂ ਦੇ ਹੌਂਸਲੇ, ਦ੍ਰਿੜ੍ਹਤਾ ਅਤੇ ਮਾਨਵ-ਹਿਤੈਸ਼ੀ ਕਾਰਨਾਮਿਆਂ ਦੇ ਇਤਿਹਾਸ ਦਾ ਇਕ ਜਿਉਂਦਾ-ਜਾਗਦਾ ਕਾਂਡ ਹੈ।

ਸਿੱਖ-ਸਿਆਸਤ ਵਿਚ ਜਿੱਥੇ ਮਾਸਟਰ ਤਾਰਾ ਸਿੰਘ ਨੂੰ 'King maker' ਕਿਹਾ ਜਾਂਦਾ ਰਿਹਾ ਹੈ, ਉਥੇ ਮਾਸਟਰ ਜੀ ਦੇ ਕਈ ਸਾਥੀਆਂ ਨੂੰ ਪੰਡਿਤ ਨਹਿਰੂ ਵਾਂਗ ਉਹਨਾਂ ਤੇ ਇਕ ਸ਼ਿਕਵਾ ਜ਼ਰੂਰ ਰਿਹਾ ਹੈ। ਉਹ ਇਹ ਕਿ ਮਾਸਟਰ ਜੀ ਆਪਣੇ ਸਮੇਂ ਕਿਸੇ ਲੀਡਰ ਨੂੰ ਇਤਨਾ ਬੜ੍ਹਾਵਾ ਨਹੀਂ ਸਨ ਦਿੰਦੇ ਕਿ ਕੋਈ ਉਹਨਾਂ ਦਾ ਬਣਾਇਆ ਲੀਡਰ ਉਨ੍ਹਾਂ ਦੇ ਬਰਾਬਰ ਜਾਂ ਉਹਨਾਂ ਤੋਂ ਅੱਗੇ ਜਾ ਖੜ੍ਹਾ ਹੋਵੇ। ਪ੍ਰੰਤੂ ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਗਿਆਨੀ ਕਰਤਾਰ ਸਿੰਘ ਸਿੱਖ ਸਿਆਸਤ ਦੇ ਦਾਇਰੇ ਦਾ ਉਹ 'Leader Maker' ਸਿਆਸਤਦਾਨ ਸੀ ਜਿਸ ਨੇ ਅਣਗਿਣਤ ਨੌਜਵਾਨਾਂ ਨੂੰ ਸਿਆਸਤ ਦੇ ਦਾਅ-ਪੇਚਾਂ ਦੀ ਟ੍ਰੇਨਿੰਗ ਦੇ ਕੇ ਸਿਆਸਤ ਦੇ ਅਖਾੜੇ ਵਿਚ ਲਿਆਂਦਾ। ਗਿਆਨੀ ਕਰਤਾਰ ਸਿੰਘ ਸਿੱਖ ਸਿਆਸਤ ਦਾ ਉਹ ਸੁਯੋਗ ਇੰਸਟਰੱਕਟਰ ਸੀ ਜਿਸ ਦੇ ਸਿਧਾਏ ਅਤੇ ਸਿਖਾਏ ਲੀਡਰ ਅੱਜ ਪੰਜਾਬ ਦੀ ਹਰ ਪਾਰਟੀ ਦੀ ਮੋਹਰਲੀ ਕਤਾਰ ਵਿਚ ਹਨ।

ਮੌਲਾਨਾ ਅਬੁਲ ਕਲਾਮ ਅਜ਼ਾਦ ਦੀ ਵਿਸ਼ੇਸ਼ਤਾ ਹਿੰਦੁਸਤਾਨ ਦੀ ਸਿਆਸਤ ਵਿਚ ਇਹ ਰਹੀ ਹੈ ਕਿ ਮਰਨ ਸਮੇਂ ਉਹਨਾਂ ਪੱਲੇ ਇਕ ਪਾਈ ਵੀ ਬੈਂਕ ਬੈਲੈਂਸ ਨਹੀਂ ਸੀ ਪ੍ਰੰਤੂ ਗਿਆਨੀ ਕਰਤਾਰ ਸਿੰਘ ਜੀ ਦੇ ਜੀਵਨ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਬਿਨਾਂ ਸ਼ੱਕ ਅਸੀਂ ਉਹਨਾਂ ਨੂੰ ਇਸ ਪੱਖੋਂ ਮੌਲਾਨਾ ਜੀ ਤੋਂ ਵੀ ਦੋ ਕਦਮ ਅਗੇਰੇ ਹੀ ਵੇਖਦੇ ਹਾਂ। ਇਹ ਗੱਲ ਕਿਸੇ ਤੋਂ ਗੁੱਝੀ ਛਿਪੀ ਨਹੀਂ ਕਿ ਪੰਜ ਵਾਰੀ ਵਜ਼ੀਰੀ ਪ੍ਰਾਪਤ ਕਰਨ ਅਤੇ ਕੌਮ ਦੇ ਹੋਰ ਉੱਚੇ ਅਹੁਦਿਆਂ ਤੇ ਬਿਰਾਜਣ ਦੇ ਨਾਲ ਨਾਲ ਕਿੰਨੀਆਂ ਹੀ ਚੋਣਾਂ ਵਿਚ ਅਕਾਲੀ ਪਾਰਟੀ ਦਾ ਆਰਥਿਕ ਪ੍ਰਬੰਧ ਉਹਨਾਂ ਦੇ ਪਾਸ ਰਿਹਾ ਪ੍ਰੰਤੂ ਮਾਇਆ ਦੇ ਪੱਖੋਂ ਉਹ ਸਾਰੀ ਜ਼ਿੰਦਗੀ ਨਿਰਲੇਪ ਹੀ ਰਹੇ। ਉਹਨਾਂ ਦੀ ਜੇਬ ਮਾਨੋ ਇਕ 'ਕੌਮੀ ਬੈਂਕ' ਸੀ ਜਿਸ ਵਿਚ ਸ਼ਰਧਾਲੂ ਆਪਣੇ ਆਪ ਪੈਸੇ ਪਾ ਜਾਂਦੇ ਸਨ ਤੇ ਗਿਆਨੀ ਜੀ ਅਗਲੇ ਪਲ ਆਪਣੇ ਹੱਥਾਂ ਨਾਲ ਇਹ ਮਾਇਆ ਲੋੜਵੰਦਾਂ ਦੀ ਝੋਲੀ ਪਾ ਦੇਂਦੇ। ਉਹ ਸਹੀ ਅਰਥਾਂ ਵਿਚ 'ਰਾਜ-ਜੋਗੀ' ਸਨ ਜਿਨ੍ਹਾਂ ਨੇ ਆਪਣੀ ਕੋਈ ਜਾਇਦਾਦ ਜਾਂ ਘਰ-ਘਾਟ ਨਹੀਂ ਬਣਾਇਆ। ਉਹ ਸਾਰੀ ਜ਼ਿੰਦਗੀ ਕਿਸੇ ਸ਼ਰਧਾਲੂ ਵੱਲੋਂ ਦਿੱਤੀ ਗਈ ਕਿਸੇ ਨਾ ਕਿਸੇ ਗੱਡੀ ਵਿਚ ਰਹੇ (ਅਤੇ ਉਹ ਵੀ ਲੋੜਵੰਦ ਦੋਸਤਾਂ ਲਈ ਕਈ ਵੇਰਾਂ ਵੇਚੀ ਤੇ ਪਿਛੋਂ ਕੋਈ ਹੋਰ ਸ਼ਰਧਾਲੂ ਹੋਰ ਦੇ ਜਾਂਦਾ) ਅਤੇ ਅੰਤ ਉਹ ਹਸਪਤਾਲ ਦੇ ਕਮਰੇ ਵਿਚ ਪੂਰੇ ਹੋਏ।



ਉਨ੍ਹਾਂ ਦੇ ਨਿਕਟਵਰਤੀ ਜਾਣਦੇ ਹਨ ਕਿ ਵਿਰਸੇ ਵਿਚ ਮਿਲੀ ਥੋੜ੍ਹੀ ਜਿਹੀ ਜ਼ਮੀਨ ਵੀ ਉਹਨਾਂ ਅੰਤਲੇ ਦਿਨੀਂ ਆਪਣੀ ਬੀਮਾਰੀ ਦੇ ਇਲਾਜ ਲਈ ਵੇਚ ਦਿੱਤੀ।

ਗਿਆਨੀ ਜੀ ਲੋਕ-ਸੇਵਕ ਹੋਣ ਦੇ ਨਾਲ-ਨਾਲ ਇਕ ਨਿੱਘੇ ਅਤੇ ਹਮਦਰਦ ਹਿਰਦੇ ਵਾਲੇ, ਮਿੱਤਰਾਂ ਦੇ ਮਹਿਬੂਬ-ਮਿੱਤਰ ਸਨ। ਜਿੱਥੇ ਆਪਣਾ ਸਾਰਾ ਜੀਵਨ ਉਹਨਾਂ ਲੋਕਾਂ ਦੀ ਸੇਵਾ ਲਈ ਅਰਪਣ ਕਰ ਦਿੱਤਾ ਅਤੇ ਇਸ ਕਾਰਜ ਲਈ ਅਨੇਕ ਥਾਵਾਂ-ਸੰਸਥਾਵਾਂ ਦਾ ਨਿਰਮਾਣ ਕੀਤਾ, ਉਥੇ ਉਹਨਾਂ ਦਾ ਲੋਕ-ਹਿਤਕਾਰੀ ਅਤੇ ਹਮਦਰਦ ਹਿਰਦਾ ਕਿਸੇ ਪਰੀਚਯ ਦਾ ਮੁਥਾਜ ਨਹੀਂ। ਕੌਣ ਭੁਲਾ ਸਕਦਾ ਹੈ ਗਿਆਨੀ ਜੀ ਦੇ ਵਜ਼ੀਰ ਹੋਣ ਦਾ ਜ਼ਮਾਨਾ ਜਦੋਂ ਉਹਨਾਂ ਦੀ ਸਰਕਾਰੀ ਕੋਠੀ ਰਾਤ ਨੂੰ ਇਕ ਸਰਾਂ ਜਾਂ ਸਿੰਘਾਂ ਦੀ ਛਾਉਣੀ ਵਿਚ ਬਦਲ ਜਾਂਦੀ ਅਤੇ ਅੱਧੀ-ਅੱਧੀ ਰਾਤ ਤੀਕ ਪਰਸ਼ਾਦਾ-ਦਾਲ਼ਾ ਵਰਤਦਾ ਰਹਿੰਦਾ ਤੇ ਸਦਾ-ਵਰਤ ਲੰਗਰ ਲਗਾ ਰਹਿੰਦਾ। ਕਈਆਂ ਨੂੰ ਕੰਮ ਤਾਂ ਕਿਸੇ ਹੋਰ ਵਜ਼ੀਰ ਪਾਸ ਹੁੰਦਾ ਪਰ ਰਾਤ ਨੂੰ ਲੰਗਰ-ਪਾਣੀ ਅਤੇ ਰਿਹਾਇਸ਼ ਉਹਨਾਂ ਦੀ ਗਿਆਨੀ ਜੀ ਦੇ ਡੇਰੇ ਹੁੰਦੀ। ਕਈ ਵੇਰ ਪੰਜਾਬ ਦਾ ਇਹ 'ਰਾਜ-ਜੋਗੀ' ਅਤੇ ਮਸਤ-ਮਲੰਗ ਕੋਠੀ ਦੇ ਲਾਅਨ ਵਿਚ ਆਪਣੇ ਪ੍ਰਸ਼ੰਸਕਾਂ, ਮਿੱਤਰਾਂ ਵਿਚ ਨਿੱਕੇ-ਨਿੱਕੇ ਭਾਵਪੂਰਤ ਮਿਸਾਲਾਂ ਵਾਲੇ ਚੁਟਕਲੇ ਸੁਣਾਉਂਦਾ ਸੁਣਾਉਂਦਾ ਘੁਰਾੜਿਆਂ ਵਾਲੀ ਨੀਂਦਰ ਵਿਚ ਗੁਆਚ ਜਾਂਦਾ ਤੇ ਸਵੇਰੇ ਜਦੋਂ ਉਸਦੇ ਮਹਿਮਾਨ ਸੁੱਤੇ ਉਠਦੇ ਤਾਂ ਉਹ ਪੰਜਾਬ ਦੇ ਕਿਸੇ ਕੋਨੇ ਕਿਸੇ ਪਿੰਡ ਦੇ ਨਜ਼ਦੀਕ ਪਹੁੰਚਣ ਵਾਲਾ ਹੁੰਦਾ।

ਮਿੱਤਰਾਂ ਦੇ ਇਸ ਮਿੱਤਰ ਨੇ ਕਿੰਨੇ ਹੀ ਨੌਜਵਾਨਾਂ ਦੇ ਸਿਰ 'ਤੇ ਹਮਦਰਦੀ ਅਤੇ ਪਿਆਰ ਭਰਿਆ ਆਪਣਾ ਜਾਦੂਗਰ-ਹੱਥ ਰੱਖਿਆ ਕਿ ਉਹ ਉਸ ਦੇ ਵਿਹੰਦਿਆਂ ਵਿਹੰਦਿਆਂ ਹੀ ਵੱਡੇ-ਵੱਡੇ ਨੀਤੀਵੇਤਾ, ਰਾਜਦੂਤ, ਜੱਜ, ਪੁਲਿਸ ਅਫ਼ਸਰ ਅਤੇ ਉੱਚੇ ਤੋਂ ਉੱਚੇ ਅਹੁਦਿਆਂ ਤੀਕਰ ਜਾ ਪਹੁੰਚੇ। ਗਿਆਨੀ ਜੀ ਨੇ ਆਪਣੇ ਪੁੱਤਰਾਂ-ਮਿੱਤਰਾਂ ਦੀ ਪਿਆਰ ਨਾਲ, ਪੈਸੇ ਨਾਲ ਅਤੇ ਹਰ ਤਰ੍ਹਾਂ ਨਾਲ ਮਦਦ ਕੀਤੀ ਪਰ ਆਪ ਉਹਨਾਂ ਦੀ ਹਮਦਰਦੀ ਦੇ ਪਾਤਰ ਨਹੀਂ ਬਣੇ। ਇਹ ਵੱਖਰੀ ਗੱਲ ਹੈ ਕਿ ਉਹਨਾਂ ਦੇ ਜ਼ਿਆਦਾਤਰ ਮਿੱਤਰਾਂ ਨੇ ਵੀ ਆਪਣੇ ਫਰਜ਼ ਨੂੰ ਪਛਾਣਿਆਂ ਅਤੇ ਗਿਆਨੀ ਜੀ ਦੀ ਹਰ ਜ਼ਰੂਰਤ ਨੂੰ ਆਪਣੀ ਸਮਝ ਕੇ ਪੂਰਿਆਂ ਕੀਤਾ। ਇਸ ਸਬੰਧ ਵਿਚ ਸਾਡੇ ਸਭਨਾਂ ਤੋਂ ਉੱਪਰ ਉਹਨਾਂ ਦੇ ਨਿੱਜੀ ਸਹਾਇਕ ਸਰਦਾਰ ਹਰਚਰਨ ਸਿੰਘ ਦੀ ਸੇਵਾ ਕਦਾਚਿਤ ਨਹੀਂ ਭੁਲਾਈ ਜਾ ਸਕੇਗੀ ਜਿਨ੍ਹਾਂ ਲੰਬੀ ਬਿਮਾਰੀ ਦੀ ਹਾਲਤ ਵਿਚ ਉਹਨਾਂ ਦੀ ਦਿਨ ਰਾਤ ਸੇਵਾ ਕੀਤੀ।

ਦਰਵੇਸ਼ ਗਿਆਨੀ ਕਰਤਾਰ ਸਿੰਘ ਦੀ ਸ਼ਖਸੀਅਤ ਅਜੋਕੇ ਭ੍ਰਿਸ਼ਟਾਚਾਰੀ ਯੁਗ ਵਿਚ ਦੁਨੀਆਂ ਭਰ ਦੇ ਸਿਆਸਤਦਾਨਾਂ ਲਈ ਇਕ ਪ੍ਰਕਾਸ਼-ਸਤੰਭ ਦੀ ਅਹਿਮੀਅਤ ਰਖਦੀ ਹੈ। ਉਹਨਾਂ ਦੇ ਨਿਰਸੁਆਰਥ ਨਿਸ਼ਕਪਟ ਅਣਥੱਕ ਅਤੇ ਸਾਦਗੀ-ਭਰਪੂਰ ਜੀਵਨ ਤੋਂ ਪ੍ਰੇਰਨਾ ਲੈ ਕੇ ਕੋਈ ਵੀ ਸਿਆਸਤਦਾਨ ਦੇਸ਼ ਅਤੇ

ਕੌਮ ਦੀ ਤਕਦੀਰ ਬਦਲ ਦੇਣ ਦੇ ਮਹਾਨ ਕਾਰਜ ਵਿਚ ਯੋਗਦਾਨ ਦੇ ਸਕਦਾ ਹੈ। ਬੇਸ਼ਕ 10 ਜੂਨ 74 ਨੂੰ ਪੰਜਾਬ ਦੀ ਪਾਵਨ ਧਰਤੀ 'ਤੇ ਉਸਰਿਆ ਇਹ ਪ੍ਰਕਾਸ਼-ਸਤੰਭ ਡਿੱਗ ਪਿਆ ਪ੍ਰੰਤੂ ਉਸ ਦੀਆਂ ਨੂਰਾਨੀ ਕਿਰਨਾਂ ਦਾ ਚਾਨਣ ਹਮੇਸ਼ਾ ਪੰਜਾਬ ਤੋਂ ਉੱਠ ਕੇ ਸੰਸਾਰ ਭਰ ਦੀ ਰਾਜਸੀ ਦੁਨੀਆਂ ਨੂੰ ਰੁਸ਼ਨਾਂਦਾ ਰਹੇਗਾ।

ਉਂਝ ਤਾਂ ਗਿਆਨੀ ਜੀ ਦੀਆਂ ਮਹਾਨ ਸੇਵਾਵਾਂ ਦਾ ਰਿਣ ਪੰਜਾਬ ਅਤੇ ਪੰਜਾਬੀ ਕਦੇ ਵੀ ਨਹੀਂ ਉਤਾਰ ਸਕਣਗੇ। ਪ੍ਰੰਤੂ ਪਿਛਲੇ ਤਿੰਨ ਸਾਲਾਂ ਵਿਚ ਉਹਨਾਂ ਦੀ ਲੰਬੀ ਬੀਮਾਰੀ ਨੂੰ ਸਾਹਵੇਂ ਰਖਦਿਆਂ ਹੋਇਆਂ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੈਨਸ਼ਨ ਲਾ ਕੇ ਅਤੇ ਸਰਕਾਰ ਨੇ ਉਨ੍ਹਾਂ ਨੂੰ ਮੁਫ਼ਤ ਡਾਕਟਰੀ ਸਹਾਇਤਾ ਦੇ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਖ਼ਬਰ ਹੈ ਕਿ ਸਰਕਾਰ ਨੇ ਗਿਆਨੀ ਜੀ ਦੀ ਅਣਥਕ ਮਿਹਨਤ ਨਾਲ ਹੋਂਦ ਵਿਚ ਆਏ ਸਰਕਾਰੀ ਕਾਲਜ ਟਾਂਡਾ ਦਾ ਨਾਂ ਉਹਨਾਂ ਦੇ ਨਾਂ 'ਤੇ ਰੱਖਣ ਦਾ ਫੈਸਲਾ ਕੀਤਾ ਹੈ। ਇਹ ਪ੍ਰਸੰਸਾ ਯੋਗ ਕਦਮ ਹੈ। ਪਰ ਏਨਾ ਹੀ ਕਾਫ਼ੀ ਨਹੀਂ। ਲੋੜ ਹੈ ਕਿ ਸਰਕਾਰ ਗਿਆਨੀ ਜੀ ਦੀ ਵਿਧਵਾ ਪਤਨੀ ਮਾਤਾ ਹਰਨਾਮ ਕੌਰ ਨੂੰ ਜੀਵਨ-ਨਿਰਬਾਹ ਲਈ ਆਜੀਵਨ ਪੈਨਸ਼ਨ ਲਾਵੇ। ਇਸ ਦੇ ਨਾਲ ਹੀ ਮੈਂ ਸ਼੍ਰੋਮਣੀ ਕਮੇਟੀ ਨੂੰ ਵੀ ਗੁਜ਼ਾਰਿਸ਼ ਕਰਾਂਗਾ ਕਿ ਉਹ ਕੇਂਦਰੀ ਅਜਾਇਬ ਘਰ ਵਿਚ ਗਿਆਨੀ ਕਰਤਾਰ ਸਿੰਘ ਜੀ ਦੀ ਫੋਟੋ ਲਾਵੇ ਅਤੇ ਇਸ ਦੇ ਨਾਲ ਹੀ ਗਿਆਨੀ ਜੀ ਦੇ ਸੰਗਰਾਮ-ਭਰਪੂਰ ਜੀਵਨ (ਜਿਸ ਦੇ ਸੰਕਲਪ ਲਈ ਗਿਆਨੀ ਜੀ ਨੇ ਇਹਨਾਂ ਸਤਰਾਂ ਦੇ ਲੇਖਕ ਨਾਲ ਕਈ ਵਾਰ ਵਿਚਾਰ ਕੀਤਾ ਸੀ ਪਰ ਕੁਝ ਲੇਖਕ ਦੇ ਰੁਝੇਵਿਆਂ ਅਤੇ ਸਮੇਂ ਤੰਗੀ ਅਤੇ ਕੁਝ ਅੰਤਲੇ ਸਮੇਂ ਗਿਆਨੀ ਜੀ ਦੀ ਬੀਮਾਰੀ ਕਾਰਨ ਡੁੱਬ ਚੁੱਕੀ ਯਾਦਾਸ਼ਤ ਕਾਰਨ ਬਦਕਿਸਮਤੀ ਨਾਲ ਅਜਿਹਾ ਨਾ ਹੋ ਸਕਿਆ) ਦੇ ਤੱਥਾਂ ਨੂੰ ਲੱਭਣ ਅਤੇ ਲਿਖਣ ਦਾ ਪ੍ਰਬੰਧ ਕਰੇ ਤਾਂ ਕਿ ਇਕ ਪੁਸਤਕ ਦੇ ਰੂਪ ਵਿਚ ਸਿੱਖ ਕੌਮ ਦੇ ਇਸ ਸਾਂਝੇ-ਵਿਰਸੇ ਨੂੰ ਸਾਂਭਿਆ ਜਾ ਸਕੇ ਅਤੇ ਆਉਣ ਵਾਲੀਆਂ ਪੀੜ੍ਹੀਆਂ, ਮਹਾਨ-ਤਿਆਗੀ, ਲਾਸਾਨੀ ਨੀਤੀਵੇਤਾ, ਪੰਜਾਬ ਅਤੇ ਪੰਜਾਬੀ ਦੇ ਨਿਸ਼ਕਾਮ-ਸੇਵਕ, ਕੌਮੀ ਫਕੀਰ ਅਤੇ ਦਰਵੇਸ਼-ਸਿਆਸਤਦਾਨ ਗਿਆਨੀ ਕਰਤਾਰ ਸਿੰਘ ਦੇ ਜੀਵਨ ਤੋਂ ਸੇਧ ਲੈ ਸਕਣ।

## ਮਸਤਾਨਗੀ ਦੀ ਸਿਖ਼ਰ

ਲੋਕ ਸੰਪਰਕ ਆਫ਼ੀਸਰਜ਼ ਦੀਆਂ ਪੰਜ ਅਸਾਮੀਆਂ 'ਟ੍ਰਿਬਿਊਨ' ਵਿਚ ਐਡਵਰਟਾਈਜ਼ ਹੋਈਆਂ ਸਨ। ਕੁਆਲੀਫੀਕੇਸ਼ਨਜ਼ ਦੇ ਪੈਮਾਨੇ 'ਤੇ ਮੈਂ ਪੂਰਾ ਉਤਰਦਾ ਸਾਂ। ਕੰਮ ਮੇਰੀ ਦਿਲਚਸਪੀ ਦਾ ਸੀ। ਪਰ ਸਕੂਲੋਂ ਭੱਜ ਕੇ ਪੰਜਾਬੀ ਸੂਬਾ ਮੋਰਚੇ 'ਚ ਕੈਦ ਕੱਟਣ ਕਰਕੇ ਮੇਰੇ ਤੇ ਅਕਾਲੀ ਠੱਪਾ ਲੱਗਿਆ ਹੋਇਆ ਸੀ। ਕਿਸੇ ਢੁਕਵੀਂ ਫਾਲ-ਪੱਚਰ ਲੱਗਣ ਬਿਨਾਂ ਇਹ ਨੌਕਰੀ ਮਿਲ ਜਾਣ ਦਾ ਸੁਆਲ ਹੀ



ਪੈਦਾ ਨਹੀਂ ਸੀ ਹੁੰਦਾ। ਮੈਂ ਆਪਣਾ ਮਨ ਖਰੋਚਿਆ। ਚਾਬੀ ਤਾਂ ਮੇਰੇ ਖੀਸੇ ਵਿਚ ਹੀ ਸੀ! ਮੋਗਿਓਂ ਬੱਸ ਫੜ ਕੇ ਮੈਂ ਸਿੱਧਾ ਚੰਡੀਗੜ੍ਹ ਐਮ. ਐਲ. ਏ. ਹੋਸਟਲ ਜਾ ਵੱਜਾ। ਪੰਥ ਦੇ ਰੌਸ਼ਨ-ਦਿਮਾਗ ਦਰਵੇਸ਼-ਸਿਆਸਤਦਾਨ ਗਿਆਨੀ ਕਰਤਾਰ ਸਿੰਘ ਜੀ ਨਾਲ ਉਹਨਾਂ ਦੇ ਅੰਤਲੇ ਦਿਨਾਂ 'ਚ ਮੇਰਾ ਅੰਤਾਂ ਦਾ ਮੋਹ ਸੀ। ਪਟਿਆਲੇ ਵਾਲੇ ਸ. ਜਸਦੇਵ ਸਿੰਘ ਸੰਧੂ ਦਾ ਕਮਰਾ ਉਹਨੀਂ ਦਿਨੀਂ ਉਹਨਾਂ ਲਈ ਰਾਖਵਾਂ ਹੁੰਦਾ ਸੀ। ਮੈਂ ਅੰਦਰ ਗਿਆ। ਗਿਆਨੀ ਜੀ ਉਸ ਦਿਨ ਕਾਫ਼ੀ ਢਿੱਲੇ ਸਨ। ਉਹਨਾਂ ਦੀ ਪਟਕਾ-ਨੁਮਾ ਨੀਲੀ ਪੱਗੜੀ ਸਿਰੋਂ ਲੱਥੀ ਸਿਰਹਾਣੇ 'ਤੇ ਪਈ ਸੀ। ਦੋਵੇਂ ਹੱਥ ਉਹਨਾਂ ਦੇ ਅੱਧ-ਕੱਜੇ ਢਿੱਡ ਤੇ ਹਿੱਕ ਦੇ ਦਰਮਿਆਨ ਜੁੜੇ ਹੋਏ ਸਨ। ਐਨਕਾਂ ਵਿਚੋਂ ਦੀ ਉਹ ਡਿੱਡਰੀਆਂ ਜਿਹੀਆਂ ਅੱਖਾਂ ਨਾਲ ਛੱਤ ਵੱਲ ਝਾਕ ਰਹੇ ਸਨ। ਮੈਂ ਆਪਣੇ ਹੱਥ ਜਦ ਉਹਨਾਂ ਦੇ ਪੈਰਾਂ ਦੀਆਂ ਮਾਸੂਮ ਉਂਗਲੀਆਂ ਨਾਲ ਲਾਏ ਤਾਂ ਮੇਰੀ ਆਸ ਦੇ ਉਲਟ ਉਹ ਡਿੱਡਰੇ ਜਿਹੇ ਉੱਠ ਕੇ ਬਹਿ ਗਏ ਤੇ ਬੋਲੇ -

'ਅੱਛਾ ਹੂਆ, ਤੁਮ ਆ ਗਏ!'

ਮੇਰਾ ਮਨ ਉਹਨਾਂ ਦੀ ਇਹ ਅਵਸਥਾ ਵੇਖਕੇ ਕਿਸੇ ਵੈਰਾਗ ਵਾਦੀ 'ਚੋਂ ਵਿਚਰ ਰਿਹਾ ਸੀ। ਉਪਰੋਕਤ ਕਥਨ ਉਪਰੰਤ ਪੈ ਕੇ ਉਹਨਾਂ ਆਪਣਾ ਸਿਰ ਫਿਰ ਸਿਰਹਾਣੇ ਉੱਤੇ ਧਰ ਲਿਆ। ਮੈਂ ਬੈੱਡ ਲਾਗਲੇ ਸਟੂਲ ਉੱਤੇ ਬੈਠ ਸ਼ਰਧਾਵਸ ਉਹਨਾਂ ਦੀਆਂ ਲੱਤਾਂ ਘੁੱਟਣ ਲੱਗ ਪਿਆ। ਉਹਨਾਂ ਦੀਆਂ ਪਿੰਜਣੀਆਂ ਦਾ ਮਾਸ ਹੱਡਾਂ ਦਾ ਸਾਥ ਛੱਡ ਚੁੱਕਿਆ ਸੀ। ਮੈਨੂੰ ਫ਼ਰੀਦ ਜੀ ਚੇਤੇ ਆਏ!

'ਲਿ..ਆਓ' ਕਹਿੰਦਿਆਂ ਉਹ ਅਹੁਲਕੇ ਉੱਠ ਬੈਠੇ।

ਇਕ ਸੁਚਾਲਾ ਸਿੰਘ ਚਿੱਟ-ਕੱਪੜੀਆ ਗੋਲ ਪੱਗ ਵਾਲਾ, ਹਰਚਰਨ ਸਿੰਘ ਡਰਾਈਵਰ ਤੋਂ ਬਿਨਾਂ ਉਹਨੀਂ ਦਿਨੀਂ ਉਹਨਾਂ ਦਾ ਸੇਵਾਦਾਰ ਹੁੰਦਾ ਸੀ। ਉਹ ਬਿਨਾਂ ਕੁਝ ਪੁੱਛੇ-ਦੱਸੇ ਆਮ ਵਾਂਗ ਪਾਣੀ ਦਾ ਗਿਲਾਸ ਲੈ ਆਇਆ ਤੇ ਗਿਆਨੀ ਜੀ ਨੇ ਸਿਰਹਾਣੇ ਵੱਲ ਪਏ ਸਟੂਲ 'ਤੇ ਪਈਆਂ ਸ਼ੀਸ਼ੀਆਂ 'ਚੋਂ ਇਕ ਇਕ ਗੋਲੀ ਤਲੀ 'ਤੇ ਧਰੀ। ਉਸ ਨੇ ਗਿਆਨੀ ਜੀ ਨੂੰ ਗਿਲਾਸ ਫੜਾ ਦਿੱਤਾ ਤੇ ਇੱਕੋ ਫੱਕੇ ਨਾਲ ਗਿਆਨੀ ਜੀ ਨੇ ਉਹ ਗੋਲੀਆਂ ਅੰਦਰ ਨਿਘਾਰ ਲਈਆਂ। ਫਿਰ ਉਹ ਸਾਹ-ਸਤ ਹੀਣ ਜਿਹੇ ਪੈ ਗਏ। ਥੋੜ੍ਹੀ ਦੇਰ ਅੱਖਾਂ ਖੋਹਲਦੇ ਹੋਏ ਬੋਲੇ-

"ਕੈਸੇ ਆਏ ਹੋ?"

ਗਿਆਨੀ ਜੀ ਦੀ ਇਹ ਆਦਤ ਸੀ ਕਿ ਉਹ ਵਜਦ ਵਿਚ ਆਉਂਦੇ ਤਾਂ ਉਰਦੂ-ਹਿੰਦੀ ਦੀ ਇਕ ਮਿਸ਼੍ਰਤ ਭਾਸ਼ਾ ਜਿਹੀ ਬੋਲਦੇ।

ਉਹਨਾਂ ਦੀ ਹਾਲਤ ਦਾ ਉਸ ਦਿਨ ਅਹਿਸਾਸ ਤਾਂ ਮੈਨੂੰ ਸੀ ਪਰ ਲਾਲਚ-ਵਸ ਆਸਾਮੀਆਂ ਨਿਕਲਣ 'ਤੇ ਆਪਣੇ ਇਸ ਕਾਰਜ ਲਈ ਆਉਣ ਦੀ ਵਿਥਿਆ ਮੈਂ ਉਹਨਾਂ ਨੂੰ ਕਹਿ ਸੁਣਾਈ।

'ਆਜ ਕਿਆ ਦਿਨ ਹੈ?' ਉਹਨਾਂ ਪੁੱਛਿਆ।

'ਸ਼ੁਕਰਵਾਰ'- ਮੈਂ ਜਵਾਬ ਦਿੱਤਾ।

'ਵੁਹ ਸਸੁਰਾ ਸ਼ਾਮ ਕੋ ਤੋ ਰੋਪੜ ਚਲਾ ਜਾਏਗਾ। ਅਭੀ ਚਲਨਾ ਚਾਹੀਏ! ਕਹਿ ਕੇ ਉਹ ਬੈੱਡ ਤੋਂ ਉੱਠਣ ਲਈ ਅਹੁਲੇ। ਮੈਂ ਸਹਾਰਾ ਦਿੱਤਾ। ਗੁਸਲਖ਼ਾਨੇ 'ਚੋਂ ਦੋ ਕੁ ਮਿੰਟ ਮਗਰੋਂ ਕਾਲਰ ਲਾ ਕੇ ਉਹ ਮੇਰੇ ਨਾਲ ਹੋ ਤੁਰੇ। ਨੀਲੀ ਨਿੱਕੀ ਪਗੜੀ ਵੀ ਉਹਨਾਂ ਜਾਂਦਿਆਂ-ਜਾਂਦਿਆਂ ਕਾਰੀਡੋਰ ਵਿਚ ਹੀ ਬੰਨ੍ਹੀ। ਕਾਰ ਉਹਨਾਂ ਦੀ ਉਸ ਦਿਨ ਬਣਨੀ ਗਈ ਹੋਈ ਸੀ। ਥੱਲਿਓਂ ਤਿੰਨ-ਪਹੀਆ ਸਕੂਟਰ ਲੈ ਕੇ ਅਸੀਂ ਸੈਕਟਰੀਏਟ ਪਹੁੰਚ ਗਏ। ਗਿਆਨੀ ਜੀ ਦਾ ਆਦਰ-ਅਦਬ ਨਾ ਸਿਰਫ਼ ਸਿੱਖਾਂ ਸਗੋਂ ਸਭਨਾਂ ਵਰਗਾਂ 'ਚ ਹੀ ਬੇਇੰਤਹਾ ਸੀ। ਐਸਾ ਮੈਂ ਕਿਸੇ ਸਿਆਸਤਦਾਨ ਦਾ ਆਪਣੀ ਸਾਰੀ ਜ਼ਿੰਦਗੀ 'ਚ ਹੁੰਦਾ ਕਦੇ ਨਹੀਂ ਡਿੱਠਾ। ਜਦੋਂ ਅਸੀਂ ਸੈਕਟਰੀਏਟ ਪਹੁੰਚੇ, ਮੈਂ ਉਹਨਾਂ ਦੇ ਮਗਰ ਮਗਰ ਸਾਂ। ਉਹ ਨਿੱਕੇ ਜਿਹੇ, ਮੇਰੇ ਮੂਹਰੇ ਆਪਣੇ ਨਿੱਕੇ-ਨਿੱਕੇ ਕਦਮਾਂ ਨਾਲ ਇੰਝ ਸਹਿਜ-ਸੁਭਾਵਕ ਤੁਰੇ ਜਾਂਦੇ ਸਨ ਜਿਵੇਂ ਸਿਆਸਤ ਦੇ ਸਾਰੇ ਹੀ ਰਸਤਿਆਂ ਦੀ ਉਹਨਾਂ ਨੂੰ ਸੁੱਤੇ-ਸਿੱਧ ਸੋਝੀ ਜਿਹੀ ਹੋਵੇ। ਸੈਕਟਰੀਏਟ, ਸਿਆਸਤਦਾਨ ਅਥਵਾ ਸਰਕਾਰੀ-ਅਧਿਕਾਰੀ ਪੰਛੀਆਂ ਦੀ ਉਹ ਪਿੰਜਰੇ ਵਰਗੀ ਥਾਂ ਹੁੰਦੀ ਹੈ ਜਿਸ ਦੀਆਂ ਕੰਧਾਂ ਤੋਂ ਆਏ ਦਿਨ ਨੇਮ-ਪਲੇਟਾਂ ਲਗਦੀਆਂ ਲਹਿੰਦੀਆਂ ਹਨ। ਇਹ ਦੁਨੀਆਂ ਗ਼ਰਜ਼ਾਂ ਦੀ ਹੈ ਤੇ ਗ਼ਰਜ਼ ਲਈ ਲੋਕੀ ਇੱਥੇ ਚੜ੍ਹਦੇ ਸੂਰਜਾਂ ਨੂੰ ਸਲਾਮਾਂ ਕਰਦੇ ਹਨ ਪਰ ਮੈਂ ਆਪਣੀ ਜ਼ਿੰਦਗੀ ਵਿਚ ਵਾਹਦ ਸਿਆਸਤਦਾਨ ਗਿਆਨੀ ਕਰਤਾਰ ਸਿੰਘ ਹੀ ਵੇਖੇ ਹਨ ਜਿਹਨਾਂ ਦਾ ਗੱਦੀਓਂ ਲਹਿਣ ਤੇ ਫਿਰ ਕਦੇ ਵੀ ਨਾ ਬਹਿਣ ਦਰਮਿਆਨ ਏਨਾ ਆਦਰ ਹੁੰਦਾ ਹੋਵੇ। ਸੈਕਟਰੀਏਟ ਦੇ ਪੈਰਾਂ 'ਚੋਂ ਮੁੱਖ-ਮੰਤਰੀ ਦੇ ਕਮਰੇ ਤੱਕ ਪਹੁੰਚਦਿਆਂ ਹੇਠਲੇ ਕਮਰਚਾਰੀਆਂ ਤੋਂ ਲੈ ਕੇ ਕਿੰਨੇ ਹੀ ਉੱਚ-ਅਧਿਕਾਰੀ ਸਾਨੂੰ ਮਿਲੇ, ਜਿਹਨਾਂ ਦੀ ਵੀ ਗਿਆਨੀ ਜੀ ਤੇ ਨਜ਼ਰ ਪਈ ਲਗਭਗ ਉਹਨਾਂ ਸਭਨਾਂ ਨੇ ਹੀ ਝੁਕ ਕੇ ਗਿਆਨੀ ਜੀ ਦੇ ਗੋਡੀਂ-ਪੈਰੀਂ ਹੱਥ ਲਾਏ। ਇਹਨਾਂ ਕੇਡੀ ਵੱਡੀ ਘਾਲ-ਕਮਾਈ ਜ਼ਿੰਦਗੀ 'ਚ ਕੀਤੀ ਹੈ- ਮੈਂ ਮਨ ਹੀ ਮਨ ਵਿਚ ਸੋਚ ਰਿਹਾ ਸਾਂ।

ਮੁੱਖ ਮੰਤਰੀ ਦਾ ਕਮਰਾ ਆ ਗਿਆ। ਸ਼ੀਸ਼ੇ ਦਾ ਵੱਡਾ ਦਰਵਾਜ਼ਾ ਲੰਘ ਕੇ ਅਸੀਂ ਮੂਹਰੇ ਬਰਾਮਦੇ ਦੇ 'ਚ ਖਲੋ ਗਏ। ਗਿਆਨੀ ਜੀ ਸਾਰੇ ਸਰਕਾਰੀ ਵਰਤਾਰੇ ਦੇ ਧੁਰ ਤੱਕ ਜਾਣੂ ਸਨ। ਬੇਖ਼ੌਫ਼ ਸਿੱਧੇ ਮੁੱਖ-ਮੰਤਰੀ ਦੇ ਕਮਰੇ ਵਿਚ ਜਾ ਸਕਦੇ ਸਨ। ਪਰ ਜਿਹਨਾਂ ਦਰਬਾਰੀ ਕਮਰਿਆਂ 'ਚ ਉਹਨਾਂ ਕਦੇ ਸ਼ਹਿਨਸ਼ਾਹੀ ਕੀਤੀ ਸੀ ਉਹਨਾਂ ਦੀ ਦਹਿਲੀਜ਼ ਅੰਦਰ ਪੈਰ ਵੀ ਨਾ ਪਾਇਆ।

ਮੁੱਖ-ਮੰਤਰੀ ਦਾ ਕਮਰਾ ਖਚਾਖਚ ਭਰਿਆ ਹੋਇਆ ਸੀ। ਉਹ ਰੁੱਝੇ ਹੋਏ ਸਨ। ਉਹਨਾਂ ਦੁਆਲੇ ਭੂੰਡਾਂ ਦੀ ਕੋਈ ਖੱਖਰ ਲੱਗੀ ਹੋਈ ਸੀ। ਸੰਗਰੂਰ ਵੱਲ ਦੀ ਕਿਸੇ ਪੰਚਾਇਤ ਦੇ ਝਗੜੇ ਦਾ ਨਿਪਟਾਰਾ ਹੋ ਰਿਹਾ ਸੀ। ਗਿਆਨੀ ਜੀ ਤੇ ਮੈਂ ਵਿਚਾਰਿਆਂ ਵਾਂਗੂੰ ਮੁੱਖ-ਮੰਤਰੀ ਦੇ ਦਫ਼ਤਰ ਦੇ ਮੁੱਖ-ਦੁਆਰ ਦੇ ਅੰਦਰਵਾਰ ਖੜ੍ਹੇ



ਸਾਂ। ਤਾਹੀਏਂ ਖ਼ਬਰ ਮੁੱਖ-ਮੰਤਰੀ ਦੀ ਕੁਰਸੀ ਦੁਆਲਿਉਂ ਮਨੁੱਖਾਂ ਦੇ ਹਿੱਲਣ ਨਾਲ ਇਕ ਵਿਰਲ ਜਿਹੀ ਬਣੀ।

ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਨਜ਼ਰ ਗਿਆਨੀ ਜੀ 'ਤੇ ਪੈ ਗਈ। ਗਿਆਨੀ ਜੀ ਦੀ ਦੀਰਘ ਬੀਮਾਰੀ ਬਾਰੇ ਇਹਨੀਂ ਦਿਨੀਂ ਪੂਰੇ ਪੰਜਾਬ ਨੂੰ ਹੀ ਖ਼ਬਰ ਸੀ। ਜਿਉਂ ਹੀ ਉਹਨਾਂ ਗਿਆਨੀ ਜੀ ਵੱਲ ਵੇਖਿਆ, ਸਾਰਿਆਂ ਨੂੰ ਖਲੋਤੇ ਛੱਡ ਉਹ ਸਾਡੇ ਵੱਲ ਭੱਜੇ। ਆਣ ਕੇ ਉਹਨਾਂ ਗਿਆਨੀ ਜੀ ਦੇ ਗੋਡੀਂ ਹੱਥ ਲਾਇਆ। ਗਿਆਨੀ ਜ਼ੈਲ ਸਿੰਘ ਹੱਥਾਂ ਪੈਰਾਂ ਵਿਚ ਆਏ ਹੋਏ ਸਨ। ਤੁਹਾਡੀ ਸਿਹਤ ਕਿਵੇਂ ਹੈ? ਮੈਂ ਤਾਂ ਥੋਨੂੰ ਆਪ ਮਿਲਣ ਆਉਣਾ ਸੀ। ਤੁਸੀਂ ਕਾਹਤੋਂ ਆਉਣਾ ਸੀ? ਤੁਸੀਂ ਕਿਵੇਂ ਆਏ ਹੋ? ਹਰਫ਼ਲੇ ਤੇ ਘਗਿਆਏ ਜਿਹੇ ਗਿਆਨੀ ਜ਼ੈਲ ਸਿੰਘ ਇਕੋ ਸਾਹ ਕਿੰਨੇ ਹੀ ਪ੍ਰਸ਼ਨ ਕਰ ਗਏ।

"ਮੈਂ ਇਸ ਮੁੰਡੇ ਦੇ ਕੰਮ ਆਇਆ ਹਾਂ।" ਉਹ ਮੇਰੀ ਤਰਫ਼ ਇਸ਼ਾਰਾ ਕਰਦਿਆਂ ਬੋਲੇ।

ਗਿਆਨੀ ਜ਼ੈਲ ਸਿੰਘ ਬਹੁਤ ਰੰਗੀਨ ਤਬੀਅਤ ਦਾ ਆਦਮੀ ਸੀ। ਉਹ ਹਮੇਸ਼ਾ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਦੀ ਨਕਲ ਕਰਿਆ ਕਰਦਾ ਸੀ। ਉਹਦੇ ਵਾਂਗ ਹੀ ਅਚਕਨ ਤੇ ਰੇਬ ਪਜਾਮਾ ਪਾ ਕੇ ਸੱਜੇ ਮੋਢੇ 'ਤੇ ਗੁਲਾਬ ਟੁੰਗਿਆ ਕਰਦਾ ਸੀ। ਤੀਵੀਆਂ ਦਾ ਨਹਿਰੂ ਵਾਂਗ ਹੀ ਸ਼ੌਕੀਨ ਸੀ।

ਜਿਸ ਦਿਨ ਦੀ ਮੈਂ ਗੱਲ ਕਰ ਰਿਹਾ ਹਾਂ, ਉਸ ਦਿਨ ਵੀ ਸ਼ਾਇਦ ਉਸਨੂੰ ਸਟੇਟ ਦੇ ਸਾਰੇ ਕੰਮ ਮੁਕਾ ਕੇ ਰੋਪੜ ਦੇ ਰੈਸਟ-ਹਾਊਸ ਵਿਚ ਜਾਣ ਦੀ ਕਾਹਲੀ ਸੀ, ਜਿੱਥੇ ਉਸਨੇ ਉਹਨੀਂ ਸ਼ਾਮੀਂ 'ਜ਼ਰੂਰੀ ਕੰਮ' ਜਾਣਾ ਹੁੰਦਾ ਸੀ। ਮਲੇਰ ਕੋਟਲਿਓਂ ਚੁਣੀ ਗਈ ਸਾਜਿਦਾ ਬੇਗਮ ਨਾਲ ਉਸਦੀ ਗੱਲਬਾਤ ਦਾ ਚਰਚਾ ਉਹਨੀਂ ਦਿਨੀਂ ਅਖ਼ਬਾਰਾਂ ਦੇ ਬੁੱਲ੍ਹਾਂ 'ਤੇ ਆਮ-ਚਾਮ ਸੀ। ਬੇਗ਼ਮ ਸਦਾ ਸਿਰ 'ਤੇ ਹਰੀ ਚੁੰਨੀ ਪਹਿਨਦੀ ਹੁੰਦੀ ਸੀ ਤੇ ਕੁਝ ਦਿਨ ਹੀ ਪਹਿਲੋਂ ਸੈਕਟਰੀਏਟ ਸਾਹਵੇਂ ਪੰਜਾਬ ਟੀਚਰਜ਼ ਯੂਨੀਅਨ ਵੱਲੋਂ 'ਹਰੀ ਚੁੰਨੀ ਹਾਏ! ਹਾਏ!' ਹੋ ਚੁੱਕੀ ਸੀ। ਉੱਥੇ ਖੜ੍ਹਿਆਂ ਹੀ ਗਿਆਨੀ ਜ਼ੈਲ ਸਿੰਘ ਨੇ ਸੇਵਾਦਾਰ ਨੂੰ ਭਜਾ ਦਿੱਤਾ।

ਸਾਡੇ ਖੜ੍ਹੇ ਖੜੋਤਿਆਂ ਤੇ ਵਿਹੰਦਿਆਂ ਹੀ ਚਿੱਟੀ ਝੱਗੀ ਵਾਲੀਆਂ ਵੱਡੀਆਂ ਵੱਡੀਆਂ ਜੇਬਾਂ ਤੇ ਮੋਟੀਆਂ-ਮੋਟੀਆਂ ਐਨਕਾਂ ਵਾਲਾ ਇਕ ਮੋਟਾ-ਤਾਜ਼ਾ ਲਾਲਾ ਸਾਡੇ ਸਾਹਮਣੇ ਆਣ ਖੜ੍ਹਾ। ਇਹ ਲੁਧਿਆਣੇ ਵਾਲਾ ਜੋਗਿੰਦਰ ਪਾਲ ਪਾਂਡੇ ਸੀ। ਲੋਕ ਸੰਪਰਕ ਵਿਭਾਗ ਉਸ ਕੋਲ ਸੀ। ਇਸ ਨੂੰ ਮਗਰੋਂ ਜਾ ਕੇ ਖਾੜਕੂ-ਲਹਿਰ ਵੇਲੇ ਸਿੱਖ ਨੌਜਵਾਨਾਂ ਨੇ ਕਿਸੇ ਗੈਸ-ਸਟੇਸ਼ਨ ਤੇ ਚਿੱਤ ਕਰ ਦਿੱਤਾ ਸੀ। ਗਿਆਨੀ ਜ਼ੈਲ ਸਿੰਘ ਨੇ ਜੋਗਿੰਦਰ ਪਾਲ ਨੂੰ ਮੇਰੀ ਸਿਫਾਰਸ਼ ਲਾਈ। ਉਸ ਨੇ ਆਪਣੀ ਝੱਗੀ ਦੀ ਜੇਬ 'ਚੋਂ ਲੈਟਰਪੈਡ ਕੱਢ ਕੇ ਮੇਰਾ ਨਾਂ ਪਤਾ ਲਿਖਿਆ। ਗਿਆਨੀ ਕਰਤਾਰ

ਸਿੰਘ ਜੀ ਇਸ ਸਾਰੀ ਪ੍ਰਕਿਰਿਆ ਨੂੰ ਮੂਕ-ਦਰਸ਼ਕ ਬਣੇ ਖੜ੍ਹੇ ਨਿਹਾਰਦੇ ਰਹੇ। ਮੂੰਹੋਂ ਕੁਝ ਵੀ ਨਾ ਬੋਲੇ। ਪਿੰਡ ਆ ਕੇ ਕਈ ਦਿਨ ਮੈਂ ਲੋਕ ਸੰਪਰਕ ਵਿਭਾਗ ਦੀ ਚਿੱਠੀ ਦਾ ਤੀਬਰਤਾ ਨਾਲ ਇੰਤਜ਼ਾਰ ਕਰਦਾ ਰਿਹਾ ਪਰ ਮੈਨੂੰ ਕੋਈ ਚਿੱਠੀ ਨਾ ਆਈ।

ਸਿਆਸਤਦਾਨਾਂ ਦੇ ਵਾਅ੍ਦਿਆਂ ਵਾਂਗ ਇਹ ਵਾਅ੍ਦਾ ਵੀ ਕਦੇ ਵਫ਼ਾ ਨਾ ਹੋ ਸਕਿਆ।

ਮਸਤਾਨਗੀ ਦੇ ਦੌਰ ਵਿਚ ਗਿਆਨੀ ਕਰਤਾਰ ਸਿੰਘ ਜੀ ਏਨੇ ਪਹੁੰਚੇ ਅਥਵਾ ਅੱਗੇ ਲੰਘੇ ਹੋਏ ਸਨ ਕਿ ਆਉਂਦੇ ਲੰਬੇ ਸਮੇਂ ਵਿਚ ਕੋਈ ਸਿਆਸਤਦਾਨ ਉਹਨਾਂ ਦੀ ਡਾਹੀ ਨਾ ਲੈ ਸਕੇਗਾ। ਉਹਨਾਂ ਦੀਆਂ ਚਾਰ-ਪੰਜ ਗੱਲਾਂ ਅਜੇ ਵੀ ਮੇਰੀ ਸਿਮਰਤੀ ਵਿਚ ਤਰੋ-ਤਾਜ਼ਾ ਹਨ।

ਮੈਂ ਉਦੋਂ ਛੋਟੀਆਂ ਜਮਾਤਾਂ 'ਚ ਸਕੂਲ ਪੜ੍ਹਦਾ ਸਾਂ। ਗਿਆਨੀ ਜੀ ਸ. ਪ੍ਰਤਾਪ ਸਿੰਘ ਕੈਰੋਂ ਦੀ ਵਜ਼ਾਰਤ 'ਚ ਮਗਰੋਂ ਮਾਲ-ਮੰਤਰੀ ਬਣੇ। ਇਸ ਇਲੈਕਸ਼ਨ ਵਿਚ ਉਹਨਾਂ ਸਾਡੇ ਗਵਾਂਢੀ ਪਿੰਡ ਕਿਸ਼ਨਪੁਰੇ ਵਿਚ ਇਕ ਜਲਸੇ ਨੂੰ ਸੰਬੋਧਨ ਕਰਨ ਲਈ ਆਉਣਾ ਸੀ। ਹੁਣ ਤਾਂ ਮਨਿਸਟਰ ਪਿੰਡਾਂ ਵਿਚ ਹਰ੍ਲ ਹਰ੍ਲ ਕਰਦੇ ਫਿਰਦੇ ਤੇ ਆਲੂਆਂ ਦੇ ਭਾਅ ਵਿਕਦੇ ਹਨ। ਉਹਨੀਂ ਦਿਨੀਂ ਕਿਸੇ ਮਨਿਸਟਰ ਦਾ ਕਿਤੇ ਆਉਣਾ ਬਹੁਤ ਵੱਡੀ ਚੀਜ਼ ਹੋਇਆ ਕਰਦਾ ਸੀ। ਚੋਣ-ਦਿਨਾਂ 'ਚ ਲੀਡਰਾਂ ਨੂੰ ਆਉਂਦਿਆਂ ਅਕਸਰ ਦੇਰ ਹੋ ਜਾਂਦੀ ਹੈ। ਇੰਝ ਗਿਆਨੀ ਜੀ ਵੀ ਲੇਟ ਸਨ। ਸਮੇਂ ਮੁਤਾਬਕ, ਕਿਸ਼ਨਪੁਰੇ ਦੀ ਪੰਚਾਇਤ ਗੇਂਦਿਆਂ ਦੇ ਹਾਰ ਲਈ ਗਿਆਨੀ ਜੀ ਦੇ ਸੁਆਗਤ ਲਈ ਫ਼ਿਰਨੀ ਉੱਤੇ ਖੜ੍ਹੀ ਹੋਈ ਸੀ। ਪੰਚਾਇਤ ਹਾਰ ਪਾਉਣ ਤੇ ਗਿਆਨੀ ਜੀ ਦੇ ਦਰਸ ਪਰਸਣ ਲਈ ਥੱਕੀ ਕਾਹਲੀ ਪਈ ਹੋਈ ਸੀ। ਏਨੇ ਨੂੰ ਇਕ ਜੀਪ ਜਿਉਂ ਹੀ ਆ ਕੇ ਰੁਕੀ। ਗਿਆਨੀ ਜੀ ਉਸ 'ਚੋਂ ਉੱਤਰੇ, ਆਪਣੇ ਕਛਹਿਰੇ ਦਾ ਨਾਲ਼ਾ ਬੜੇ ਇਤਮੀਨਾਨ ਨਾਲ ਖੋਹਲਿਆ ਤੇ ਜੀਪ ਦੇ ਟਾਇਰ ਨਾਲ ਪਿਸ਼ਾਬ ਕਰਨ ਲੱਗ ਪਏ। ਹੱਥਾਂ ਵਿਚ ਗੇਂਦਿਆਂ ਦੇ ਹਾਰ ਲਈ ਖੜ੍ਹੀ ਪੰਚਾਇਤ ਛਿੱਥੀ ਪੈ ਗਈ। ਇਹ ਘਟਨਾ ਮੈਨੂੰ ਸਵਰਗਵਾਸੀ ਗਿਆਨੀ ਚੰਨਣ ਸਿੰਘ ਜੀ ਨਿਧੱੜਕ ਮੈਂਬਰ ਸ਼੍ਰੋਮਣੀ ਕਮੇਟੀ ਨੇ ਸੁਣਾਈ ਸੀ ਜੋ ਮਗਰੋਂ ਜਾ ਕੇ ਇਸ ਤਰ੍ਹਾਂ ਸਿੱਧ ਹੋਈ।

ਸੰਨ 1970 ਵਿਚ ਮੇਰਾ ਵਿਆਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਈਸੇਵਾਲ ਵਿਚ ਹੋਣਾ ਤਹਿ ਹੋਇਆ। ਮੇਰੇ ਬਾਪੂ ਜੀ ਬਹੁਤ ਕੱਬੇ ਤੇ ਸਖ਼ਤ ਸੁਭਾਅ ਦੇ ਫ਼ੌਜੀ ਆਦਮੀ ਸਨ। ਉਹ ਵਿਆਹ ਉੱਤੇ ਰਸਮ ਮੁਤਾਬਿਕ ਟੂੰਬਾਂ ਲਿਜਾਣ ਦੇ ਹੱਕ ਵਿਚ ਸਨ ਤੇ ਮੇਰੇ ਉੱਤੇ ਉਹਨੀਂ ਦਿਨੀਂ ਚੜ੍ਹਦੀ ਜਵਾਨੀ ਵਿਚ ਆਦਰਸ਼ਵਾਦ ਦਾ ਭੂਤ ਸਵਾਰ ਸੀ। ਜੰਞ ਵਿਚ ਸਿਰਫ਼ ਪੰਜ ਬੰਦੇ ਹੀ ਹੋਣਗੇ—ਮੇਰਾ ਇਹ ਅੱਟਲ



ਫ਼ੈਸਲਾ ਸੀ। ਮੇਰੀ ਬੇਨਤੀ ਉੱਤੇ ਗਿਆਨੀ ਜੀ ਬਾਵਜੂਦ ਆਪਣੀ ਢਿੱਲੀ-ਮੱਠੀ ਸਿਹਤ ਤੇ ਚੰਡੀਗੜ੍ਹੋਂ ਮੇਰੇ ਪਿੰਡ ਆਏ ਤੇ ਬਾਪ ਦੇ ਫਰਜ਼ ਨਿਭਾਉਣ ਆਇਆਂ ਜਿਸ ਤਰ੍ਹਾਂ ਉਹਨਾਂ ਮੇਰਾ ਅਨੋਖੜਾ ਕਾਜ ਰਚਾਇਆ- ਇਹ ਵੀ ਇਕ ਰੌਚਿਕ ਕਹਾਣੀ ਹੀ ਸਮਝੋ।

ਰਾਤ ਦੇ ਡੂੜ੍ਹ ਕੁ ਵਜੇ ਉਹਨਾਂ ਦੀ ਕਾਰ ਸਾਂਝੇ-ਦਲਾਨ ਮੂਹਰੇ ਰੁਕੀ। ਅਸੀਂ ਸਾਰੇ ਜਾਗਦੇ ਸਾਂ। ਬਾਪੂ ਜੀ ਕੋਠੇ ਉੱਤੇ ਰੁੱਸੇ ਪਏ ਸਨ। ਸਿਆਸਤਦਾਨ ਸਦਾ ਹੀ ਅਕੇਂਵਿਆਂ-ਥਕੇਂਵਿਆਂ 'ਚੋਂ ਵਿਚਰਦੇ ਹਨ। ਗਿਆਨੀ ਜੀ ਨੇ ਨਾ ਰੋਟੀ ਖਾਧੀ, ਪਾਣੀ ਦਾ ਗਿਲਾਸ ਮੰਗਾ ਕੇ ਉਹ ਕਿੰਨੀਆਂ ਸਾਰੀਆਂ ਗੋਲੀਆਂ ਅੰਦਰ ਲੰਘਾ ਕੇ ਕੱਚੀ ਬੈਠਕ 'ਚ ਸੌਂ ਗਏ ਤੇ ਇੰਝ ਘੁਰਾੜੇ ਮਾਰਨ ਲੱਗੇ ਜਿਵੇਂ ਪਟੜੀ-ਫੇਰ ਕੋਈ ਘਰਾਟ ਚਲਦਾ ਹੋਵੇ। ਇਹਨਾਂ ਘਰਾੜਿਆਂ ਦੀ ਗਾਥਾ ਸਾਡੇ ਟੱਬਰ 'ਚ ਹੁਣ ਤੱਕ ਚਲਦੀ ਹੈ।

ਤੇ ਅਗਲੀ ਸਵੇਰ ਕਿਸ਼ਨਪੁਰੇ ਵਾਲੀ ਗੱਲ ਗਿਆਨੀ ਜੀਆਂ ਨੇ ਮੇਰੀਆਂ ਅੱਖਾਂ ਸਾਹਵੇਂ ਜਲਵਾਗਰ ਕਰ ਦਿੱਤੀ।

ਸਾਢੇ ਅੱਠ-ਪੌਣੇ ਨੌਂ ਦਾ ਵਕਤ ਹੋਵੇਗਾ ਜਦੋਂ ਅਸੀਂ ਈਸੇਵਾਲ ਵਿਆਹੁਣ ਪਹੁੰਚੇ। ਫਿਰਨੀ ਉੱਤੇ ਪਿੰਡ ਵੜਦਿਆਂ ਖੱਬੇ ਹੱਥ ਨਵਾਂ-ਨਵਾਂ ਬੱਸ-ਸਟੈਂਡ ਬਣਿਆ ਸੀ। ਮੇਰੇ ਸਹੁਰਿਆਂ ਦਾ ਘਰ ਇਸ ਤੋਂ ਮਸਾਂ 30-40 ਗਜ਼ ਸੱਜੇ ਪਾਸੇ ਸੀ। ਸਾਡੀ ਕਾਰ ਪਹੁੰਚਦਿਆਂ ਹੀ ਪੰਜ-ਸੱਤ ਬੰਦੇ ਸਾਡੀ ਆਓ-ਭਗਤ ਲਈ ਬੱਸ ਸਟੈਂਡ ਵੱਲ ਉਮੱਡੇ। ਕਾਰ ਰੁਕਦਿਆਂ ਹੀ ਗਿਆਨੀ ਜੀ ਨੇ ਆ ਵੇਖਿਆ ਨਾ ਤਾਅ ਉਹਨਾਂ ਨਾਲ਼ਾ ਖੋਹਲਕੇ ਆਪਣਾ ਕਛਹਿਰਾ ਥੱਲੇ ਸੁੱਟ ਦਿੱਤਾ ਤੇ ਕੁੜਤੇ ਦਾ ਮੂਹਰਲਾ ਹਿੱਸਾ ਚੁੱਕ ਕੇ ਦੰਦਾਂ ਹੇਠ ਦਬਾਅ ਲਿਆ ਤੇ ਉਹ ਓਨੀ ਦੇਰ ਪਿਸ਼ਾਬ ਕਰਦੇ ਰਹੇ ਜਿੰਨੀ ਦੇਰ ਉਹਨਾਂ ਦਾ ਅੰਦਰਲਾ ਸਾਰਾ ਪਿਸ਼ਾਬ ਮੁੱਕ ਨਾ ਗਿਆ। ਪਿੰਡਾਂ ਵਿਚ ਇਹ ਸਮਾਂ ਬੁੜ੍ਹੀਆਂ-ਕੁੜੀਆਂ ਦੇ ਗੋਹਾ-ਕੂੜਾ ਕਰਨ ਤੇ ਬਾਹਰ-ਅੰਦਰ ਜਾਣ ਦਾ ਹੁੰਦਾ ਹੈ। ਮੇਰੇ ਮਨ 'ਚ ਤਾਂ ਗਿਆਨੀ ਜੀ ਲਈ ਅੰਤਾਂ ਦੀ ਸ਼ਰਧਾ ਤੇ ਸਤਿਕਾਰ ਸੀ ਤੇ ਇਹ ਸਦਾ-ਸਦਾ ਬਣਿਆ ਹੀ ਰਹੇਗਾ ਪਰ ਗਿਆਨੀ ਜੀ ਨੇ ਉਸ ਦਿਨ ਮੈਨੂੰ ਜੁ ਵੱਡੀ ਨਮੋਸ਼ੀ ਦੁਆਈ ਉਸਦਾ ਵਰਨਣ ਮੈਂ ਕਿਹੜੇ ਸ਼ਬਦਾਂ 'ਚ ਕਰ ਸਕਦਾ ਹਾਂ?

ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਵਡਭਾਗ ਸਨ। ਗਿਆਨੀ ਜੀ ਅਨੰਦਾਂ ਉੱਤੇ ਅਸ਼ੀਰਵਾਦ ਦੇਣ ਹਿਤ ਖੜ੍ਹੇ ਹੋਏ। ਅਸ਼ੀਰਵਾਦ ਦਾ ਤਾਂ ਉਹਨਾਂ ਭੋਰਾ ਵੀ ਨਾ ਦਿੱਤਾ। ਉਹ ਮੌਕੇ ਤੋਂ ਵਿਸੰਗਤ ਜਦ ਭਾਰਤ ਦੀ ਵਧਦੀ ਜਨ-ਸੰਖਿਆ ਤੇ ਭਾਸ਼ਣ ਕਰਨ ਲੱਗੇ ਤਾਂ ਵਿਆਹ ਵਿਚ ਕੁਰ੍ਬਲ-ਕੁਰ੍ਬਲ ਹੋਣ ਲੱਗੀ।

ਗਿਆਨੀ ਜੀ ਮਸਤਾਨਗੀ ਦੀ ਸਿਖਰ ਸਨ। ਸ. ਪ੍ਰਕਾਸ਼ ਸਿੰਘ ਬਾਦਲ ਸ਼ਾਇਦ ਉਦੋਂ ਦੂਜੀ ਵੇਰ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਗਿਆਨੀ ਜੀ ਬਹੁਤ

ਬੁੱਢੇ ਹੋ ਗਏ ਸਨ। ਇਲੈਕਸ਼ਨਾਂ ਲੜਨ ਦੀ ਰੁੱਤ ਉਹਨਾਂ ਦੇ ਸਿਰ ਤੋਂ ਚਲੀ ਗਈ ਸੀ। ਸ. ਪ੍ਰਕਾਸ਼ ਸਿੰਘ ਨੇ ਉਹਨਾਂ ਨੂੰ ਸਤਿਕਾਰ ਵਜੋਂ ਪੰਜਾਬ ਨਾਲੋਂ ਕੱਟੇ ਗਏ ਇਲਾਕਿਆਂ ਦਾ ਸਰਵੇਖਣ ਕਰਨ ਲਈ ਇਕ ਨਾਮ-ਨਿਹਾਦ ਜਿਹੇ ਬਾਊਂਡਰੀ ਕਮਿਸ਼ਨ ਦਾ ਚੇਅਰਮੈਨ ਬਣਾ ਦਿੱਤਾ। ਬਕੌਲ ਗਿਆਨੀ ਜੀ, ਉਹਨਾਂ ਦੀ ਤਨਖਾਹ ਅਠਾਈ ਸੌ ਰੁਪਏ ਮਿਥੀ ਗਈ। ਉਹਨਾਂ ਦੇ ਇਸ ਹਵਾਈ-ਕਮਿਸ਼ਨ ਦਾ ਦਫ਼ਤਰ ਚੰਡੀਗੜ੍ਹ ਬੱਸ ਸਟੈਂਡ ਦੇ ਨੇੜੇ ਹੀ ਪੈਂਦਾ ਸੀ। ਜਦ ਕਮਿਸ਼ਨ ਦੀ ਪਹਿਲੀ ਤਨਖਾਹ ਆਈ ਤਾਂ ਫੱਕਰ ਗਿਆਨੀ ਜੀ ਨੇ ਸਾਰੀ ਤਨਖਾਹ ਦੇ ਮੰਜੇ ਹੀ ਬਣਵਾ ਲਏ। ਹੁਣ ਮੇਰੀ ਚੇਤਨਾ 'ਚੋਂ ਉਸ ਕੋਠੀ ਦਾ ਨੰਬਰ ਤੇ ਪਤਾ ਵਿਸਰ ਚੁੱਕਾ ਹੈ।

ਇਕ ਦਿਨ ਮੈਂ ਇਕ ਬਦਲੀ ਦੇ ਸਬੰਧ ਵਿਚ ਗਿਆਨੀ ਜੀਆਂ ਦੀ ਸਿਫ਼ਾਰਸ਼ ਲਈ ਉਸ ਕੋਠੀ ਪਹੁੰਚਿਆ ਤਾਂ ਕੋਠੀ ਦੇ ਗੇਟ ਉੱਤੇ ਕਰੜ-ਬਰੜੀ ਦਾਹੜੀ ਵਾਲੇ ਬਾਣੀਏ ਮਾਲਕ-ਮਕਾਨ ਨੇ ਤਾੜ੍ਹ ਕਰਦਾ ਵਾਕ ਮੇਰੇ ਮੂੰਹ 'ਤੇ ਮਾਰਿਆ-

'ਉਹ ਨੀਂ ਹੁਣ ਐਥੇ ਰਹਿੰਦੇ।'

ਉਸਨੇ ਮੈਨੂੰ ਗਿਆਨੀ ਜੀ ਕੋਲੇ ਆਉਂਦੇ-ਜਾਂਦੇ ਦੋ-ਚਾਰ ਵਾਰ ਵੇਖਿਆ ਹੋਇਆ ਸੀ। ਗਿਆਨੀ ਜੀ ਦੇ ਉਸ ਕੋਠੀ ਛੱਡ ਜਾਣ ਪਿੱਛੇ ਅਸਲ ਗੱਲ ਇਹ ਸੀ ਕਿ ਉਹ ਜ਼ਿੰਦਗੀ ਵਿਚ ਜਿੰਦਾ-ਕੁੰਡਾ ਲਾਉਣ ਦੇ ਆਦੀ ਹੀ ਨਹੀਂ ਸਨ ਤੇ ਇਸ ਕੋਠੀ ਵਿਚ ਮੰਜੇ ਭਰਨ ਉਪਰੰਤ ਵੀ ਉਹਨਾਂ ਕੋਈ ਜਿੰਦਾ-ਕੁੰਡਾ ਨਹੀਂ ਸੀ ਲਾਇਆ ਤੇ ਇਕ ਰਾਤ ਕੁਝ ਚਾਅੁਮਲੇ-ਛੋਕਰੇ ਕੋਠੀ ਦੀਆਂ ਤਾਕੀਆਂ-ਸ਼ੀਸ਼ੇ ਤੋੜਕੇ ਅੱਧ-ਪਚੱਧ ਮੰਜੇ ਭੰਨ ਗਏ ਸਨ ਤੇ ਉਸ ਬਾਣੀਏ ਨੇ ਗਿਆਨੀ ਜੀ ਦਾ ਬੋਰੀਆ-ਬਿਸਤਰਾ ਉਸ ਕੋਠੀ 'ਚੋਂ ਗੋਲ਼ ਕਰ ਦਿੱਤਾ ਸੀ।

(1974)



# ਇਕ ਇੰਟਰਵਿਊ
# ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ

ਸਥਾਨ—ਪਿੰਡ ਟੌਹੜਾ। ਸਮਾਂ ਰਾਤ ਦੇ ਸਾਢੇ ਅੱਠ। ਗਲ਼ ਦੁੱਧ-ਚਿੱਟੀ ਮਲਮਲ ਦਾ ਲਖਨਵੀ ਕੁੜਤਾ, ਮੁੱਖ ਤੇ ਸਫ਼ੈਦ ਦਰਸ਼ਨੀ-ਦਾਹੜਾ, ਖ਼ੂਬਸੂਰਤ ਨੂਰਾਨੀ-ਨੈਣ, ਹਮੇਸ਼ਾਂ ਵਾਂਗ ਹਸੂੰ ਹਸੂੰ ਕਰਦਾ ਤੇ ਗੁਲਾਬੀ ਭਾਅ ਮਾਰਦਾ ਭਰਵਾਂ ਚਿਹਰਾ। ...ਸ. ਗੁਰਚਰਨ ਸਿੰਘ ਟੌਹੜਾ ਐਮ. ਪੀ. ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡਰਾਇੰਗ ਰੂਪ ਵਿਚ ਸਾਹਮਣੇ ਸੋਫ਼ੇ ਤੇ ਬਿਰਾਜਮਾਨ ਹਨ। ਇੰਟਰਵਿਊ ਦਾ ਆਗਾਜ਼ ਹੁੰਦਾ ਹੈ –

**ਕੰਵਲ** - ਟੌਹੜਾ ਸਾਹਿਬ, ਆਪ ਕੌਮ ਦੇ ਮਹਾਨ ਨੇਤਾ ਹੋ! ਨਿਰਸੰਦੇਹ ਕਿਸੇ ਮਹਾਨ ਵਿਅਕਤੀ ਦਾ, ਮਹਾਨਤਾ ਦੀ ਇਸ ਚੋਟੀ ਤੇ ਪਹੁੰਚਣਾ ਕਿਸੇ ਮਹਾਨ ਸ਼ਖਸੀਅਤ ਦੀ ਪ੍ਰੇਰਨਾ ਜਾਂ ਪ੍ਰਭਾਵ ਦਾ ਹੀ ਪ੍ਰਤੀਫਲ ਹੁੰਦਾ ਹੈ। ਕੀ ਆਪ ਇਹ ਦੱਸਣ ਦੀ ਖੇਚਲ ਕਰੋਗੇ ਕਿ ਆਪ ਨੂੰ ਕਿਸ ਮਹਾਨ ਸ਼ਖਸੀਅਤ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ?

**ਟੌਹੜਾ ਸਾਹਿਬ** - ਮੈਂ ਜ਼ਿੰਦਗੀ ਵਿਚ ਸਭ ਤੋਂ ਵੱਧ ਮਾਸਟਰ ਜੀ (ਤਾਰਾ ਸਿੰਘ) ਤੋਂ ਪ੍ਰਭਾਵਿਤ ਹੋਇਆ ਹਾਂ। ਮਾਸਟਰ ਜੀ ਸਚਮੁੱਚ ਕੌਮ ਦੇ ਮਹਾਨ ਨੇਤਾ ਸਨ। ਉਹਨਾਂ ਵਰਗਾ ਪੰਥਕ ਜਜ਼ਬਾ, ਉਹ ਨਿਰਭੈਤਾ, ਉਹ ਨਿਰਸੁਆਰਥ ਹਰ ਕਿਸੇ ਲੀਡਰ ਦੇ ਹਿੱਸੇ ਨਹੀਂ ਆ ਸਕਦਾ। ਇਸੇ ਕਰਕੇ ਉਹਨਾਂ ਦਾ ਤਪ-ਤੇਜ਼ ਏਨਾ ਸੀ ਕਿ ਵਿਰੋਧੀਆਂ ਨੂੰ ਵੀ ਉਹਨਾਂ ਦੀ ਨਿੰਦਿਆ ਕਰਨ ਦਾ ਹੌਸਲਾ ਨਹੀਂ ਸੀ ਪੈਂਦਾ।

**ਕੰਵਲ** - ਤੁਹਾਨੂੰ ਪਤਾ ਹੈ ਕਿ ਮੁਲਕ ਦੀ ਵੰਡ ਵੇਲੇ ਅੰਗਰੇਜ਼ਾਂ ਦੀ ਕੋਸ਼ਿਸ਼ ਸੀ ਕਿ ਹਿੰਦੂਆਂ ਤੇ ਮੁਸਲਮਾਨਾਂ ਵਾਂਗ ਸਿੱਖ ਵੀ ਆਪਣਾ ਕੋਈ ਇਲਾਕਾ ਲੈ ਲੈਣ। ਮਿਸਟਰ ਜਿਨਾਹ ਦੀ ਤਾਂ ਇੱਛਾ ਇਹ ਵੀ ਸੀ ਕਿ ਸਿੱਖ ਪਾਕਿਸਤਾਨ ਵਿਚ ਹੀ ਇਕ ਨੀਮ-ਖ਼ੁਦ-ਮੁਖਤਿਆਰ ਖਿੱਤਾ ਪ੍ਰਾਪਤ ਕਰ ਲੈਣ। ਕੀ ਇਹ ਸੌਦਾ ਕੌਮ ਲਈ ਲਾਹੇਵੰਦ ਰਹਿੰਦਾ?

**ਟੌਹੜਾ ਸਾਹਿਬ** - ਬਹੁਤ ਵਧੀਆ ਰਹਿਣਾ ਸੀ। ਸੰਸਾਰ ਵਿਚ ਸਾਡੀ ਇਕ ਵਿਲੱਖਣ ਹੋਂਦ ਹੈ। ਸਾਡੇ ਵਿਚ ਇਕ ਪੂਰਨ ਤੇ ਆਜ਼ਾਦ ਨੇਸ਼ਨ ਵਾਲੀਆਂ ਸਾਰੀਆਂ ਵਿਸ਼ੇਸ਼ਤਾਵਾਂ ਹਨ ਤੇ ਜੇ ਕਿਸੇ ਨੇਸ਼ਨ ਦਾ ਆਪਣਾ ਘਰ ਹੀ ਨਾ ਹੋਵੇ

ਤਾਂ ਬੜੀ ਖੱਜਲ਼-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਜਿਨਾਹ ਕਹਿੰਦਾ ਸੀ, ਜੇ ਉਹ ਮੰਨ ਵੀ ਲੈਂਦੇ ਤਾਂ ਨੁਕਸਾਨ ਨਹੀਂ ਸੀ। ਉਹਦੀ ਤਾਂ ਨਾਲ਼ੇ ਸ਼ਰਤ ਸੀ ਕਿ ਜੇ 10 ਸਾਲਾਂ ਬਾਅਦ ਵੀ ਸਿੱਖ ਸੰਤੁਸ਼ਟਤਾ ਮਹਿਸੂਸ ਨਾ ਕਰਨ ਤਾਂ ਉਹਨਾਂ ਨੂੰ ਵੱਖਰੇ ਹੋਣ ਦਾ ਵੀ ਹੱਕ ਹੋਵੇਗਾ।

**ਕੰਵਲ** - ਅੱਜ ਕੱਲ੍ਹ ਸਾਡਾ ਜਨਤਾ ਪਾਰਟੀ ਨਾਲ ਗੱਠਜੋੜ ਹੈ। ਕੀ ਆਪ ਸਮਝਦੇ ਹੋ ਇਹ ਸਥਾਈ ਹੈ?

**ਟੌਹੜਾ ਸਾਹਿਬ** - ਅਸਲ ਵਿਚ ਜਿੰਨੀ ਦੇਰ ਕੋਈ ਵੱਧ-ਗਿਣਤੀ ਕਿਸੇ ਘੱਟ-ਗਿਣਤੀ ਵੱਲ ਖੁਲ੍ਹਦਿਲੀ ਨਾ ਅਪਣਾਏ ਇਸ ਵਿਚ ਮੁਸ਼ਕਲ ਦੀ ਸੰਭਾਵਨਾ ਬਣੀ ਹੀ ਰਹਿੰਦੀ ਹੈ। ਹਾਂ, ਖੁੱਲ੍ਹਦਿਲੀ ਹੋਵੇ ਤਾਂ ਖ਼ਤਰਾ ਨਹੀਂ।

**ਕੰਵਲ** - ਅੰਮ੍ਰਿਤਸਰ ਸਥਾਪਨਾ-ਦਿਵਸ ਦੇ ਸਮਾਗਮਾਂ ਵਿਚ ਕੇਂਦਰੀ ਨੇਤਾਵਾਂ ਨੇ ਕਈ ਵਾਅਦੇ ਕੀਤੇ ਸਨ। ਇਹਨਾਂ ਦੀ ਪੂਰਤੀ ਕਿੱਥੋਂ ਤੀਕ ਹੋ ਸਕੀ ਹੈ।

**ਟੌਹੜਾ ਸਾਹਿਬ** - ਵੱਡੀ ਮੰਗ ਸੀ ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣ ਵਾਲੀ। ਚੌਧਰੀ ਚਰਨ ਸਿੰਘ ਨੇ ਕਿਹਾ ਸੀ ਜੂਨ 1978 ਤੱਕ ਬਣਾ ਦਿਆਂਗੇ। ਇਹੋ ਗੱਲ ਤਾਂ ਸਿਰੇ ਚੜ੍ਹਨ ਵਾਲੀ ਐ। ਬਾਕੀ ਸੀ ਹਰਿਮੰਦਰ ਸਾਹਿਬ ਰੇਡੀਓ ਸਟੇਸ਼ਨ ਬਾਰੇ ਉਦੋਂ ਸ੍ਰੀ ਅਡਵਾਨੀ ਨੇ ਕਿਹਾ ਸੀ, ਵਿਚਾਰਾਂਗੇ। ਇਸ ਸਬੰਧ ਵਿਚ ਲਿਖਾ-ਪੜ੍ਹੀ ਵੀ ਚੱਲ ਰਹੀ ਐ। ਅਸੀਂ ਮਿਲੇ ਵੀ ਹਾਂ। ਮੈਂ ਭਰੋਸਾ ਦਵਾਇਆ ਸੀ ਵਈ ਏਥੋਂ ਕਿਸੇ ਸਿਆਸੀ ਗੱਲ ਨਸ਼ਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਨਾਲ਼ੇ ਕੁੰਜੀਆਂ ਤਾਂ ਤੁਹਾਡੇ ਹੱਥ ਈ ਨੇ। ਜੇ ਅਜਿਹਾ ਹੋਵੇ ਤੁਸੀਂ ਜਦੋਂ ਚਾਹੋ ਬੰਦ ਕਰ ਸਕਦੇ ਹੋ। ਅਸੀਂ ਕੇਵਲ ਆਪਣੇ ਲਈ ਹੀ ਇਹ ਨਹੀਂ ਚਾਹੁੰਦੇ ਸਾਡੇ ਵੱਲੋਂ ਗੀਤਾ-ਭਵਨ ਗੋਰਖਪੁਰ ਵਾਲਿਆਂ ਨੂੰ ਵੀ ਇਜਾਜ਼ਤ ਦੇ ਦੇਵੋ। ਕੁਰਾਨ ਸ਼ਰੀਫ਼ ਦੀਆਂ ਆਇਤਾਂ ਦੇ ਪ੍ਰਸਾਰਨ ਦੀ ਵੀ ਖੁੱਲ੍ਹ ਦੇ ਦਿਓ, ਈਸਾਈਆਂ ਨੂੰ ਵੀ ਧਿਆਨ ਵਿਚ ਰੱਖ ਲਵੋ। ਪਰ ਸਮਝ ਨਹੀਂ ਆਉਂਦੀ ਝਿਜਕ ਕਿਸ ਗੱਲ ਦੀ ਐ? ਗੱਲ ਅਜੇ ਤੱਕ ਕਿਸੇ ਤਣ-ਪੱਤਣ ਨਹੀਂ ਲੱਗੀ। ਕੋਸ਼ਿਸ਼ ਜਾਰੀ ਐ। (ਮੈਂ ਵੇਖਿਆ ਉਹਨਾਂ ਦੇ ਚਿਹਰੇ ਤੇ ਅਫ਼ਸੋਸ ਦੀ ਭਾਵਨਾ ਪਰਤੱਖ ਸੀ।)

**ਕੰਵਲ** - ਦੂਸਰੀਆਂ ਮੰਗਾਂ?

**ਟੌਹੜਾ ਸਾਹਿਬ** - ਹਾਂ ਹੋਰ ਅੰਮ੍ਰਿਤਸਰ ਏਅਰਪੋਰਟ ਨੂੰ ਇੰਟਰਨੈਸ਼ਨਲ ਏਅਰਪੋਰਟ ਡੈਕਲੇਅਰ ਕਰਨ ਤੇ ਅੰਮ੍ਰਿਤਸਰ ਨੂੰ ਡਰਾਈਪੋਰਟ ਬਨਾਉਣ ਵਾਲੀਆਂ ਗੱਲਾਂ ਸੀ। ਇਨ੍ਹਾਂ ਵੱਲੋਂ ਲਗਦੈ ਕਿ ਜਬਾਬ ਈ ਐ। ਬਾਕੀ ਜਾਰਜ ਫਰਨਾਡਿਜ਼ ਨੂੰ ਪੰਜਾਬ 'ਚ ਖੰਡ ਮਿਲਾਂ ਤੇ ਸੀਮੈਂਟ ਕਾਰਖਾਨਾ ਲਾਉਣ ਦੇ ਇਕਰਾਰ ਬਾਰੇ ਅਸੀਂ ਮਿਲੇ ਤਾਂ ਉਹਨਾਂ ਕਿਹਾ ਕਿ ਪ੍ਰਾਈਮ ਮਨਿਸਟਰ ਦਾ ਐਟੀਚਿਊਡ ਇਸ ਬਾਰੇ ਸਖ਼ਤ ਐ। ਚੀਨੀ ਸਸਤੀ ਕਰਨ ਤੇ ਗੰਨੇ ਦੇ ਮਸਲੇ ਬਾਰੇ ਵੀ ਜ਼ੋਰ ਦੇ ਕੇ



ਕਿਹਾ। ਇੰਡਸਟਰੀ ਬਾਰੇ ਉਨ੍ਹਾਂ ਕਿਹਾ ਵਈ ਮੈਂ ਚੌਹਾਂ ਸਟੇਟਾਂ ਦੀ ਮੀਟਿੰਗ ਜਲਦੀ ਬੁਲਾਵਾਂਗਾ।

**ਕੰਵਲ** - ਨਿਰੰਕਾਰੀ ਮਸਲੇ ਬਾਰੇ ਆਮ ਲੋਕਾਂ 'ਚ ਇਹ ਭਾਵਨਾ ਪਾਈ ਜਾਂਦੀ ਹੈ ਕਿ ਇਸ ਮਸਲੇ 'ਤੇ ਸਿੱਖ-ਲੀਡਰਸ਼ਿਪ ਅਵਾਮ ਦੇ ਜਜ਼ਬਾਤਾਂ ਦੀ ਸਹੀ ਤਰਜਮਾਨੀ ਨਹੀਂ ਕਰ ਸਕੀ। ਇਸ ਬਾਰੇ ਕੀ ਖਿਆਲ ਹੈ?

**ਟੌਹੜਾ ਸਾਹਿਬ** - ਵੇਖੋ ਜਿੱਥੋਂ ਤਕ ਤਾਂ ਹੈ ਸਟੇਟ ਗੌਰਮਿੰਟ ਵੱਲੋਂ ਐਕਸ਼ਨ ਦਾ ਸਵਾਲ, ਉਸਦਾ ਐਕਸ਼ਨ ਬਿਲਕੁਲ ਠੀਕ ਹੈ। ਹਾਂ, ਪਹਿਲੀ ਸਟੇਜ ਤੇ ਕੁਝ ਅਵੇਸਲਾਪਣ ਜ਼ਰੂਰ ਹੋਇਆ ਹੈ, ਸ਼ਾਇਦ ਇਸਦੇ ਕੁਝ ਕਾਰਨ ਹੋਣ। ਪਰ ਇਸ ਵਿਚ ਬਦ-ਦਿਆਨਤਦਾਰੀ ਬਿਲਕੁਲ ਨਹੀਂ। ਜਿਹੜੇ ਲੋਕ ਸਰਕਾਰ ਦੀ ਬਦਦਿਆਨਤਦਾਰੀ ਦੀ ਗੱਲ ਕਰਦੇ ਐ, ਉਹ ਖ਼ੁਦ ਬਦਦਿਆਨਤਦਾਰ ਨੇ। ਜਿਹੜੇ ਲੋਕ ਸਾਨੂੰ ਇਹ ਆਖਦੇ ਨੇ ਕਿ ਕੋਈ ਪ੍ਰੋਗਰਾਮ ਨਹੀਂ ਦਿੱਤਾ, ਇਹ ਵੀ ਗੱਲ ਗ਼ਲਤ ਐ। ਅਸੀਂ ਤਾਂ ਸਮਝਦੇ ਆਂ, ਹੁਕਮਨਾਮੇ ਰਾਹੀਂ ਪ੍ਰਚਾਰ ਹੋ ਰਿਹੈ, ਮੁਕੱਦਮਾ ਲੜਨ ਲਈ ਵਕੀਲਾਂ ਦੀ ਡੀਫੈਂਸ ਕਮੇਟੀ ਵੀ ਕੰਮ ਕਰ ਰਹੀ ਐ, ਬਾਹਰਲੇ ਲੋਕਾਂ ਨੂੰ ਇਸ ਸਮੱਸਿਆ ਤੋਂ ਜਾਣੂੰ ਕਰਵਾਉਣ ਲਈ ਵਾਈਟ-ਪੇਪਰ ਵੀ ਫ਼ਿਲਹਾਲ ਇੰਗਲਿਸ਼ ਵਿਚ ਛਾਪ ਦਿੱਤੈ। ਬਾਰਾਂ ਹੋਰ ਪੈਂਫਲਿਟ ਤੇ ਹੋਰ ਲਿਟਰੇਚਰ ਵੀ ਛਾਪਿਐ। ਉਨ੍ਹਾਂ ਨੂੰ ਪੁੱਛਣ ਵਾਲਾ ਹੋਵੋ ਵਈ ਇਹ ਸਾਰਾ ਪ੍ਰੋਗਰਾਮ ਨਹੀਂ? ਜਿਹੜੇ ਲੋਕ ਜਜ਼ਬਾਤੀ ਹੋ ਕੇ ਕਿਰਪਾਨਾਂ ਕੱਢਣ ਦੇ ਪ੍ਰੋਗਰਾਮ ਦੀ ਗੱਲ ਸੋਚਦੇ ਐ- ਇਹ ਸੋਚ ਅਸਲ ਵਿਚ ਤਾਕਤ ਦੇ ਭੁੱਖੇ ਜਜ਼ਬਾਤੀ ਲੋਕਾਂ ਦੀ ਸੋਚ ਐ। ਇਹਦੇ ਸਿੱਟਿਆਂ ਬਾਰੇ ਉਹ ਸੰਜੀਦਗੀ ਨਾਲ ਨਹੀਂ ਸੋਚਦੇ ਕਿ ਇਸ ਨਾਲ ਸੂਬੇ ਵਿਚ ਫ਼ਿਰਕੂ ਫ਼ਸਾਦ ਵੀ ਹੋ ਸਕਦੈ ਐ, ਵਿਰੋਧੀ ਪ੍ਰੈਸ ਵਿਰੁੱਧ ਲੋਕਾਂ ਦੇ ਜਜ਼ਬਾਤ ਵੀ ਭੜਕ ਸਕਦੇ ਹਨ। ਦੂਸਰੇ ਰਾਜਾਂ 'ਚ ਬੈਠੇ ਸਿੱਖਾਂ ਨੂੰ ਵੀ ਨੁਕਸਾਨ ਪੁੱਜ ਸਕਦੈ, ਅੰਤਰਰਾਸ਼ਟਰੀ ਪੱਧਰ ਤੱਕ ਇਸ ਦਾ ਅਸਰ ਪੈ ਸਕਦਾ ਹੈ। (ਮੈਂ ਟੌਹੜਾ ਸਾਹਿਬ ਦੇ ਕਿਸੇ ਅਤਿ ਸਿਆਣੇ ਬਜ਼ੁਰਗ ਵਾਂਗ ਵਿਸ਼ਵ ਸਿੱਖ-ਪਰਿਵਾਰ ਦੀਆਂ ਸਮੱਸਿਆਵਾਂ ਨੂੰ ਸੰਜੀਦਗੀ ਨਾਲ ਨਜਿੱਠਣ ਵਾਲੀ ਸੋਚਣੀ ਤੇ ਮਨ ਹੀ ਮਨ ਵਿਚ ਕੁਰਬਾਨ ਜਾ ਰਿਹਾ ਸਾਂ)।

**ਕੰਵਲ** - ਦਸ ਲੱਖ ਦੇ ਦਿੱਲੀ 'ਚ ਹੋਏ ਰੋਸ ਮੁਜ਼ਾਹਰੇ ਸਮੇਂ ਡਿਸਾਈ ਸਾਹਿਬ ਨੇ ਦਿੱਲੀ ਠਹਿਰਨਾ ਵੀ ਗਵਾਰਾ ਕਿਉਂ ਨਹੀਂ ਕੀਤਾ?

**ਟੌਹੜਾ ਸਾਹਿਬ** - ਇਹ ਮੁਜ਼ਾਹਰਾ ਕਿਤੇ ਆਪਾਂ ਡਿਸਾਈ ਸਾਹਿਬ ਤੋਂ ਮਹੂਰਤ ਕੱਢਾ ਕੇ ਰੱਖਿਆ ਸੀ? (ਉਹ ਹਸਦੇ ਹੋਏ ਬੋਲੇ) ਇਹ ਕੌਮ ਦਾ ਆਪਣਾ ਰੋਸ ਪ੍ਰਗਟ ਕਰਨ ਦਾ ਪ੍ਰੋਗਰਾਮ ਸੀ, ਸਲਾਹ-ਮਸ਼ਵਰੇ ਦਾ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ। ਡਿਸਾਈ ਸਾਹਿਬ ਮੇਰਾ ਖਿਆਲ ਹੈ ਪਹਿਲੋਂ ਮਿਥੇ ਪ੍ਰੋਗਰਾਮ ਅਨੁਸਾਰ ਉਸ ਦਿਨ ਡੈਮ ਦਾ ਉਦਘਾਟਨ ਕਰਨ ਚਲੇ ਗਏ। ਨਾਲ਼ੇ, ਕੰਵਲ ਤੂੰ ਸੋਚ ਵਈ ਜੋ ਡਿਸਾਈ ਸਾਹਿਬ ਦੋ ਸੌ ਸਿੱਖਾਂ ਦਾ ਮੈਮੋਰੰਡਮ ਲੈ ਸਕਦੇ ਐ ਤਾਂ ਦਸ ਲੱਖ ਸਿੱਖਾਂ ਤੋਂ ਮੈਮੋਰੰਡਮ ਲੈਣ 'ਚ ਉਹਨਾਂ ਨੂੰ ਕੀ ਇਤਰਾਜ਼ ਹੋ ਸਕਦੈ?

**ਕੰਵਲ** - ਗੁਰਬਚਨ ਸਿੰਘ ਨੇ ਕਿਹਾ ਸੀ ਕਿ ਉਸ ਨੇ ਜ਼ਮਾਨਤ ਸ੍ਰੀ ਡਿਸਾਈ ਤੇ ਸ੍ਰੀ ਬਾਜਪਾਈ ਦੇ ਮਸ਼ਵਰੇ ਤੇ ਕਰਵਾਈ ਸੀ। ਉਹਨਾਂ ਦਾ ਇਹ ਮਸ਼ਵਰਾ ਦੇਣਾ ਬਣਦਾ ਸੀ?

**ਟੌਹੜਾ ਸਾਹਿਬ** - ਉਹਨਾਂ ਦੇ ਸਲਾਹ ਦੇਣ ਦੀ ਸੰਭਾਵਨਾ ਤਾਂ ਕੋਈ ਨਹੀਂ। ਜੇ ਉਹਨਾਂ ਕੋਲ ਜਾ ਕੇ ਰੋਇਆ-ਪਿੱਟਿਆ ਹੋਵੇ ਤੇ ਉਹਨਾਂ ਨੇ ਸਰਸਰੀ ਅਦਾਲਤ ਦਾ ਦਰਵਾਜ਼ਾ ਖਟਕਾਣ ਵਾਲੀ ਗੱਲ ਕਹਿ ਦਿੱਤੀ ਹੋਵੇ ਤਾਂ ਪਤਾ ਨਹੀਂ। ਪਰ ਇਕ ਗੱਲ ਜ਼ਰੂਰ ਹੈ ਉਨ੍ਹਾਂ ਦੀ ਦਿਆਨਤਦਾਰੀ ਮੰਗ ਕਰਦੀ ਸੀ ਕਿ ਉਹਨਾਂ ਨੂੰ ਉਸਦੇ ਇਹ ਕਹਿਣ 'ਤੇ ਇਸ ਗੱਲ ਦੀ ਜ਼ੋਰਦਾਰ ਤਰਦੀਦ ਕਰਕੇ ਆਪਣੀ ਪੁਜੀਸ਼ਨ ਸਪਸ਼ਟ ਕਰ ਦੇਣੀ ਚਾਹੀਦੀ ਸੀ।

**ਕੰਵਲ** - ਕਈ ਲੋਕ ਕਹਿੰਦੇ ਐ ਅਕਾਲੀ-ਮੈਂਬਰਾਂ ਨੂੰ ਪਾਰਲੀਮੈਂਟ ਵਿਚ ਇਹ ਪ੍ਰਸ਼ਨ ਉਠਾਉਣਾ ਚਾਹੀਦਾ ਸੀ!

**ਟੌਹੜਾ ਸਾਹਿਬ** - ਕਾਨੂੰਨੀ ਕਾਰਵਾਈ ਸਹਾਰੇ ਅਸੀਂ ਠੀਕ ਦਿਸ਼ਾ ਵੱਲ ਜਾ ਰਹੇ ਹਾਂ। ਸਾਰੇ ਕੇਂਦਰੀ ਨੇਤਾਵਾਂ ਤੇ ਬਹੁਤ ਸਾਰੇ ਪਾਰਲੀਮੈਂਟ ਮੈਂਬਰਾਂ ਨੂੰ ਅਸੀਂ ਆਪਣਾ ਪੱਖ ਪੂਰੀ ਤਰ੍ਹਾਂ ਪੇਸ਼ ਕੀਤਾ। ਜੇ ਇਹ ਸਵਾਲ ਪਾਰਲੀਮੈਂਟ ਵਿਚ ਉਠਾਂਦੇ ਤਾਂ ਕਹਿਣ ਵਾਲੇ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਨਿਰੰਕਾਰੀਆਂ ਨੇ ਉਨ੍ਹਾਂ ਨੂੰ ਕੀ ਪਤਾ ਕਿਵੇਂ ਪਾਣੀ ਵਾਂਗੂੰ ਪੈਸਾ ਵਹਾ ਕੇ ਤੇ ਐਸ਼ੋ-ਇਸ਼ਰਤ ਕਰਵਾਕੇ ਕਿੰਨੇ ਮੈਂਬਰਾਂ ਨੂੰ ਆਪਣੇ ਵੱਲ ਕੀਤਾ ਹੈ। ਇਸਦੇ ਉਲਟ ਸੁਆਦ ਦੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਦੇ ਹੱਕ 'ਚ ਅੱਜ ਤੱਕ ਇਕ ਮੈਂਬਰ ਨੇ ਵੀ ਪਾਰਲੀਮੈਂਟ 'ਚ ਨਹੀਂ ਆਖਿਆ ਕਿ ਨਿਰੰਕਾਰੀ ਠੀਕ ਹਨ। ਇਹ ਸਾਡੀਆਂ ਕੋਸ਼ਿਸ਼ਾਂ ਤੇ ਸੱਤ ਮੈਂਬਰਾਂ ਦੇ ਰੋਅਬ ਸਦਕਾ ਈ ਐ ਕਿ ਅਸੀਂ ਆਪਣੇ ਅਸਰ ਸਦਕਾ ਉਹਨਾਂ ਨੂੰ ਡੱਕ ਸਕੇ ਆਂ।

**ਕੰਵਲ** - ਪੰਜਾਬ ਸਰਕਾਰ ਦੇ ਵਿਕਾਸ ਕੰਮਾਂ ਬਾਰੇ ਤੁਹਾਡਾ ਕੀ ਖਿਆਲ ਹੈ?

**ਟੌਹੜਾ ਸਾਹਿਬ** - ਕੰਮ ਠੀਕ ਹੋ ਰਿਹਾ ਹੈ... ਪਰ ਬੜਾ ਕੁਝ ਹੋਰ ਕਰਨ ਦੀ ਜ਼ਰੂਰਤ ਹੈ। ਮੈਂ ਸੋਚਦਾ ਹਾਂ ਕਿ ਪੰਜਾਬ ਨੂੰ ਏਨਾ ਉੱਨਤ ਕਰ ਦਿੱਤਾ ਜਾਵੇ (ਮੈਂ ਵੇਖਿਆ ਟੌਹੜਾ ਸਾਹਿਬ ਦੇ ਵਜਦ ਵਿਚ ਮੀਟੇ ਨੂਰਾਨੀ-ਨੈਣਾਂ ਵਿਚ ਉਹਨਾਂ ਦੇ ਕਲਪਿਤ ਕੀਤੇ ਸਵਰਗ ਪੰਜਾਬ ਦਾ ਸਤਰੰਗਾ ਸੁਪਨਾ ਲਟਕ ਰਿਹਾ ਸੀ।) ਕਿ ਅਸੀਂ ਪੰਜਾਬ ਨੂੰ ਦੁਨੀਆਂ ਭਰ ਦੇ ਲੋਕਾਂ ਨੂੰ ਇਕ ਆਦਰਸ਼ਕ-ਖਿੱਤਾ ਬਣਾਕੇ ਵਿਖਾ ਸਕੀਏ ਜਿੱਥੇ ਮਜ਼ਦੂਰ, ਮੁਲਾਜ਼ਮ ਛੋਟੇ ਤੋਂ ਛੋਟਾ ਕਿਸਾਨ, ਛੋਟਾ ਦੁਕਾਨਦਾਰ, ਗੱਲ ਕੀ ਹਰ ਕਿਰਤੀ ਸਵੈਮਾਨ ਭਰਿਆ ਸੌਖਾ ਜੀਵਨ ਬਤੀਤ ਕਰ ਰਿਹਾ ਹੋਵੇ।

**ਕੰਵਲ** - ਕੀ ਤੁਸੀਂ ਸਮਝਦੇ ਹੋ ਕਿ ਪੰਜਾਬ 'ਚ ਪਿਛਲੇ ਕੁਰੱਪਟ ਸਿਆਸਤਦਾਨਾਂ ਵਿਰੁੱਧ ਉੱਚਿਤ ਕਾਰਵਾਈ ਹੋਈ ਹੈ ਜਾਂ ਹੋ ਰਹੀ ਹੈ ਤੇ ਹੁਣ ਕੁਰੱਪਸ਼ਨ ਨੂੰ ਠੱਲ੍ਹ ਪੈ ਚੁੱਕੀ ਹੈ?



**ਟੌਹੜਾ ਸਾਹਿਬ** - ਇਹ ਤਾਂ ਵਈ ਕੰਵਲ ਤੂੰ ਨਾ ਹੀ ਪੁੱਛ... ਸਭ ਅੱਛਾ ਹੈ। (ਮੈਨੂੰ ਉਹਨਾਂ ਦੇ ਅਪਣੱਤ ਨਾਲ ਹਾਸੇ ਵਿਚ ਟਾਲ ਜਾਣ 'ਚੋਂ ਆਪਣੇ ਪ੍ਰਸ਼ਨ ਦਾ ਉੱਤਰ ਮਿਲ ਗਿਆ ਸੀ।)

**ਕੰਵਲ** - ਰਾਜਾਂ ਨੂੰ ਵੱਧ ਅਧਿਕਾਰਾਂ ਬਾਰੇ ਬੜੀ ਗੰਧਲ-ਚੌਂਦੇਂ ਪਈ ਹੋਈ ਹੈ। ਆਨੰਦਪੁਰ ਦੇ ਮਤੇ ਦੀ ਰੌਸ਼ਨੀ ਵਿਚ ਇਸ ਬਾਰੇ ਕੁਝ...?

**ਟੌਹੜਾ ਸਾਹਿਬ** - ਅਸਲ ਵਿਚ ਦਿਆਨਤਦਾਰੀ ਤਾਂ ਇਹ ਹੈ ਕਿ ਅਸੀਂ ਆਪਣੇ ਨਿਸ਼ਾਨੇ ਬਾਰੇ ਅਸਪਸ਼ਟ ਹੀ ਰਹੇ ਹਾਂ ਤੇ ਇਉਂ ਹੀ ਇਸ ਨੂੰ ਪ੍ਰਾਪਤ ਕਰਨ ਬਾਰੇ। ਹਾਂ, ਜਿੱਥੋਂ ਤੱਕ ਸਟੇਟਾਂ ਨੂੰ ਵੱਧ ਅਧਿਕਾਰਾਂ ਦਾ ਸਵਾਲ ਹੈ, ਬਹੁਤ ਸਾਰੇ ਸੂਬੇ ਇਹ ਮੰਗ ਕਰ ਰਹੇ ਹਨ। ਮਸਲਨ ਬੰਗਾਲ ਇਹ ਮੰਗ ਬੜੇ ਜ਼ੋਰ ਨਾਲ ਕਰ ਰਿਹਾ ਹੈ। ਪਰ ਜੇ ਪੰਜਾਬ ਵੱਲੋਂ ਇਹੀ ਮੰਗ ਆਨੰਦਪੁਰ ਦੇ ਮਤੇ ਦੀ ਆਵਾਜ਼ ਵਿਚ ਉਠਦੀ ਹੈ ਤਾਂ ਕੁਝ ਲੋਕਾਂ ਨੂੰ ਆਨੰਦਪੁਰ ਦੇ ਨਾਂ ਤੋਂ ਹੀ ਘਬਰਾਹਟ ਹੋ ਜਾਂਦੀ ਹੈ। ਸਾਡਾ ਸਪਸ਼ਟ ਮੁਤਾਲਬਾ ਹੈ ਕਿ ਚਾਰ ਵੱਡੇ ਮਹਿਕਮੇ ਡਿਫੈਂਸ, ਵਿਦੇਸ਼ ਵਿਭਾਗ, ਕਰੰਸੀ ਤੇ ਸੰਚਾਰ ਤੋਂ ਬਿਨਾਂ ਸਾਰੇ ਮਹਿਕਮੇ ਸੂਬਿਆਂ ਕੋਲ ਹੋਣ। ਹੋਰ ਸਪਸ਼ਟ ਇਹ ਗੱਲ ਅਸੀਂ ਚਾਹੁੰਦੇ ਹਾਂ ਕਿ ਜਿੰਨੇ ਵੀ ਸਟੇਟ-ਸਬਜੈਕਟ ਹਨ, ਉਹਨਾਂ ਵਿਚ ਕੇਂਦਰ ਵਾਧੂ ਟੰਗਾਂ ਨਾ ਅੜਾਵੇ। ਰਾਜਾਂ ਨੂੰ ਰਾਜ ਹੀ ਰਹਿਣ ਦੇਵੇ। ਮਿਉਂਸਪਲ ਕਮੇਟੀਆਂ ਨਾ ਬਣਾਵੇ।

**ਕੰਵਲ** - ਆਗਾਮੀ ਗੁਰਦੁਆਰਾ ਚੋਣਾਂ ਵਿਚ ਇਸਤਰੀਆਂ ਨੂੰ ਪ੍ਰਤੀਨਿਧਤਾ ਦੇ ਰਹੇ ਹੋ?

**ਟੌਹੜਾ ਸਾਹਿਬ** - ਹਾਂ ਜ਼ਰੂਰ। ਇਸਤਰੀਆਂ ਨੂੰ ਵੀ, ਬੁੱਧੀਜੀਵੀਆਂ ਨੂੰ ਵੀ ਤੇ ਸਗੋਂ ਵਿਦਿਆਰਥੀਆਂ ਨੂੰ ਵੀ। ਪਰ ਪੂਰੀ ਪੜਤਾਲ ਕਰਕੇ ਕਿ ਵਿਅਕਤੀ ਸ਼ਰਾਬ ਦਾ ਇਸਤੇਮਾਲ ਬਿਲਕੁਲ ਨਾ ਕਰਦਾ ਹੋਵੇ ਅਤੇ ਉਸ ਦੇ ਘਰ ਵਿਚ ਵੀ ਕੋਈ ਪਤਿਤ ਨਾ ਹੋਵੇ।

**ਕੰਵਲ** - ਕੁਝ ਬਾਹਰਲੇ ਦੇਸ਼ਾਂ 'ਚ ਵਸਦੇ ਸਿੱਖਾਂ ਦੇ ਪ੍ਰਸੰਗ ਵਿਚ?

**ਟੌਹੜਾ ਸਾਹਿਬ** - ਹਾਂ ਬਾਹਰਲੇ ਦੇਸ਼ਾਂ ਦੇ ਸਿੱਖਾਂ ਬਾਰੇ ਮੈਂ ਹਮੇਸ਼ਾ ਚਿੰਤਤ ਹਾਂ। ਉਹਨਾਂ ਦੇ ਕੁਝ ਬਹੁਤ ਜ਼ਰੂਰੀ ਮਸਲੇ ਹਨ। ਜਿਵੇਂ ਉਹਨਾਂ ਤੇ ਉਹਨਾਂ ਦੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਣਾ, ਉਥੋਂ ਦੀਆਂ ਪ੍ਰਸਥਿਤੀਆਂ ਵਿਚ ਉਹਨਾਂ ਦੀ ਧਾਰਮਿਕ ਆਜ਼ਾਦੀ ਦੀ ਬਰਕਰਾਰੀ, ਉਹਨਾਂ ਨੂੰ ਪੰਜਾਬ ਵਿਚ ਇੰਡਸਟਰੀ ਜਾਂ ਹੋਰ ਕਾਰੋਬਾਰ ਲਈ ਰੁਪਿਆ ਭੇਜਣ ਦੀ ਛੋਟ, ਵਿਦੇਸ਼ੀ ਸਿੱਖਾਂ ਲਈ ਦੋਹਰੀ ਸਿਟੀਜਨਸ਼ਿਪ ਤੇ ਅਰਬ ਆਦਿਕ ਦੇ ਦੇਸ਼ਾਂ ਵਿਚ ਸਾਡੇ ਦਾਖਲੇ ਤੇ ਪਾਬੰਦੀ ਆਦਿਕ ਦੇ ਮਸਲੇ ਹੱਲ ਦੀ ਤਲਾਸ਼ ਮੰਗਦੇ ਹਨ।

**ਕੰਵਲ** - ਯੋਗੀ ਹਰਿਭਜਨ ਸਿੰਘ ਦੇ ਪੱਛਮ 'ਚ ਸਿੱਖੀ-ਪ੍ਰਚਾਰ ਬਾਰੇ ਬੜਾ ਵਾਦ-ਵਿਵਾਦ ਚੱਲ ਰਿਹਾ ਹੈ। ਇਸ ਬਾਰੇ ਕੁਝ ਚਾਨਣਾ ਪਾਓਗੇ?

**ਟੌਹੜਾ ਸਾਹਿਬ** - ਵੇਖੋ, ਜਿੱਥੋਂ ਤੱਕ ਤਾਂ ਯੋਗੀ ਦੇ ਮੰਤਵ ਦਾ ਸੁਆਲ ਹੈ, ਮੈਨੂੰ ਇਸ ਨਾਲ ਪੂਰੀ ਸੰਮਤੀ ਹੈ। ਉਸ ਨੇ ਪੱਛਮ ਵਿਚ ਸਿੱਖੀ ਦੇ ਪ੍ਰਚਾਰ ਦਾ ਉਪਰਾਲਾ ਕੀਤੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਸਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਵੀ ਕੀਤੀ ਗਈ ਹੈ। ਅਸੀਂ ਉਥੇ ਗਏ ਵੀ ਸੀ। ਸਾਰੇ ਕੁਝ ਨੂੰ ਮੈਂ ਉਥੇ ਚੰਗੀ ਤਰ੍ਹਾਂ ਘੋਖਿਆ। ਜਿੱਥੇ ਕਿਧਰੇ ਊਣਤਾਈ ਸੀ ਮੈਂ ਸਪਸ਼ਟ ਰੂਪ ਵਿਚ ਇਸਨੂੰ ਠੀਕ ਕਰਨ ਲਈ ਕਿਹਾ।

**ਕੰਵਲ** - ਸਿੱਖ ਧਰਮ ਯੋਗ ਮਤ ਦਾ ਖੰਡਨ ਕਰਦਾ ਹੈ। ਫਿਰ ਯੋਗੀ ਦੇ ਪ੍ਰੋਗਰਾਮਾਂ ਵਿਚ ਯੋਗ ਦਾ ਸ਼ਾਮਲ ਹੋਣਾ ਸਾਡੇ ਬੁਨਿਆਦੀ ਸਿਧਾਂਤਾਂ ਦੇ ਬਿਲਕੁਲ ਉਲਟ ਨਹੀਂ?

**ਟੌਹੜਾ ਸਾਹਿਬ** - ਉਲਟ ਤਾਂ ਹੈ ਹੀ। ਅਸਲ 'ਚ ਅਮਰੀਕਾ 'ਚ ਲੋਕ ਯੋਗ ਦੇ ਦੀਵਾਨੇ ਹਨ। ਤੁਸੀਂ ਉਥੇ ਯੋਗ ਦੇ ਚਾਰ ਲੈਕਚਰ ਦੇ ਦਿਓ ਉਹ ਉਲਟ ਕੇ ਮਗਰ ਲੱਗ ਜਾਣਗੇ। ਹਰਿਭਜਨ ਸਿੰਘ ਵੀ ਆਪਣੇ ਪੱਖ 'ਚ ਦਲੀਲ ਦਿੰਦਾ ਹੈ ਕਿ ਉਹ ਯੋਗ ਨੂੰ ਸਿਰਫ਼ ਸਾਧਨ ਵਜੋਂ ਵਰਤਦਾ ਹੈ, ਉਦੇਸ਼ ਵਜੋਂ ਨਹੀਂ। ਤੁਸੀਂ ਹੋਰ ਗੱਲ ਲੈ ਲਓ। ਉਹ ਆਪਣੇ ਆਪ ਨੂੰ 'ਸ੍ਰੀ ਸਿੰਘ ਸਾਹਿਬ' ਲਿਖਦੈ, ਮੈਂ ਉਸ ਦੀ ਇਸ ਗੱਲ ਦਾ ਵਿਰੋਧ ਕੀਤੈ। ਉਹ ਆਪਣੇ ਆਪਣੇ ਆਪ ਨੂੰ 'ਵੈਸਟਰਨ ਹੈਮੀਸਫ਼ੀਅਰ' ਵਿਚ ਸਿੱਖ ਧਰਮ ਦਾ ਹੈੱਡ ਅਖਵਾਉਂਦੈ। ਮੈਂ ਉਸਨੂੰ ਕਿਹਾ ਕਿ ਅਸੀਂ ਵਿਸ਼ਵ ਨੂੰ ਇਕ ਵੇਖਣ ਵਾਲੇ ਧਰਮ ਦੇ ਵਾਰਸ ਹਾਂ। ਇੱਥੇ ਈਸਟਰਨ ਵੈਸਟਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਨਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਸਦੀ ਘਾਲਣਾ ਲਈ ਪ੍ਰਸ਼ੰਸਾ ਪ੍ਰਗਟ ਕੀਤੀ ਗਈ ਹੈ ਤੇ ਸਬੰਧਤ ਹੁਕਮਨਾਮੇ ਵਿਚ ਉਸਨੂੰ ਭਾਈ ਸਾਹਿਬ ਸਰਦਾਰ ਹਰਿਭਜਨ ਸਿੰਘ ਕਿਹਾ ਗਿਆ ਹੈ 'ਸ੍ਰੀ ਸਿੰਘ ਸਾਹਿਬ' ਜਾਂ ਵੈਸਟਰਨ ਹੈਮੀਸਫ਼ੀਅਰ ਵਿਚ ਸਿੱਖ ਧਰਮ ਦਾ ਹੈੱਡ ਨਹੀਂ। ਇਸ ਤਰ੍ਹਾਂ ਮੈਂ ਯੋਗੀ ਜੀ ਦੇ ਪੱਛਮ ਵਿਚ ਸਿੱਖੀ ਪ੍ਰਚਾਰ ਦਾ ਪ੍ਰਸ਼ੰਸਕ ਹਾਂ, ਇਸਦੀ ਤਾਰੀਫ਼ ਕਰਦਾ ਹਾਂ, ਪਰ ਜਿੱਥੇ ਧਰਮ ਦੇ ਬੁਨਿਆਦੀ ਸਿਧਾਂਤਾਂ ਤੋਂ ਲਾਂਭੇ ਜਾਇਆ ਜਾਵੇ- ਮੈ ਇਸਦੇ ਵਿਰੁੱਧ ਹਾਂ। ਮੈਂ ਇਹਨਾਂ ਊਣਤਾਈਆਂ ਵੱਲ ਉਸਦਾ ਧਿਆਨ ਵੀ ਦਿਵਾਇਆ ਹੈ ਕਿਉਂਕਿ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੀ ਬਨਾ ਤੇ ਕਿਸੇ ਨਾਲ ਕੋਈ ਰਿਆਇਤ ਹੋਵੇ- ਇਹ ਹਰਗਿਜ਼ ਨਹੀਂ ਹੋ ਸਕਦਾ।

**ਕੰਵਲ** - ਹੋਰ ਕੋਈ ਪੰਥਕ ਸਮਾਚਾਰ?

**ਟੌਹੜਾ ਸਾਹਿਬ** - (ਮੁਸਕਰਾ ਕੇ) ਪੰਥ ਵਿਚ ਪੂਰਨ ਏਕਤਾ ਹੈ!

(1978)



# ਸੇਖੋਂ - ਇਕ ਸਿਆਸੀ ਅਕਸ

ਮੈਨੂੰ ਸਿਆਸਤ ਅਤੇ ਸਾਹਿਤ ਦੇ ਪਿੜਾਂ ਦੇ ਦੋ ਸ਼ਾਹ-ਸਵਾਰਾਂ ਨੂੰ ਨੇੜਿਓਂ ਤੱਕਣ-ਜਾਨਣ ਦਾ ਮੌਕਾ ਮਿਲਿਆ ਹੈ। ਦੋਵੇਂ ਜ਼ਿਲ੍ਹਾ ਲਾਇਲਪੁਰ ਦੀ ਜ਼ਰਖੇਜ਼ ਜ਼ਮੀਨ ਤੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਜਨਮੇ, ਦੋਹਾਂ ਦਾ ਇਕੋ ਜਿਹਾ ਦਰਮਿਆਨਾ ਕੱਦ, ਦੋਵੇਂ ਪਹਿਲੇ ਤੋੜ ਦੀ ਬੁੱਧੀ ਵਾਲੇ ਤੇ ਦੋਵੇਂ ਹੀ ਨੌਜਵਾਨਾਂ ਲਈ ਪ੍ਰੇਰਨਾ-ਸਰੋਤ। ਇਨ੍ਹਾਂ ਵਿਚੋਂ ਪਹਿਲਾ ਮਨੁੱਖ ਸੀ ਸਵਰਗਵਾਸੀ ਗਿਆਨੀ ਕਰਤਾਰ ਸਿੰਘ ਤੇ ਦੂਸਰਾ ਮਹਾਨ ਸਾਹਿਤਕਾਰ ਪ੍ਰਿੰਸੀਪਲ ਸੰਤ ਸਿੰਘ ਸੇਖੋਂ! ਪਰ ਦੋਹਾਂ ਵਿਚ ਉਪਰੋਕਤ ਸਮਾਨਤਾਵਾਂ ਦੇ ਬਾਵਜੂਦ ਵੀ ਮੈਂ ਜ਼ਮੀਨ ਅਸਮਾਨ ਦਾ ਅੰਤਰ ਦੇਖਿਆ ਹੈ ਕਿਉਂਕਿ ਜਿੱਥੇ ਪਹਿਲਾ ਰਾਜ-ਭਾਗ ਵਿਚ ਰਹਿੰਦਿਆਂ ਵੀ ਇਕ ਪੂਰਾ ਜੋਗੀ ਸੀ, ਉਥੇ ਦੂਜਾ ਜ਼ਿੰਦਗੀਆਂ ਦੀਆਂ ਔੜਾਂ-ਥੋੜਾਂ ਹੁੰਦਿਆਂ ਵੀ ਪੂਰਾ ਭੋਗੀ। ਜਿੱਥੇ ਪਹਿਲਾ ਗ੍ਰਹਿਸਥ-ਆਸ਼ਰਮ ਦੀ ਉਮਰੇ ਵੀ ਪ੍ਰਹੇਜ਼ਗਾਰ ਹੀ ਰਿਹਾ। ਉਥੇ ਦੂਜਾ ਸੰਨਿਆਸ ਆਸ਼ਰਮ ਦੀ ਉਮਰ ਵਿਚ ਵੀ ਔਰਤ ਦਾ ਰਸੀਆ। ਜਿੱਥੇ ਪਹਿਲਾ ਆਪਣੀਆਂ ਕਲਾਬਾਜ਼ੀਆਂ ਅਤੇ ਲਚਕਦਾਰ ਸੁਭਾਅ ਕਾਰਨ ਪ੍ਰਸਿੱਧ ਸੀ, ਜੇ ਇਸ ਨਾਲ ਕੌਮ ਦਾ ਕੁੱਝ ਭਲਾ ਹੁੰਦਾ ਹੋਵੇ, ਉਥੇ ਦੂਜਾ ਆਪਣੇ ਕੁਲੱਕੜਪੁਣੇ ਤੇ ਧਰੂ-ਤਾਰੇ ਵਾਂਗ ਇਕੋ ਥਾਂ ਟਿਕੇ ਰਹਿਣ ਕਾਰਨ, ਭਾਵੇਂ ਇਸ ਨਾਲ ਉਸ ਦਾ ਆਪਣਾ ਵੀ ਭਲਾ ਨਾ ਹੁੰਦਾ ਹੋਵੇ। ਜਿੱਥੇ ਪਹਿਲਾ ਕਿਸੇ ਵੱਡੀ ਤੋਂ ਵੱਡੀ ਰਾਜਨੀਤਕ ਕਾਨਫਰੰਸ ਨੂੰ ਸੰਬੋਧਨ ਕਰਨ ਜਾਣ ਲੱਗਿਆਂ ਜਵਾਨੀ ਤੋਂ ਹੀ ਬਾਥਰੂਮ ਵਿਚੋਂ ਇਸ਼ਨਾਨ ਕਰਕੇ ਨਾਲ੍ਹਾ ਕਮਰੇ ਵਿਚ ਤੇ ਪਗੜੀ ਬਰਾਮਦੇ ਵਿਚ ਜਾਂਦਿਆਂ ਹੀ ਬੰਨ੍ਹਦਾ ਸੀ, ਉਥੇ ਦੂਜਾ ਛੋਟੇ ਤੋਂ ਛੋਟੇ ਸਾਹਿਤਕ-ਸਮਾਗਮ ਵਿਚ ਸ਼ਾਮਲ ਹੋਣ ਲਈ ਜਾਂਦਿਆਂ ਬੁੱਢੇ-ਵਾਰੇ ਵੀ ਇੰਝ ਬਣ-ਠਣ ਕੇ ਨਿਕਲਦਾ ਹੈ ਜਿਵੇਂ ਮੁਕਲਾਵਾ ਲੈਣ ਜਾਣਾ ਹੋਵੇ!

ਸਾਧਾਰਨ ਪਾਠਕ ਲਈ ਸ਼ਾਇਦ ਇਹ ਗੱਲ ਹੈਰਾਨੀ ਵਾਲੀ ਹੋਵੇਗੀ ਕਿ ਸੇਖੋਂ ਨੂੰ ਸਿਆਸਤ ਵਿਚ ਓਨੀ ਹੀ ਦਿਲਚਸਪੀ ਹੈ ਜਿੰਨੀ ਕਿ ਸਾਹਿਤ ਵਿਚ ਭਾਵੇਂ ਕਿ ਸਿਆਸੀ ਖੇਤਰ ਵਿਚ ਉਸ ਦੇ ਪੈਰ ਮੂਲੋਂ ਹੀ ਨਹੀਂ ਲੱਗੇ। ਸੇਖੋਂ ਇਕ ਖਰਾਂਟ ਮਾਰਕਸਵਾਦੀ ਹੈ। ਅੰਦਰੋਂ ਤੇ ਬਾਹਰੋਂ, ਜੀਵਨ ਪੱਖੋਂ ਤੇ ਸਾਹਿਤ ਪੱਖੋਂ। ਉਸ ਨੇ ਆਪਣੀਆਂ ਲਿਖਤਾਂ ਵਿਚ ਆਪਣੀ ਪਾਰਟੀ ਦੇ ਸਿਧਾਂਤਾਂ ਨੂੰ ਪ੍ਰਚਾਰਿਆ ਤੇ ਆਪਣੀ ਪਾਰਟੀ ਨੂੰ ਪ੍ਰਾਣਾਂ ਤੋਂ ਪਿਆਰੀ ਕਰਕੇ ਜਾਣਿਆ ਹੈ। ਇਹ ਵੱਖਰੀ ਗੱਲ ਹੈ ਕਿ ਆਪਣੀ ਜਿਸ ਮਹਿਬੂਬਾ ਲਈ ਉਸ ਨੇ ਜਵਾਨੀ ਭਰ ਜਫ਼ਰ ਜਾਲੇ,

ਉਸ ਨੇ ਇਸ ਨਾਲ ਬੁੱਢੇ ਵਾਰੇ ਬੇਰੁਖੀ ਵਿਖਾਈ। ਪਰ ਸੇਖੋਂ ਅੱਜ ਵੀ ਆਪਣੇ ਤਖ਼ਤ ਹਜ਼ਾਰੇ ਦਾਖੇ ਸੁਬ੍ਹਾ-ਸ਼ਾਮ ਆਪਣੀ ਉਸ ਹੀਰ ਦੀ ਸਲਾਮਤੀ ਲਈ ਕਾਮਨਾ ਕਰਦਾ ਹੈ। ਉਸ ਨੇ ਆਪਣੀ ਪਾਰਟੀ ਲਈ ਕਿਸਾਨ-ਸਭਾਵਾਂ ਵਿਚ ਦਿਨ ਰਾਤ ਕੰਮ ਕੀਤਾ। ਬਾਬਾ ਗੁਰਮੁਖ ਸਿੰਘ ਨਾਲ ਪਿੰਡ-ਪਿੰਡ ਜਾ ਕੇ ਦਾਣੇ ਇਕੱਠੇ ਕੀਤੇ, ਚੰਦੇ ਉਗਰਾਹੇ ਤੇ ਪਾਰਟੀ ਦੇ ਆਪਣੇ ਉਤੇ ਲੱਗੇ ਲੇਬਲ ਕਾਰਨ ਤਿੰਨ ਥਾਵਾਂ ਤੋਂ ਨੌਕਰੀ ਤੁੜਵਾਈ। ਪਾਰਟੀ ਟਿਕਟ ਉੱਤੇ ਉਸ ਨੇ 1953 ਵਿਚ ਲੁਧਿਆਣਾ ਫਿਰੋਜ਼ਪੁਰ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜੀ ਤੇ ਪੰਜਾਬੀ ਸਾਹਿਤ ਦਾ ਇਹ ਜੇਤੂ ਜਰਨੈਲ ਚੋਣ-ਮੈਦਾਨ ਵਿਚ ਚੌਫ਼ਾਲ ਜਾ ਡਿੱਗਾ। ਪਰ ਉਸ ਦਾ ਤਨ-ਮਨ ਪਾਰਟੀ ਦਾ ਹੀ ਰਿਹਾ। ਸਾਹਿਤ ਵਿਚੋਂ ਕਮਾਇਆ ਹੋਇਆ ਥੋੜ੍ਹਾ-ਬਹੁਤਾ ਧਨ ਵੀ ਉਸ ਨੇ ਸਿਆਸਤ ਦੇ ਸ਼ੌਕ ਲਈ ਕੁਲੰਜ ਦਿੱਤਾ।

ਅੰਮ੍ਰਿਤਸਰ ਮਗਰੋਂ ਸੁਧਾਰ, ਫ਼ਤਿਹਗੜ੍ਹ, ਪਟਿਆਲੇ ਤੇ ਜੰਡਿਆਲੇ ਘੁੰਮ-ਘੁਮਾ ਕੇ ਪੁਰਾਣਾ ਹੋ ਉਹ 1971 ਵਿਚ ਆਪਣੇ ਘਰ ਦਾਖੇ ਪਰਤ ਆਇਆ। ਉਸ ਦਾ ਖੂਹ ਉਸ ਲਈ ਮੱਕਾ ਬਣ ਗਿਆ। ਉਸ ਨੇ ਅਣ-ਸੰਵਾਰੀ ਭੋਇੰ ਸੰਵਾਰੀ, ਖਿੰਡਰਿਆ ਸੰਦ-ਵਲੇਵਾ 'ਕੱਠਾ ਕੀਤਾ। ਉਹ ਸਾਹਿਤਕ ਸਮਾਗਮਾਂ ਦੀਆਂ ਪ੍ਰਧਾਨਗੀਆਂ ਕਰਦਾ, ਗੋਸ਼ਟੀਆਂ ਲਈ ਪੇਪਰ ਲਿਖਦਾ, ਰੋਜ਼ੀ ਲਈ ਯੂਨੀਵਰਸਿਟੀਆਂ ਵੱਲੋਂ ਮਿਲਿਆ ਕੰਮ ਭੁਗਤਾਉਂਦਾ ਪਰ ਉਸ ਦੀ ਸਗਲੀ ਰੂਹ ਖੇਤਾਂ ਨੇ ਮੱਲੀ ਹੁੰਦੀ। 'ਅੱਜ ਬੀ ਲਿਆਉਣੈ', 'ਅੱਜ ਟਿੱਬੇ ਵਾਲਾ ਖੇਤ ਕਰਾਹੁਣੈ', 'ਅੱਜ ਕਮਾਦ ਘੜਨ ਲੱਗਣੈ', 'ਅੱਜ ਝੋਨੇ ਵਿਚ ਪਾਣੀ ਛੱਡਿਐ', ਵਗੈਰਾ-ਵਗੈਰਾ। ਪਰ ਸਿਆਸਤ ਦੀ ਸੱਪਣੀ ਦੇ ਡੰਗ ਦਾ ਜ਼ਹਿਰ ਉਸ ਦੇ ਲਹੂ ਵਿਚ ਰਚ ਗਿਆ ਸੀ।

ਐਮਰਜੈਂਸੀ ਵਿਚ ਪੰਜਾਬੀ ਸਾਹਿਤ ਦਾ ਇਹ ਬਾਬਾ ਬੋਹੜ ਅਨੇਕਾਂ ਨਿੱਕੇ ਵੱਡੇ ਬੂਟਿਆਂ ਨੂੰ ਆਪਣੀ ਬੁੱਕਲ 'ਚ ਲਈ ਇਸ ਤੂਫ਼ਾਨ ਵਿਰੁੱਧ ਡਟਿਆ ਰਿਹਾ। ਜਦੋਂ ਸ੍ਰੀਨਗਰ ਕਾਨਫ਼ਰੰਸ ਵਿਚ ਕੁੱਝ ਸਰਕਾਰ ਪੱਖੀ ਲੇਖਕਾਂ ਨੇ ਐਮਰਜੈਂਸੀ ਦੇ ਹੱਕ ਵਿਚ ਮਤਾ ਪਾਸ ਕਰਨ ਦੀ ਗੱਲ ਨੂੰ ਸਮਝੋ ਅੰਤਿਮ ਰੂਪ ਦੇ ਹੀ ਲਿਆ ਸੀ ਤਾਂ ਸਮਾਗਮ ਵਾਲੇ ਹਾਲ ਵਿਚ ਕੁਰਸੀਆਂ ਵਿਚਕਾਰਲੇ ਰਸਤੇ ਤੋਂ ਹੱਥ ਉੱਚਾ ਕਰੀ ਸਟੇਜ ਵੱਲ ਆਉਂਦਾ ਸੇਖੋਂ ਗਰਜਦੇ ਬੱਦਲ ਵਾਂਗ ਗਰਜਿਆ, "ਠਹਿਰੋ... ਬਈ ਠਹਿਰੋ ਮੈਨੂੰ ਵੀ ਕਰ ਲੈਣ ਦਿਓ ਇਕ ਗੱਲ।" ਤੇ ਫਿਰ ਉਸ ਦੇ ਇਸ 'ਗੱਲ ਕਰਨ' ਦੇ ਨਾਲ ਹੀ ਇਹ ਸਾਰੀ ਦੀ ਸਾਰੀ ਸਕੀਮ ਧਰੀ ਧਰਾਈ ਰਹਿ ਗਈ ਤੇ ਸਾਰਾ ਗੁੜ ਗੋਹਾ ਹੋ ਗਿਆ। ਐਮਰਜੈਂਸੀ ਦੇ ਦੌਰਾਨ ਗਿਆਨੀ ਜ਼ੈਲ ਸਿੰਘ ਦੀ ਮੁੱਛ ਦੇ ਵਾਲ ਇਕ ਨਾਮਵਰ ਲੇਖਕ ਨੇ ਸੇਖੋਂ ਨੂੰ ਦੱਸਿਆ ਕਿ ਉਹ ਤਾਂ ਗਿਆਨੀ ਜੀ ਨੂੰ ਕਹਿ ਕੇ ਉਸ ਨੂੰ ਵੀ. ਸੀ. ਲਵਾਉਣ ਨੂੰ ਫਿਰਦਾ ਐ ਪਰ ਉਹ ਕੁੱਝ ਸੂਤ ਸੂਤ ਤਾਂ ਰਵ੍ਹੇ। ਪਰ ਸੇਖੋਂ ਨੇ ਜ਼ਿੰਦਗੀ ਵਿਚ ਸੂਤ ਰਹਿਣਾ ਸਿੱਖਿਆ ਹੀ



ਨਹੀਂ। ਉਹ ਲੇਖਕ ਸੇਖੋਂ ਦੇ ਐਮਰਜੈਂਸੀ ਵਿਰੁੱਧ "ਚਾਲਿਆਂ" ਤੇ ਸ਼ਿਕਵਾ ਵੀ ਕਰਦਾ ਰਿਹਾ ਤੇ ਗਿਆਨੀ ਜ਼ੈਲ ਸਿੰਘ ਦੀ ਸੇਖੋਂ ਬਾਰੇ ਇਹ ਰਾਇ ਬਣ ਗਈ ਕਿ ਉਹ ਇਕ 'ਬਜ਼ੁਰਗ' ਲੇਖਕ ਹੈ ਨਹੀਂ ਤਾਂ ਉਸ ਨੂੰ ਜ਼ਰੂਰ ਸੀਖਾਂ ਦੇ ਅੰਦਰ ਧੱਕ ਦਿੱਤਾ ਜਾਂਦਾ। ਪਰ ਮੇਰਾ ਖਿਆਲ ਹੈ ਕਿ ਗਿਆਨੀ ਜ਼ੈਲ ਸਿੰਘ ਨੂੰ ਸੇਖੋਂ ਦੀ ਬਜ਼ੁਰਗੀ ਤੇ ਤਾਂ ਕੀ ਤਰਸ ਆਉਣਾ ਸੀ ਇਹ ਤਾਂ ਸੇਖੋਂ ਦੀ ਕਲਮ ਪਿਛਲੀਆਂ ਸੈਂਕੜੇ ਕਲਮਾਂ ਦਾ ਡਰ ਸੀ, ਜਿਨ੍ਹਾਂ ਨੇ ਸੇਖੋਂ ਦੇ ਅੰਦਰ ਹੁੰਦਿਆਂ ਹੀ ਤਲਵਾਰਾਂ ਨਾਲੋਂ ਵੱਧ ਵਾਢ ਕਰ ਜਾਣੀ ਸੀ। ਗਿਆਨੀ ਜੀ ਕਈ ਸਾਹਿਤਕ ਸਮਾਗਮਾਂ ਵਿਚ ਗੱਲੀਂ ਬਾਤੀਂ ਸੇਖੋਂ ਨੂੰ ਬਾਜ਼ ਆਉਣ ਦੇ ਇਸ਼ਾਰੇ ਵੀ ਕਰਦੇ ਰਹੇ। ਪਰ ਸੇਖੋਂ ਦੀ ਸਿਹਤ ਤੇ ਕੀ ਅਸਰ ਹੋਣਾ ਸੀ? ਲੁਧਿਆਣਾ ਵਿਚ ਬਾਰ ਐਸੋਸੀਏਸ਼ਨ ਦੇ ਸਮਾਗਮ ਵਿਚ ਸੇਖੋਂ ਨੇ ਇਕ ਧੜੱਲੇਦਾਰ ਤਕਰੀਰ ਕੀਤੀ, "ਤਪੋਂ ਰਾਜ ਤੇ ਰਾਜੋਂ ਨਰਕ" ਇੰਦਰਾ ਗਾਂਧੀ ਨਰਕ ਵੱਲ ਵਧ ਰਹੀ ਹੈ।" ਉਹ ਆਖਦਾ ਹੁਣ ਮੈਂ ਅੰਦਰ ਹੋਇਆ ਸਮਝੋ ਤੇ ਅੰਤ ਉਸ ਨੇ ਆਪਣੇ ਇਸ ਮਿੱਤਰ ਦਾਇਰੇ ਵਿਚ ਘੰਟਾ ਘਰ ਲੁਧਿਆਣਾ ਜਾ ਕੇ ਐਮਰਜੈਂਸੀ ਦਾ ਖੁੱਲ੍ਹੇਆਮ ਵਿਰੋਧ ਕਰਨ ਦੀ ਘੋਸ਼ਣਾ ਵੀ ਕਰ ਦਿੱਤੀ ਪਰ ਐਮਰਜੈਂਸੀ ਇਸ ਤੋਂ ਪਹਿਲਾਂ ਹੀ ਚੁੱਕੀ ਗਈ। ਉਸ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

...ਤੇ ਫਿਰ ਐਮਰਜੈਂਸੀ ਉਪਰੰਤ ਸੇਖੋਂ ਸਾਹਿਬ ਨੇ ਅਸੰਬਲੀ ਚੋਣਾਂ ਵਿਚ ਹਲਕਾ ਰਾਇਕੋਟ ਤੋਂ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਭਰ ਦਿੱਤੇ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਦਾ ਭਰਾ ਮਾਸਟਰ ਦੇਵਰਾਜ ਸਿੰਘ ਅਕਾਲੀ ਉਮੀਦਵਾਰ ਸੀ। ਨਤੀਜਾ ਨਿਕਲਿਆ। ਭਾਣਾ ਵਰਤਣਾ ਹੀ ਸੀ। ਸੇਖੋਂ ਸਾਹਿਬ ਦੀਆਂ ਵੋਟਾਂ ਅਸਲੋਂ ਘੱਟ ਸਨ। ਇਕ ਦਿਨ ਜਗਰਾਵੀਂ ਘਰੇ ਬੈਠਿਆਂ ਮੈਂ ਗੱਲ ਤੋਰੀ ਕਿ ਤੁਹਾਨੂੰ ਆਪਣੀ ਪਾਰਟੀ ਤੋਂ ਟਿਕਟ ਲੈ ਕੇ ਖੜ੍ਹਨਾ ਚਾਹੀਦਾ ਸੀ, ਇਉਂ ਪੱਧਰੇ ਅਕਾਲੀ ਉਮੀਦਵਾਰ ਦੇ ਮੁਕਾਬਲੇ ਤੇ ਨਾ ਖੜ੍ਹਦੇ।

ਬੋਲੇ, "ਇਹ ਮੈਂ ਕੋਈ ਅਕਾਲੀ ਦਲ ਦੇ ਮੁਕਾਬਲੇ ਨਹੀਂ ਸੀ ਖੜ੍ਹਾ ਹੋਇਆ। ਇਹ ਤਾਂ ਮੇਰਾ ਮੇਰੀ ਪਾਰਟੀ ਦੇ ਵਿਰੁੱਧ ਵਿਦਰੋਹ ਸੀ। ਜਦੋਂ ਪਾਰਟੀ 'ਤੇ ਸੰਕਟ ਸੀ 1953 'ਚ ਤਾਂ ਮੈਨੂੰ ਲੜਾਇਆ ਤੇ ਹੁਣ ਜਦੋਂ ਵੇਲਾ ਆਇਆ ਤਾਂ ਮੈਨੂੰ ਪੁੱਛਿਆ ਤੱਕ ਨਹੀਂ। ਉਨ੍ਹਾਂ ਨੂੰ ਮੇਰੇ ਲਈ ਬਾਈ-ਨੇਮ ਸੀਟ ਮੰਗਣੀ ਚਾਹੀਦੀ ਸੀ। ਜਗਦੇਵ ਸਿੰਘ ਨੂੰ ਕਹਿੰਦੇ ਬਈ ਅਸੀਂ ਸੰਤ ਸਿੰਘ ਸੇਖੋਂ ਵਾਸਤੇ ਇਕ ਸੀਟ ਲੈਣੀ ਐ। ਮੈਨੂੰ ਪੁੱਛਦੇ ਬਈ ਸੇਖੋਂ ਤੂੰ ਲੜਨੈਂ? ਨਾਲੇ ਜਿਉਂਦੇ ਰਹੀਏ, ਭਾਵੇਂ ਵੀਹ ਸਾਲ ਜਿਉਂਦੇ ਰਹੀਏ ਮੈਂ ਕਿਹੜਾ ਨਿੱਤ-ਨਿੱਤ ਇਲੈਕਸ਼ਨਾਂ ਲੜਨੀਆਂ।" ਉਹ ਭਾਵੁਕ ਹੋ ਗਏ ਸਨ।

ਜਿਸ ਪਾਰਟੀ ਨਾਲ ਮੈਨੂੰ ਲਗਾਓ ਹੈ, ਸੇਖੋਂ ਦਾ ਉਸ ਪਾਰਟੀ ਨਾਲ ਉੱਕਾ ਸਰੋਕਾਰ ਨਹੀਂ ਪਰ ਮਹਾਨ ਸੇਖੋਂ ਪਾਰਟੀਆਂ ਦੀਆਂ ਕੰਧਾਂ ਨੂੰ ਮੋਹ ਦੇ ਰਿਸ਼ਤਿਆਂ

ਵਿਚ ਰੁਕਾਵਟ ਨਹੀਂ ਬਣਨ ਦਿੰਦਾ। ਜਦ ਵੀ ਦਾਖੇ ਜਾਂ ਜਗਰਾਵੀਂ ਇਸ 'ਬੋਹੜ' ਦੀ ਛਾਵੇਂ ਬੈਠਾ ਹਾਂ ਅਕਸਰ ਸਿੱਖ ਸਿਆਸਤ ਦੀ ਗੱਲ ਚੱਲੀ ਹੈ। ਇਸ ਸਬੰਧ ਵਿਚ ਉਸ ਦੀਆਂ ਟਿੱਪਣੀਆਂ ਬੜੀਆਂ ਦਿਲਚਸਪ ਅਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ। ਸੇਖੋਂ ਸਾਡਾ ਇਕ ਸਰਬ ਸਾਂਝਾ ਮਹਾਨ ਸਾਹਿਤਕਾਰ ਹੈ। ਉਸ ਨੇ ਜਿੰਨਾ ਵੀ ਲਿਖਿਆ ਹੈ, ਪੱਤੇ ਦਾ ਲਿਖਿਆ ਹੈ। ਪਾਨੀ ਵਿਚ ਮਧਾਣੀ ਨਹੀਂ ਪਾਈ, ਹਵਾ ਵਿਚ ਤਲਵਾਰਾਂ ਨਹੀਂ ਮਾਰੀਆਂ। ਮੈਂ ਨੇੜੇ ਹੋ ਕੇ ਉਸ ਦੇ ਮਨ ਨੂੰ ਪੜ੍ਹਿਆ ਹੈ ਕਿ ਸਾਰੀ ਉਮਰ ਪੜ੍ਹਨ-ਲਿਖਣ ਤੇ ਨੌਕਰੀ ਕਰਨ ਉਪਰੰਤ ਵੀ ਸੇਖੋਂ ਵਿਚਲਾ ਜੱਟ ਮਰਿਆ ਨਹੀਂ ਤੇ ਕੱਟੜ ਮਾਰਕਸਵਾਦੀ ਤੇ ਨਾਸਤਿਕ ਹੋਣ ਤੇ ਉਸ ਵਿਚਲਾ ਸਿੱਖ ਜਿਉਂਦਾ ਜਾਗਦਾ ਹੈ। ਇਕ ਦਿਨ ਜਗਰਾਵੀਂ 1947 ਵੇਲੇ ਸਿੱਖ-ਖਿੱਤੇ ਦੀ ਕਾਇਮੀ ਦੀ ਗੱਲ ਚੱਲੀ ਤਾਂ ਸਰ ਸਿਕੰਦਰ ਹਯਾਤ ਦੇ ਫਾਰਮੂਲੇ ਦੇ ਪ੍ਰਸੰਗ ਵਿਚ ਉਨ੍ਹਾਂ ਘੱਟ-ਗਿਣਤੀਆ ਸਬੰਧੀ ਆਪਣੇ ਵਿਚਾਰ ਇੰਝ ਵਿਅਕਤ ਕੀਤੇ:

"ਸਿਕੰਦਰ ਵਾਲਾ ਫਾਰਮੂਲਾ ਸੀ ਖ਼ਬਰੇ ਬਈ ਪੰਜ ਖੇਤਰਾਂ ਵਿਚ ਵੰਡ ਦਿਓ ਹਿੰਦੁਸਤਾਨ ਨੂੰ ਤੇ ਇਕ ਪੰਜਾਬ ਦਾ ਉਤਲਾ ਖੇਤਰ ਸੀ ਪੰਜਾਬ-ਕਸ਼ਮੀਰ-ਹਿਮਾਚਲ ਸ਼ਾਇਦ ਰਾਜਸਥਾਨ ਵੀ। ਪਰ ਉਹ ਜਿਹੜਾ ਖੇਤਰ ਸੀ ਉਹਦੇ ਵਿਚ ਮੁਸਲਮਾਨਾਂ ਦੀ ਬਹੁ ਗਿਣਤੀ ਸੀ ਤੇ ਮੈਂ ਇਸ ਬਹੁ ਗਿਣਤੀ ਦੇ ਖਿਲਾਫ਼ ਸੀ ਬਹੁਤ। ਮੇਰੀ ਇਹ ਸਮਝਲੋ ਇਕ ਧਾਰਨਾ ਰਹੀ ਐ ਵਈ ਘੱਟ ਗਿਣਤੀ ਦਾ ਜਿਹਨੂੰ ਅਸੀਂ ਪ੍ਰਭੂਸੱਤਾ ਕਹਿੰਦੇ ਆਂ, 'ਚ ਹਿੱਸਾ ਨਹੀਂ ਹੋ ਸਕਦਾ। ਉਸ ਨੂੰ ਹਮੇਸ਼ਾ ਇਸ ਗੱਲ ਦਾ ਗਿਲਾ ਰਹੇਗਾ- ਜੀ ਸਾਡੇ ਨਾਲ ਇਨਸਾਫ਼ ਨਹੀਂ ਹੁੰਦਾ। ਸਾਡਾ ਆਹ ਹੁੰਦੈ, ਸਾਡਾ ਔਹ ਹੁੰਦੈ। ਕਿਉਂਕਿ ਜਿਸ ਨੇ ਦੂਜਿਆਂ ਵੱਲ ਝਾਕਣੈ ਵਈ ਸਾਨੂੰ ਹਿੱਸਾ ਮਿਲਦਾ ਵੀ ਐ ਕਿ ਨਹੀਂ, ਉਹਨੂੰ ਜੇ ਮਿਲਦਾ ਵੀ ਹੋਊ ਤਾਂ ਵੀ ਉਹਦੇ ਮਨ ਵਿਚ ਰਹਿਣੈ ਵਈ ਮੈਨੂੰ ਨਹੀਂ ਮਿਲਦਾ। ਸੋ ਮੈਂ ਜਿਹੜਾ ਇਹ ਘੱਟ ਗਿਣਤੀ ਦੀ ਸਥਿਤੀ ਐ ਇਹਨੂੰ ਕਿਸੇ ਕੌਮ ਦਾ ਦੁਰਭਾਗ ਸਮਝਦਾ ਹਾਂ।"

ਫਿਰ ਸੁਤੰਤਰ ਸਿੱਖ-ਖਿੱਤੇ ਸਬੰਧੀ ਅੰਗਰੇਜ਼ਾਂ ਦੀ ਮਨਸ਼ਾ ਅਤੇ ਆਪਣੀ ਸੰਮਤੀ ਸਬੰਧੀ ਕਹਿਣ ਲੱਗੇ :

"ਬੀ. ਬੀ. ਸੀ. 'ਚ ਉਸ ਸਮੇਂ ਇਕ ਕਿਸਮ ਦਾ ਪ੍ਰਸ਼ੰਸਾ ਨਾਲ ਸਿੱਖਾਂ ਦੀ ਮਾਰਧਾੜ ਦਾ ਜ਼ਿਕਰ ਹੁੰਦਾ ਸੀ ਕਿਉਂਕਿ ਅੰਗਰੇਜ਼ ਅਸਲ ਵਿਚ ਚਾਹੁੰਦੇ ਸੀ, ਮੇਰੇ ਅਨੁਭਵ ਅਨੁਸਾਰ ਵਈ ਏਥੇ ਸਿੱਖਾਂ ਦਾ ਊਂ ਤਾਂ ਕੁਛ ਨਹੀਂ ਬਣਿਆ। ਏਥੇ ਰੌਲ਼ਾ-ਰੂਲ਼ਾ ਪੁਆ ਕੇ ਫਸਾਦ-ਫਸੂਦ ਕਰਕੇ ਸਿੱਖ ਮੁਸਲਮਾਨਾਂ ਨੂੰ ਕੱਢ ਦੇਣ ਤਾਂ ਇੱਥੇ ਇਸ ਹਿੱਸੇ ਵਿਚ ਆਪਣੀ ਤਾਕਤ ਬਣਾ ਲੈਣ ਤੇ ਫਿਰ ਇਸੇ ਗੜਬੜ ਵਿਚ ਸਮਝੌਤਾ ਹੋ ਜੂ ਤੇ ਉਨ੍ਹਾਂ ਦੀ ਮੰਨੀ ਜਾਊਗੀ, ਤੇ ਮੈਂ ਇਸ ਵਿਚਾਰ ਦਾ ਹਾਮੀ ਸੀ।"



ਇਸ ਤੋਂ ਮਗਰੋਂ ਉਨ੍ਹਾਂ ਮੈਨੂੰ ਉਹ ਸਾਰਾ ਕਿੱਸਾ ਸੁਣਾਇਆ ਜਿਸ ਤਰ੍ਹਾਂ ਉਹ ਲਾਇਲਪੁਰ ਖਾਲੀ ਕਰਨ ਦੇ ਫੈਸਲੇ ਵਾਲੇ ਦਿਨ ਸਿੱਖ ਮਿਸ਼ਨਰੀ ਕਾਲਜ (ਅੰਮ੍ਰਿਤਸਰ) ਮਾਸਟਰ ਤਾਰਾ ਸਿੰਘ ਹੋਰਾਂ ਨੂੰ ਮਿਲੇ ਤੇ ਲਾਇਲਪੁਰ ਦੇ ਲੋਕਾਂ ਦੇ ਹੌਸਲੇ ਬਾਰੇ ਦੱਸ ਕੇ ਲਾਇਲਪੁਰ ਖਾਲੀ ਨਾ ਕਰਨ ਤੇ 100-100 ਦੇ 200 ਦਸਤੇ ਬਣਾ ਕੇ ਇੱਥੇ ਲੜਦੇ ਰਹਿਣ ਦੀ ਸਕੀਮ ਦੱਸੀ ਸੀ, ਜਿਸ ਅਨੁਸਾਰ ਮਗਰੋਂ ਸਮਝੌਤਾ ਹੋਣ ਤੇ ਇਧਰੋਂ ਪਟੇਲ ਹੋਰਾਂ ਨੇ ਤੇ ਉਧਰੋਂ ਲਿਆਕਤ ਅਲੀ ਤੇ ਜਿਨਾਹ ਹੋਰਾਂ ਨੇ ਮੰਨ ਜਾਣਾ ਸੀ ਤੇ ਅੰਗਰੇਜ਼ਾਂ ਨੇ ਵੀ ਉਨ੍ਹਾਂ ਨੂੰ ਕਹਿਣਾ ਸੀ ਕਿ ਤੁਸੀਂ ਇਨ੍ਹਾਂ ਨੂੰ ਦੇ ਦਿਓ ਕੁਝ ਤੇ ਇਸ ਤਰ੍ਹਾਂ ਸੇਖੋਂ ਸਾਹਿਬ ਮੁਤਾਬਕ ਲੁਧਿਆਣਾ ਜਾਂ ਅੰਬਾਲੇ ਤੋਂ ਲੈ ਕੇ ਸਮੇਤ ਪਟਿਆਲਾ ਆਦਿਕ ਪਾ ਕੇ ਦੋਹਾਂ ਦੇਸ਼ਾਂ ਦੇ ਵਿਚਕਾਰ ਉਥੋਂ ਤੱਕ ਇਹ ਬਿਲਕੁਲ ਸੁਤੰਤਰ ਖਿੱਤਾ ਹੁੰਦਾ ਤੇ ਪੂਰੀ ਤਰ੍ਹਾਂ ਕਾਮਯਾਬ ਰਹਿੰਦਾ। ਉਨ੍ਹਾਂ ਦੱਸਿਆ ਕਿ ਜਦ ਮਾਸਟਰ ਹੋਰਾਂ ਨੂੰ ਉਨ੍ਹਾਂ ਇਹ ਸਕੀਮ ਦੱਸੀ ਤਾਂ ਮਾਸਟਰ ਜੀ ਬੋਲੇ, "ਤੂੰ ਉਥੇ ਨਹੀਂ ਨਾ ਬੈਠਾ?"

ਤੇ ਫਿਰ ਸੇਖੋਂ ਸਾਹਿਬ ਗੱਲ ਨੂੰ ਮੁਕਾਉਂਦਿਆਂ ਕਹਿਣ ਲੱਗੇ -

"ਲੇਕਿਨ ਨਾ ਇਹ ਇਹਨਾਂ ਦੇ ਹੌਸਲਿਆਂ ਦੀ ਗੱਲ ਸੀ ਨਾ ਇਹਨਾਂ ਦੀ ਕਲਪਨਾ ਦੀ।"

ਸੇਖੋਂ ਦਾ ਇਹ ਵੀ ਮੱਤ ਹੈ ਕਿ ਜਿੰਨੀ ਦੇਰ ਪੰਜਾਬ Soverign State ਨਹੀਂ ਬਣਦਾ ਉਨੀਂ ਦੇਰ ਪੰਜਾਬੀ ਸਾਹਿਤ Soverign ਨਹੀਂ ਬਣ ਸਕਦਾ।

ਸੇਖੋਂ ਇਕ ਮਹਾਨ ਸਾਹਿਤਕਾਰ ਹੈ ਤੇ ਸਮੇਂ ਦਾ ਇਕ ਮਹਾਨ ਵਿਚਾਰਕ! ਇਕ ਜ਼ਿੰਦਾ ਦਿਲ ਦਰਵੇਸ਼ ਇਨਸਾਨ ਜਿਸ ਦਾ ਕਰਜ਼ ਪੰਜਾਬੀ ਛੇਤੀ ਕੀਤੇ ਨਹੀਂ ਲਾਹ ਸਕਦੇ। ਉਸਦੀ ਵਿਚਾਰਧਾਰਾ ਨਾਲ ਕਿਸੇ ਨੂੰ ਲੱਖ ਮਤਭੇਤ ਹੋਵੇ ਪਰ ਉਸਦੀ ਘਾਲਣਾ ਸਾਹਵੇਂ ਹਰ ਸਿਰ ਸ਼ਰਧਾ ਨਾਲ ਝੁਕਦਾ ਹੈ। ਉਹ ਸਵੈਮਾਨੀ ਤੇ ਹਿੰਡੀ ਪੁੱਜਕੇ ਹੈ। ਉਸਦੇ ਕਮਿਊਨਿਸਟ ਹੋਣ ਨੇ ਉਸਦੇ ਬੜੇ ਰਗੜਬਾਲੇ ਕੱਢੇ ਹਨ ਪਰ ਉਸਨੇ ਹੀਲ੍ਹਾਂ ਨਹੀਂ ਕੀਤੀਆਂ। ਆਖਦਾ ਉਹ ਸਦਾ ਇਹੀ ਹੈ ਕਿ ਆਪਾਂ ਤਾਂ ਬੜੇ ਵਧੀਆ ਰਹੇ ਹਾਂ ਪਰ ਜ਼ਿੰਦਗੀ ਨੂੰ ਮਾਨਣ ਦੀ ਅਪੂਰਤ-ਇੱਛਾ ਉਸਦੇ ਸੀਨੇ ਲਟ-ਲਟ ਬਲਦੀ ਹੈ ਤੇ ਦੂਜੇ ਪਾਸੇ- ਪੈਸੇ ਦੀ ਥੁੜ੍ਹ ਕਮਿਊਨਿਸਟ ਪਾਰਟੀ ਵਾਂਗ ਹਮੇਸ਼ਾ ਉਸਦੇ ਅੰਗ-ਸੰਗ ਰਹੀ ਹੈ। ਇਸ ਦਾ ਅੰਦਾਜ਼ ਸਿਆਣਾ ਸੁਣਨ ਵਾਲਾ ਉਸ ਦੀਆਂ ਗੱਲਾਂ 'ਚੋਂ ਸਹਿਜੇ ਹੀ ਲਾ ਸਕਦਾ ਹੈ। ਉਹ ਬੋਲੇਗਾ -

"ਐਤਕੀਂ ਐਨਾ ਕੁ ਝੋਨਾ ਹੈ ਜੇ ਤਾਂ ਆਹ ਕਮਰਾ ਖੜ੍ਹਾ ਕਰ ਲਈਏ। ਐਤਕੀਂ ਐਨੇ ਕੁ ਪੈਸੇ ਯੂਨੀਵਰਸਿਟੀ ਵੱਲੋਂ ਆ ਜਾਣ ਤਾਂ ਖਾਦ ਦਾ ਸਰਜੇ। ਐਤਕੀਂ ਕਣਕ ਚੰਗੀ ਲੱਗ ਜੇ ਤਾਂ ਸਕੂਟਰ ਲੈ ਲਈਏ। ਜੇ ਕਿਤੋਂ ਰੁਪਈਆ ਆ ਜੇ ਤਾਂ ਟਰੈਕਟਰ ਲੈ ਲੀਏ...।" ਮੈਂ ਜਦ ਵੀ ਉਸਦੇ ਹੱਸ-ਹੱਸ ਸਕੀਮਾਂ ਲਾਉਂਦੇ ਦੀਆਂ ਗੱਲਾਂ ਸੁਣਦਾ ਹਾਂ ਤਾਂ ਅੰਦਰੋ ਰੋ-ਰੋ ਜਾਂਦਾ ਹਾਂ। ਸੋਚਦਾ ਹਾਂ, ਇਕ ਪਾਸੇ

ਕਿੰਨਾ ਖੁਸ਼ਕਿਸਮਤ ਪੰਜਾਬ ਹੈ ਜਿਹਨੂੰ ਸੇਖੋਂ ਵਰਗਾ ਮਹਾਨ ਲੇਖਕ ਮਿਲਿਆ ਹੈ ਜਿਸਨੇ ਉਸਦੀ ਬੋਲੀ ਨੂੰ ਆਪਣੀਆਂ ਲਿਖਤਾਂ ਨਾਲ ਮਾਲਾ-ਮਾਲ ਕਰ ਦਿੱਤਾ ਹੈ ਤੇ ਦੂਸਰੇ ਪਾਸੇ ਸੇਖੋਂ ਹੈ ਜਿਸਦਾ ਨਿਗੂਣਾ ਨੌਕਰੀ ਦਾ ਸੁਪਨਾ ਵੀ ਇਸ ਧਰਤੀ 'ਤੇ ਪੰਜ ਵੇਰ ਤਿੜਕਿਆ ਹੈ। ਸੇਖੋਂ ਵਰਗਾ ਮਹਾਨ ਪ੍ਰਤਿਭਾ ਵਾਲਾ ਲੇਖਕ ਜੇ ਕਿਸੇ ਕਦਰਦਾਨ ਮੁਲਕ ਵਿਚ ਹੁੰਦਾ ਤਾਂ ਉਸ ਤੋਂ ਨੋਟ ਤੰਗਲ਼ੀ ਨਾਲ ਵੀ ਇਕੱਠੇ ਨਾ ਹੁੰਦੇ।"

ਸੇਖੋਂ ਦੇ ਚੋਗਾ ਚੁਗਾ ਕੇ ਛੱਡੇ ਕਬੂਤਰ ਯੂ. ਐਨ. ਓ. ਵਿਚ ਗੁਟਕੂੰ-ਗੁਟਕੂੰ ਕਰ ਆਏ ਹਨ। ਪੰਜਾਬ ਤਾਂ ਕੀ ਧੁਰ ਦਿੱਲੀ ਤੱਕ ਦੇ ਕਈ ਵਜ਼ੀਰਾਂ ਨੇ ਪਾਠ-ਪੁਸਤਕਾਂ ਵਿਚ ਸੇਖੋਂ ਦੀਆਂ ਕਹਾਣੀਆਂ ਪੜ੍ਹੀਆਂ ਹਨ ਪਰ ਕਾਸ਼ ਇਨ੍ਹਾਂ 'ਚੋਂ ਕੋਈ ਸੇਖੋਂ ਦੇ ਮਨ ਦੀ ਕਹਾਣੀ ਪੜ੍ਹਨ ਦੀ ਫ਼ੁਰਸਤ ਕੱਢ ਸਕੇ- ਸੇਖੋਂ ਜੋ ਮਹਾਨ ਹੈ! ਜੋ ਜ਼ਿੰਦਾ ਹੈ!! ਪਰ ਸ਼ਾਇਦ ਜਿਉਂਦੇ ਮਨੁੱਖ ਇਸ ਮੁਲਕ ਵਿਚ ਮਹਾਨ ਨਹੀਂ ਹੁੰਦੇ!

(1978)

➢➢➢



# ਆਪਨੜੇ ਹੱਥ ਆਰਸੀ : ਸ਼ੇਰ ਸਿੰਘ ਕੰਵਲ

'ਆਪਨੜੇ ਹੱਥ ਆਰਸੀ ਆਪੇ ਹੀ ਵੇਖੋ।' ਆਪਣਾ ਚਿਹਰਾ ਆਪਣੀ ਆਰਸੀ 'ਚੋਂ ਤੱਕਣਾ ਭਾਵੇਂ ਇਕ ਸਹਿਜ ਕਾਰਜ ਹੋਵੇ ਪਰ ਇਸ ਨੂੰ ਦੇਖਣਾ ਤੋਂ ਫਿਰ ਆਪ ਹੀ ਇਸ ਦੀ ਅੱਕਾਸੀ ਕਰਕੇ ਦੂਸਰਿਆਂ ਨੂੰ ਦਿਖਾਉਣਾ ਤੋਬਾ!

ਹਮਦਰਦ ਸਾਹਿਬ ਨੇ ਜਦੋਂ ਮੈਨੂੰ ਇਸ ਫੀਚਰ ਲਈ ਲਿਖਣ ਹਿੱਤ ਕਿਹਾ ਤਾਂ ਆਪ ਤਾਂ ਉਹ ਮੇਰੇ ਦਿਲ ਦੀ ਰੰਗਲੀ-ਝੀਲ ਦੇ ਪਾਣੀਆਂ 'ਚ ਇਕ ਕੰਕਰ ਮਾਰ ਤੁਰਦੇ ਬਣੇ ਪਰ ਮੈਂ ਰੰਗੀਨ-ਲਹਿਰਾਂ ਨੂੰ ਫੜਨ ਦੀ ਲੀਲ੍ਹਾ ਵਿਚ ਗੁੰਮ ਗਿਆ। ਆਪਣੀ ਸਿਰਜਣ-ਪ੍ਰਕਿਰਿਆ ਦੀਆਂ ਲਹਿਰਾਂ ਨੂੰ ਗਿਣਨਾ ਤੇ ਇਸ ਦੀਆਂ ਗਹਿਰਾਈਆਂ ਨੂੰ ਮਿਣਨਾ ਸਚਮੁੱਚ ਇਕ ਕਠਿਨ-ਕਾਰਜ ਹੈ। ਅਸੀਂ ਦੂਸਰਿਆਂ ਬਾਰੇ ਬਹੁਤ ਘੱਟ ਜਾਣਦੇ ਹੋਏ ਵੀ ਬਹੁਤ ਕੁਝ ਲਿਖ ਸਕਦੇ ਹਾਂ ਪਰ ਆਪਣੇ ਆਪ ਬਾਰੇ ਬਹੁਤ ਕੁਝ ਜਾਣਦੇ ਹੋਏ ਵੀ ਛੇਤੀ ਕੀਤੇ ਕੁਝ ਲਿਖਣ ਦਾ ਹੀਆ ਨਹੀਂ ਕਰ ਸਕਦੇ। ਸ਼ਾਇਦ ਇਸ ਦੇ ਕਾਰਨਾਂ ਵਿਚੋਂ ਇਕ ਕਾਰਨ ਸਾਡਾ ਆਪਣੀਆਂ ਕਮਜ਼ੋਰੀਆਂ ਨੂੰ ਉਜਾਗਰ ਕਰਨ ਦਾ ਸਾਹਸ ਨਾ ਕਰ ਸਕਣਾ ਹੈ ਤੇ ਨਾਲੇ ਉਂਝ ਵੀ ਜੇ ਤੁਸੀਂ ਆਪਣੇ ਆਪ ਨੂੰ, ਆਪਣੀਆਂ ਲਿਖਤਾਂ ਨੂੰ, ਸਮਕਾਲੀ ਸਾਹਿਤ ਦੇ ਸੰਦਰਭ ਵਿਚ ਰੱਖ ਕੇ ਆਪ ਹੀ ਮੰਦਾ ਕਹੋ ਤਾਂ ਲਾਅ੍ਹਨਤ! ਤੇ ਜੇ ਆਪ ਹੀ ਚੰਗਾ ਕਹੋ (ਭਾਵੇਂ ਇਹ ਕਿੰਨੀਆਂ ਵੀ ਚੰਗੀਆਂ ਕਿਉਂ ਨਾ ਹੋਣ!) ਤਾਂ ਹਰ-ਦੂ-ਲਾਅਨਤ!!

ਲਿਖਣ ਦਾ ਆਪਣਾ ਸਿਲਸਿਲਾ ਬਹੁਤਾ ਨਹੀਂ ਵਿੱਢਿਆ ਹੋਇਆ ਤੇ ਇੰਝ ਮੈਂ ਆਪਣੇ ਸਰਬਾਂਗੀ-ਸਾਹਿਤਕਾਰ ਹੋਣ ਦਾ ਦਾਅਵਾ ਨਹੀਂ ਕਰਦਾ ਤੇ ਕਰ ਵੀ ਨਹੀਂ ਸਕਦਾ। ਲਿਖਣ ਦੀ ਖੇਤੀ ਆਪਣੀ ਸੂਤ-ਸੂਤ ਹੀ ਹੈ। ਮੈਂ ਕੇਵਲ ਕਵਿਤਾ ਲਿਖਦਾ ਹਾਂ। ਮੇਰੀ ਸਭ ਤੋਂ ਪਹਿਲੀ ਕਵਿਤਾ ਇਕ ਛੇ ਸਤਰਾਂ ਦੀ ਬੈਂਤ ਸੀ, ਜੋ 1956 ਵਿਚ ਰੋਜ਼ਾਨਾ 'ਅਕਾਲੀ' ਜਲੰਧਰ ਵਿਚ ਇਕ ਪਹਿਲੋਂ ਦਿੱਤੀ ਹੋਈ ਸਮੱਸਿਆ ਤੇ ਛਪੀ। ਜਦ ਮੇਰੀ ਇਹ ਜੇਠੀ ਕਵਿਤਾ ਛਪੀ ਤਾਂ ਮੇਰੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਅਖ਼ਬਾਰ ਵਿਚ ਪਹਿਲੀ ਵੇਰ ਛਾਪੇ ਦੇ ਅੱਖਰਾਂ ਵਿਚ ਆਪਣੀ ਕਵਿਤਾ ਹੇਠ ਜਦ ਮੈਂ ਆਪਣਾ ਨਾਂ ਛਪਿਆ ਵੇਖਿਆ ਤਾਂ ਮੈਨੂੰ ਇੰਝ ਲੱਗਿਆ ਜਿਵੇਂ ਮੇਰੀ ਪੰਜ ਲੱਖ ਰੁਪਏ ਦੀ ਲਾਟਰੀ ਨਿਕਲ ਆਈ ਹੋਵੇ। ਘਰ ਵਿਚ ਉਹਨੀਂ ਦਿਨੀਂ ਪੜ੍ਹਿਆ-ਲਿਖਿਆ ਕੋਈ ਨਹੀਂ ਸੀ। ਡਾਕਖਾਨੇ 'ਚੋਂ ਅਖ਼ਬਾਰ ਲੈ ਕੇ ਸਿਰਪੱਟ ਦੌੜਦਾ ਤੇ ਸਾਹੋ-ਸਾਹੀ ਹੋਇਆ ਮੈਂ ਪਿੰਡ ਦੇ ਗੁਰਦੁਆਰੇ

ਗਿਆਨੀ ਚੰਨਣ ਸਿੰਘ ਹੋਰਾਂ ਪਾਸ ਪੁੱਜਿਆ। ਮੈਂ ਕਵਿਤਾ ਉਹਨਾਂ ਨੂੰ ਸੁਣਾਈ। ਉਹ ਅੱਖਾਂ ਤੋਂ ਮੁਨਾਖੇ ਸਨ, ਕਵਿਤਾ ਵੇਖ ਨਹੀਂ ਸਨ ਸਕਦੇ। ਮੈਨੂੰ ਸੰਤੋਖ ਨਾ ਆਵੇ। ਪਿੰਡ ਦੇ ਪਰ੍ਹੇ 'ਚ ਮੈਂ ਦੋਹ-ਚਹੁੰ ਪਾੜ੍ਹੇ ਮੁੰਡਿਆਂ ਨੂੰ ਕਵਿਤਾ ਪੜ੍ਹਾ ਕੇ ਘਰ ਜਾ ਕੇ ਅਖ਼ਬਾਰ ਆਪਣੇ ਬਸਤੇ ਵਿਚ ਬੰਨ੍ਹ ਲਿਆ। ਮੈਂ ਬਿੰਦੇ-ਝੱਟੇ ਅੰਦਰ ਜਾਵਾਂ-ਬਸਤਾ ਖੋਹਲਾਂ- ਅਖ਼ਬਾਰ ਵੇਖ ਲਵਾਂ। ਮੇਰੀ ਉਸ ਦਿਨ ਦੀ ਖੁਸ਼ੀ ਨੋਬਲ-ਪਰਾਈਜ਼ ਮਿਲਣ ਤੋਂ ਵੀ ਵੱਧ ਸੀ। ਇਸ ਤੋਂ ਬਾਅਦ ਅਖ਼ਬਾਰ ਵਿਚ ਤੇ ਕਦੇ ਕਦੇ ਕਿਸੇ ਮੈਗਜ਼ੀਨ 'ਚ ਕਵਿਤਾ ਛਪਣ ਲੱਗ ਪਈ। ਉਸ ਵੇਲੇ ਜਦੋਂ ਕੋਈ ਕਵਿਤਾ ਕਿਧਰੇ ਭੇਜਣੀ ਤਾਂ ਮਗਰੋਂ ਇਕ ਅੱਚਵੀ... ਇਕ ਤੋੜ ਲੱਗੀ ਰਹਿਣੀ ਤੇ ਮੈਟਰਿਕ ਦੇ ਨਤੀਜੇ ਵਾਂਗ ਉਸ ਦੇ ਛਪਣ ਦਾ ਇੰਤਜ਼ਾਰ ਕਰਨਾ। ਬੁੱਕ-ਸਟਾਲਾਂ ਦੀ ਪ੍ਰਕਰਮਾ ਕਰਨੀ। ਜੇ ਰਚਨਾ ਛਪ ਜਾਣੀ ਤਾਂ ਅਖ਼ਬਾਰ ਰਸਾਲੇ ਦੀਆਂ ਯਥਾ-ਸ਼ਕਤ ਦੋ-ਚਾਰ ਕਾਪੀਆਂ ਖਰੀਦ ਲਿਆਉਣੀਆਂ।

1963 ਵਿਚ ਮੈਂ ਕਲਕੱਤੇ ਤੋਂ ਨਿਕਲਦੇ ਇਕ ਰੋਜ਼ਾਨਾ ਅਖ਼ਬਾਰ 'ਨਵੀ ਪ੍ਰਭਾਤ' ਵਿਚ ਸਬ-ਐਡੀਟਰ ਜਾ ਲੱਗਾ। ਮੈਗਜ਼ੀਨ ਸੈਕਸ਼ਨ ਦਾ ਕੰਮ ਮੈਨੂੰ ਸੌਂਪਿਆ ਗਿਆ। ਅਜਿਹੇ ਸਮੇਂ ਕੋਈ ਐਡੀਟਰ ਆਪਣੀਆਂ ਰਚਨਾਵਾਂ ਵੇਲ-ਬੂਟੇ ਪਾ ਕੇ ਨਾ ਛਾਪੇ ਤਾਂ ਐਡੀਟਰੀ ਕੀ ਚੱਟਣੀ ਹੋਈ? ਛਪਣ ਦੀ ਖ਼ੂਬ ਘੁਮੇਰ ਪਾਈ। ਬਲੱਗਣ ਦੀ 'ਕਵਿਤਾ' ਉਹਨੀਂ ਦਿਨੀਂ ਪੂਰੀ ਚੜ੍ਹਤ ਵਿਚ ਸੀ। ਪੰਜਾਬ ਆ ਕੇ ਮੈਂ ਉਸ ਵਿਚ ਛਪਣ ਲੱਗਾ ਤਾਂ ਮੇਰਾ ਉਤਸ਼ਾਹ ਹੋਰ ਵੀ ਵਧਿਆ। ਇਕ ਪੁਸਤਕ ਦਾ ਮਸਾਲਾ ਇਕੱਠਾ ਹੋਇਆ ਤਾਂ ਮੈਂ 'ਅੰਬਰ ਤਾਰਾ ਲਿਸ਼ਕਿਆ' ਕਾਵਿ ਸੰਗ੍ਰਹਿ ਦਾ ਖਰੜਾ ਕੱਛੇ ਮਾਰ ਕੇ ਦੋਹ-ਚਹੁੰ ਥਾਈਂ ਗਿਆ ਪਰ ਪ੍ਰਕਾਸ਼ਕ ਕੋਈ ਪੈਰਾਂ 'ਤੇ ਪਾਨੀ ਨਾ ਪੈਣ ਦੇਵੇ। ਆਖ਼ਰ ਮਾਇਆ ਤੇ ਲੁਭਾਇਮਾਨ ਹੋਏ, ਜੀਵਨ ਸਿੰਘ ਲਾਹੌਰ ਬੁੱਕ ਸ਼ਾਪ ਵਾਲੇ ਤੋਂ ਆਪਣਾ ਕਾਵਿ-ਸੰਗ੍ਰਹਿ 'ਪੱਥਰ ਦੀ ਅੱਖ' 1971 'ਚ ਛਪਵਾਇਆ। ਪੁਸਤਕ ਆਪਣੇ ਖਰਚੇ ਤੇ ਛਪਵਾ ਕੇ ਮੈਂ ਸਾਰੀ ਆਪ ਹੀ ਲੈ ਲਈ ਸੀ। ਚਾਅ-ਚਾਅ ਵਿਚ ਛਪਵਾ ਤਾਂ ਲਈ ਪਰ ਗਿਆਰਾਂ ਸੌ 'ਚੋਂ ਨੌਂ ਸੌਂ ਪੁਸਤਕ ਤੇ ਉਹ ਵੀ ਕਵਿਤਾ ਦੀ। ਵੇਚੇ ਕੌਣ? ਮੈਂ ਮੂੰਹ ਵੇਖ-ਵੇਖ ਕੇ ਆਪਣੇ ਮਿੱਤਰਾਂ ਨੂੰ ਪੰਜ-ਪੰਜ, ਦਸ-ਦਸ ਕਾਪੀਆਂ ਵਿਆਹ ਦੀ ਭਾਜੀ ਵਾਂਗ ਬੰਨ੍ਹ ਦਿੱਤੀਆਂ। ਦੋਹ-ਚਹੁੰ ਨੇ ਪੈਸੇ ਵੀ ਦਿੱਤੇ (ਮੈਂ ਸ਼ੁਕਰਗੁਜ਼ਾਰ ਹਾਂ।) ਪਰ ਬਾਕੀ ਦੀਆਂ ਪੁਸਤਕਾਂ ਵੀ ਗਈਆਂ ਤੇ ਦੋਸਤ ਵੀ ਮਿਲਣੋਂ-ਗਿਲਣੋਂ ਗਏ। ਮੇਰੇ ਦੰਦ ਖੱਟੇ ਹੋ ਗਏ। ਲਾਹੌਰ ਬੁੱਕ ਸ਼ਾਪ ਵਾਲੇ ਇਉਂ ਦਿਸਿਆ ਕਰਨ ਜਿਵੇਂ ਪਿਛਲੇ ਜਨਮ ਦੇ ਦੁਸ਼ਮਣ ਹੋਣ। ਖ਼ੈਰ- ਛੇ ਸਾਲ ਮੈਂ ਖਾਮੋਸ਼ ਰਿਹਾ ਤੇ 1977 ਵਿਚ ਮੈਂ 'ਗੁਲਾਬ ਫ਼ਾਨੂਸ ਤੇ ਬਰਫ਼' ਅਤੇ 'ਆਨੰਦਪੁਰ ਬਨਾਮ ਦਿੱਲੀ' ਇਕੱਠੇ ਮਨਜਿੰਦਰ ਹੰਸਪਾਲ, ਅਜੰਤਾ ਪ੍ਰਕਾਸ਼ਨ ਅੰਮ੍ਰਿਤਸਰ ਵਾਲੇ ਤੋਂ ਛਪਵਾਏ। ਇਹ ਦੋਵੇਂ ਪੁਸਤਕਾਂ ਛਪਣ ਨਾਲ ਹੋ ਗਈ ਧੰਨ ਧੰਨ! ਪੁਸਤਕਾਂ ਅਕਤੂਬਰ 1977 ਵਿਚ ਛਪੀਆਂ। 'ਗੁਲਾਬ



ਫ਼ਾਨੂਸ ਤੇ ਬਰਫ਼' ਨੂੰ 1976-77 ਦੀ ਸਰਬੋਤਮ ਪੁਸਤਕ ਚੁਣ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਮੈਨੂੰ 'ਭਾਈ ਵੀਰ ਸਿੰਘ ਪੁਰਸਕਾਰ' ਦੇਣ ਦਾ ਫੈਸਲਾ ਕੀਤਾ ਤੇ 'ਅਨੰਦਪੁਰ ਬਨਾਮ ਦਿੱਲੀ' ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਪ੍ਰਧਾਨ ਸਾਹਿਬ ਦੀ ਚਿੱਠੀ ਵੀ ਜਲਦੀ ਹੀ ਸਮਾਗਮ ਰੱਖ ਕੇ ਸਨਮਾਨ ਕਰਨ ਸਬੰਧੀ ਮਿਲੀ। ਯੂਨੀਵਰਸਿਟੀ ਨੇ ਪੁਰਸਕਾਰ ਤਾਂ ਨਵੰਬਰ, 77 ਵਿਚ ਹੀ ਦੇ ਦਿੱਤਾ ਪਰ ਸਿੰਘਾਂ ਵਾਲਾ ਐਲਾਨ ਅਜੇ ਤੀਕ ਐਲਾਨ ਹੀ ਹੈ। ਸ਼ਾਇਦ ਸਿੰਘਾਂ ਨੂੰ ਉਹਨਾਂ ਦੇ ਐਲਾਨਾਂ ਦਾ ਚੇਤਾ ਕਰਵਾਉਣਾ ਪੈਂਦਾ ਹੈ ਤੇ ਨਾਲੇ ਸਿੱਖੀ ਦੇ ਪ੍ਰਚਾਰ ਲਈ ਫ਼ਿਕਰਮੰਦ ਧਾਰਮਿਕ ਨੇਤਾਵਾਂ ਨੂੰ ਸਿੱਖ-ਸਾਹਿਤ ਦੀ ਪ੍ਰਕਾਸ਼ਨਾਂ ਲਈ ਉਤਸ਼ਾਹ ਦੇਣ ਦੇ ਇਹੋ ਜਿਹੇ 'ਵਾਧੂ ਜਿਹੇ' ਕੰਮਾਂ ਲਈ ਆਪਣੇ ਰਾਜਸੀ ਝਮੇਲਿਆਂ 'ਚੋਂ ਫ਼ੁਰਸਤ ਵੀ ਕਿੱਥੇ? ਪਰ ਅਸਲੀ ਉਤਸ਼ਾਹ ਜਾਂ ਮਾਣ-ਸਨਮਾਨ ਤਾਂ ਲੇਖਕ ਨੂੰ ਮੇਰੇ ਵਿਚਾਰ ਵਿਚ ਪਾਠਕ ਹੀ ਦਿੰਦੇ ਹਨ ਤੇ ਮੈਨੂੰ ਇਹ ਮਾਣ ਰੱਜਵਾਂ ਮਿਲਿਆ ਹੈ। ਮੇਰੀਆਂ ਇਹਨਾਂ ਪੁਸਤਕਾਂ ਦੀ ਹੋਰ ਪਾਸਿਓਂ ਪ੍ਰਸ਼ੰਸਾ ਹੋਈ। ਸਿਰਫ਼ ਚੰਡੀਗੜ੍ਹ ਦੇ ਇਕ ਮਹਾਂਪੁਰਸ਼ ਸ. ਪ੍ਰੀਤਮ ਸਿੰਘ ਨੇ 'ਪੰਜਾਬੀ ਟ੍ਰਿਬਿਊਨ' ਵਿਚ ਮੇਰੀ ਸੋਹਣੀ ਖੱਲ ਲਾਹੀ। ਕੇਵਲ ਇਸ ਲਈ ਕਿਉਂਕਿ ਸੇਖੋਂ ਸਾਹਿਬ ਨੇ ਮੇਰੀ ਇਕ ਪੁਸਤਕ ਦੀ ਭੂਮਿਕਾ ਵਿਚ ਮੇਰੀ ਤਾਰੀਫ਼ ਕੀਤੀ ਸੀ ਤੇ ਪ੍ਰੀਤਮ ਸਿੰਘ ਹੋਰਾਂ ਦੇ ਉਹਨਾਂ ਨਾਲ ਸਿੰਗ ਫਸੇ ਹੋਏ ਸਨ। ਲੜਨ-ਭਿੜਨ ਦਾ ਚਾਅ ਪੰਜਾਬੀਆਂ ਦੇ ਸੁਭਾਅ ਦਾ ਇਕ ਅਨਿੱਖੜਵਾਂ ਅੰਗ ਹੈ ਤੇ ਪੰਜਾਬੀ ਆਲੋਚਨਾ ਵਿਚ ਇਸ ਦੇ ਦਰਸ਼ਨ-ਦੀਦਾਰੇ ਵਿਕਰਾਲ ਰੂਪ ਵਿਚ ਹੁੰਦੇ ਹਨ।

ਪੰਜਾਬੀ ਵਿਚ ਜਦੋਂ ਕਿਸੇ ਨੂੰ ਇਨਾਮ ਸਨਮਾਨ ਮਿਲਦਾ ਹੈ ਤਾਂ ਵਿਰੋਧੀਆਂ ਦੀਆਂ ਜੀਭਾਂ ਸਾਣ ਚੜ੍ਹਦੀਆਂ ਹਨ। ਕੋਈ ਕਹੇਗਾ- ਲੇਖਕ ਰੇਡੀਓ ਜਾਂ ਟੀ. ਵੀ. ਤੇ ਪ੍ਰੋਡੀਊਸਰ ਹੈ- ਇਨਾਮ ਤਦੇ ਮਿਲਿਐ। ਇਹ ਫ਼ਲਾਨੇ ਅਖ਼ਬਾਰ ਜਾਂ ਰਸਾਲੇ ਦਾ ਸੰਪਾਦਕ ਹੈ- ਤਦੇ ਮਿਲਿਐ। ਇਹ ਢਿਮਕੀ ਪਾਰਟੀ ਦਾ ਬੰਦਾ ਹੈ- ਤਦੇ ਮਿਲਿਐ- ਵਗੈਰਾ ਵਗੈਰਾ। ਇਹ ਕਹਿੰਦਿਆਂ ਲੇਖਕ ਦੀ ਸਾਰੀ ਘਾਲਣਾ ਖੂਹ-ਖਾਤੇ ਪਾ ਦਿੱਤੀ ਜਾਂਦੀ ਹੈ। ਮੈਨੂੰ ਦੋ ਇਕੱਠੇ ਮਾਨ-ਸਨਮਾਨ ਮਿਲਣ ਦੇ ਐਲਾਨ ਮਗਰੋਂ ਇਕ 'ਹਿਤੂ' ਕਹਿਣ ਲੱਗੇ- ਇਹ ਅਕਾਲੀ ਪਾਰਟੀ ਦੀ ਕ੍ਰਿਪਾ ਹੈ। ਪਰ ਸੱਜਣ ਜੀ ਨੂੰ ਕੌਣ ਦਸੇ ਕਿ ਪਾਰਟੀ ਦੇ ਸਿੰਘਾਂ ਵਾਲਾ ਸਨਮਾਨ ਤਾਂ ਅਜੇ ਤਕ ਵੀ ਕਾਗਜ਼ੀ-ਪੱਤਰੀਂ ਹੀ ਹੋਇਆ ਹੈ ਤੇ ਯੂਨੀਵਰਸਿਟੀ ਵੱਲੋਂ ਮਿਲੇ ਪੁਰਸਕਾਰ ਬਾਰੇ ਮੈਨੂੰ ਹੁਣ ਤੀਕ ਇਹ ਨਹੀਂ ਪਤਾ ਕਿ ਇਸ ਪੁਸਤਕ ਨੂੰ ਵਾਚਣ ਚੁਣਨ ਵਾਲੇ ਕੌਣ-ਕੌਣ ਸੱਜਣ ਸਨ। ਖ਼ੈਰ!

ਮੇਰਾ ਬਚਪਨ ਧਾਰਮਿਕ ਵਾਤਾਵਰਨ ਵਿਚ ਗੁਜ਼ਰਿਆ ਹੈ। ਸਿੱਖ-ਪੰਥ ਦੇ ਦਰਵੇਸ਼ ਸਿਆਸਤਦਾਨ ਗਿਆਨੀ ਕਰਤਾਰ ਸਿੰਘ ਦੀ ਨੇੜਤਾ ਤੇ ਸੰਗਤ ਨੇ ਮੇਰੇ ਤੇ ਅਮਿੱਟ ਪ੍ਰਭਾਵ ਛੱਡਿਆ ਹੈ। ਅਕਾਲੀ ਸਿਆਸਤ ਨਾਲ ਮੈਨੂੰ ਸ਼ੁਰੂ ਤੋਂ

ਹੀ ਲਗਾਓ ਹੈ। ਇਹੀ ਕਾਰਨ ਸੀ ਕਿ ਮੈਂ ਪੰਜਵੀਂ ਜਮਾਤੋਂ ਭੱਜ ਕੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਕੈਦ ਜਾ ਹੋਇਆ। 'ਆਨੰਦਪੁਰ ਬਨਾਮ ਦਿੱਲੀ' ਮੇਰੀਆਂ ਇਹਨਾਂ ਰੁਚੀਆਂ ਦੀ ਹੀ ਪ੍ਰਤੀਕ ਹੈ। ਮੈਂ ਸਿੱਖ ਸਿਆਸਤ ਸਬੰਧੀ ਆਰਟੀਕਲਜ਼ ਤੇ ਇੰਟਰਵਿਊਜ਼ ਵੀ ਛਾਪੇ ਹਨ। ਪਰ ਮੇਰੀਆਂ ਰਾਜਸੀ ਰੁਚੀਆਂ ਤੇ ਮਿੱਤਰਾਚਾਰੀ ਨੇ ਮੇਰੀ ਸਾਹਿਤਕ-ਪ੍ਰਤਿਸ਼ਠਾ ਸਬੰਧੀ ਭਰਮ ਭੁਲੇਖੇ ਪੈਦਾ ਕਰਕੇ ਮੈਨੂੰ ਨੁਕਸਾਨ ਹੀ ਪਹੁੰਚਾਇਆ ਹੈ- ਨਫ਼ਾ ਇਕ ਭੋਰਾ ਨਹੀਂ। ਅੱਜ ਕੱਲ੍ਹ ਮੈਂ ਇਕ ਪੁਸਤਕ ਪੰਜਾਬ ਦੇ ਮੇਲਿਆਂ ਬਾਰੇ ਅਤੇ ਆਪਣਾ ਇਕ ਨਵਾਂ ਕਾਵਿ-ਸੰਗ੍ਰਹਿ 'ਰੰਗਾਂ ਦੇ ਪ੍ਰਛਾਵੇਂ' ਪੂਰਾ ਕਰ ਰਿਹਾ ਹਾਂ।

ਕਵਿਤਾ ਨੂੰ ਮੈਂ ਇਕ ਆਵੇਸ਼ ਮੰਨਦਾ ਹਾਂ। ਕਿਲ੍ਹ ਕੇ ਲਿਖੀ ਕਵਿਤਾ, ਕਵਿਤਾ ਨਹੀਂ ਅਖਵਾ ਸਕਦੀ ਹੋਰ ਭਾਵੇਂ ਕੁਝ ਅਖਵਾ ਲਵੇ। ਕਵਿਤਾ ਛੰਦ-ਬਧ ਨਹੀਂ ਤਾਂ ਘੱਟੋ-ਘੱਟ ਇਸ ਵਿਚ ਲੈਅ-ਸੁਰ ਦਾ ਖਿਆਲ ਜ਼ਰੂਰ ਰਖਿਆ ਜਾਵੇ ਤੇ ਜਾਂ ਫਿਰ ਇਸ ਵਿਚਾਰ ਦੇ ਵਿਰੋਧੀ ਆਧੁਨਿਕ ਕਵੀਆਂ ਨੂੰ ਇਹ ਸ਼ਿਕਾਇਤ ਨਹੀਂ ਕਰਨੀ ਚਾਹੀਦੀ ਕਿ ਉਹਨਾਂ ਦੀਆਂ ਪੁਸਤਕਾਂ ਘੱਟ ਵਿਕਦੀਆਂ ਹਨ ਤੇ ਕਵਿਤਾ ਸੁਣਨ ਲਈ ਕੋਈ ਸਰੋਤਾ ਉਹਨਾਂ ਦੇ ਅੜਿੱਕੇ ਨਹੀਂ ਚੜ੍ਹਦਾ। ਗ਼ਜ਼ਲ ਵਿਚ ਵਜ਼ਨ ਦਾ ਦਾਮਨ ਤਾਂ ਘੁਟ ਕੇ ਪਕੜਨਾ ਹੀ ਹੁੰਦਾ ਹੈ। ਇਸ ਸਬੰਧ ਵਿਚ ਮੇਰਾ ਇਹ ਵੀ ਵਿਚਾਰ ਹੈ ਕਿ ਜੇ ਉਰਦੂ-ਫ਼ਾਰਸੀ ਦੀ ਗਜ਼ਲ-ਕੁੜੀ ਨੂੰ ਅਸੀਂ ਪੰਜਾਬੀ ਵਿਹੜੇ ਦੀ ਵਹੁਟੀ ਬਣਾ ਕੇ ਲਿਆਂਦਾ ਹੈ ਤਾਂ ਇਸ ਨੇ ਆਪਣੇ ਪਹਿਰਾਵੇ, ਚਾਲ-ਢਾਲ, ਰੰਗ-ਢੰਗ ਤੇ ਸੁਭਾਅ ਨੂੰ ਇਸ ਵਿਹੜੇ ਦੇ ਅਨੁਕੂਲ ਜ਼ਰੂਰ ਢਾਲਣਾ ਹੋਏਗਾ। ਮੈਂ ਹਮਦਰਦ ਸਾਹਿਬ ਸਮੇਤ ਪੰਜਾਬੀ ਦੇ ਪ੍ਰਮੁੱਖ ਗ਼ਜ਼ਲ-ਲੇਖਕਾਂ ਨੂੰ ਇਕ ਗੁਜ਼ਾਰਿਸ਼ ਕਰਾਂਗਾ ਕਿ ਉਹ ਉਰਦੂ-ਫਾਰਸੀ ਬਹਿਰਾਂ ਦੇ ਅਨੁਰੂਪ ਪੰਜਾਬੀ-ਬਹਿਰਾਂ ਦਾ ਨਿਰਮਾਣ ਕਾਰਜ ਕਰਕੇ ਇਹਨਾਂ ਨੂੰ ਲਿਪੀਬਧ ਕਰਨ ਤੇ ਫਿਰ ਇਹਨਾਂ ਨਿਰਧਾਰਿਤ ਬਹਿਰਾਂ ਵਿਚ ਕਿਸੇ ਕਿਸਮ ਦੀ ਖੁੱਲ੍ਹ ਬਿਲਕੁੱਲ ਨਾ ਹੋਵੇ ਤਾਂ ਗ਼ਜ਼ਲ ਪੰਜਾਬੀ ਦੀ ਦੂਸਰੀ ਕਵਿਤਾ ਨਾਲੋਂ ਕਿਤੇ ਅਗੇਰੇ ਨਿਕਲ ਕੇ ਵਧੇਰੇ ਮਕਬੂਲ ਹੋ ਸਕਦੀ ਹੈ ਤੇ ਇੰਝ ਪੰਜਾਬੀ ਕਵਿਤਾ ਵੱਲ ਵਧਦੀ ਹੋਈ ਬੇਰੁਖ਼ੀ ਦੀ ਰੁਚੀ ਨੂੰ ਠੱਲ੍ਹਿਆ ਜਾ ਸਕਦਾ ਹੈ।

ਕੁਝ ਆਪਣੇ ਲਿਖਣ-ਢੰਗ ਬਾਰੇ ਵੀ।

ਲਿਖਦਾ ਮੈਂ ਸਿਰਫ਼ ਉਦੋਂ ਹੀ ਹਾਂ ਜਦੋਂ ਲਿਖਣ ਦਾ ਪੂਰਾ ਮੂਡ ਬਣੇ। ਬੱਧਾ-ਰੁੱਧਾ ਨਹੀਂ। ਅਜਿਹੇ ਦਿਨਾਂ ਵਿਚ ਬੱਸ ਵਿਚ ਲਿਖਣਾ ਮੈਨੂੰ ਚੰਗਾ-ਚੰਗਾ ਲਗਦਾ ਹੈ। ਜੇ ਕਿਤੇ ਬਾਹਰ ਬਾਰਸ਼ ਹੁੰਦੀ ਹੋਵੇ ਤਾਂ ਕਹਿਣਾ ਹੀ ਕੀ। ਘਰ ਵਿਚ ਲਿਖਦਿਆਂ ਮੈਂ ਵਿਹੜੇ ਵਿਚ ਪੂਰਾ ਗੇੜ੍ਹਾ ਬੰਨ੍ਹਦਾ ਹਾਂ। ਲਿਖਣ ਦੇ ਪਲਾਂ ਵਿਚ ਘਰ ਵਿਚ ਬਹੁਕਰ ਫੇਰਨ ਦੀ ਮਨਾਹੀ ਦੇ ਸਖ਼ਤ ਆਰਡਰ ਲਾਗੂ ਹੁੰਦੇ ਹਨ ਕਿਉਂਕਿ ਬਹੁਕਰ ਚਲਦਿਆਂ ਮੈਨੂੰ ਇੰਝ ਲੱਗਦਾ ਹੈ ਜਿਵੇਂ ਕਵਿਤਾ ਦੀਆਂ ਕੋਮਲ-ਪੰਖੜੀਆਂ ਮੇਰੇ



ਜ਼ਿਹਨ 'ਚੋਂ ਘਰੋੜ ਘਰੋੜ ਕੇ ਹੂੰਝੀਆਂ ਜਾ ਰਹੀਆਂ ਹੋਣ। ਇਹਨਾਂ ਦਿਨਾਂ ਵਿਚ ਕਲਮ-ਕਾਗਜ਼ ਰਾਤ-ਦਿਨ ਅੰਗ-ਸੰਗ ਰਹਿੰਦੇ ਹਨ। ਕਿਉਂਕਿ ਮੌਤ ਤੇ ਗਾਹਕ ਵਾਂਗ ਕਾਵਿ-ਖਿਆਲ ਦਾ ਵੀ ਕੀ ਪਤਾ ਕਿਸ ਪਲ ਦਿਲ ਦੇ ਦਰਵਾਜ਼ੇ 'ਤੇ ਆਣ ਦਸਤਕ ਦੇਵੇ। ਲੇਖਕਾਂ ਤੇ ਖਾਸ ਕਰ ਕਵੀਆਂ ਬਾਰੇ ਇਹ ਪ੍ਰਸਿੱਧ ਹੈ ਕਿ ਉਹ ਅਕਸਰ ਸਰੋਤਿਆਂ ਦੀ ਤਲਾਸ਼ ਵਿਚ ਘੁੰਮਦੇ ਹਨ ਤੇ ਜਦੋਂ ਕੋਈ ਸਰੋਤਾ ਉਨ੍ਹਾਂ ਦੇ ਫੜ੍ਹੰਗੇ ਵਿਚ ਆ ਜਾਵੇ, ਫੱਟ ਆਪਣਾ ਤਵਾ ਧਰ ਦਿੰਦੇ ਹਨ। ਪਰ ਮੇਰੇ ਪਾਠਕ ਤੁਹਾਡੇ ਪਾਸ ਅਜਿਹੀ ਸ਼ਿਕਾਇਤ ਨਹੀਂ ਕਰਨਗੇ ਕਿਉਂਕਿ ਮੈਂ ਉਹਨਾਂ ਉੱਤੇ ਕਵਿਤਾ ਸੁਣਾਉਣ ਦਾ 'ਤਸ਼ੱਦਦ' ਬਹੁਤ ਹੀ ਘੱਟ ਕਰਦਾ ਹਾਂ। ਹਾਂ ਆਪਣੀ ਪਤਨੀ ਨੂੰ ਮੈਂ ਆਪਣੀ ਹਰ ਨਵੀਂ ਕਵਿਤਾ ਸੁਣਾਏ ਬਿਨਾਂ ਨਹੀਂ ਰਹਿ ਸਕਦਾ। ਹਾਲਾਂਕਿ ਉਹ ਅੰਤਰਰਾਸ਼ਟਰੀ ਪੱਧਰ ਦੀ ਹਾਕੀ ਖਿਡਾਰਨ ਰਹੀ ਹੈ ਤੇ ਉਸ ਦਾ ਖੇਤਰ ਸਾਹਿੱਤ ਨਹੀਂ ਖੇਡਾਂ ਹੈ ਪਰ ਵਿਆਹ ਦੇ ਇਹਨਾਂ ਨੌਂ ਸਾਲਾਂ ਵਿਚ ਉਸ ਉਤੇ ਕਵਿਤਾ ਦੀ ਅਮਰ-ਵੇਲ ਚਾੜ੍ਹ ਕੇ ਮੈਂ ਉਸ ਨੂੰ ਅੱਧੀ ਸ਼ਾਇਰਾ ਬਣਾ ਲਿਆ ਹੈ ਤੇ ਇਸ ਤਰ੍ਹਾਂ ਹੁਣ ਉਹ ਸਾਹਿਤਕ ਜੀਵਨ 'ਚ ਵੀ ਮੇਰੀ ਅਰਧੰਗੀ ਹੈ। ਉਸ ਨੂੰ ਕਵਿਤਾ ਸੁਣਾ ਕੇ ਤੇ ਉਸ ਤੋਂ ਇਕ ਸੂਝਵਾਨ ਪਾਠਕ ਦੀ ਪਸੰਦ ਜਾਣਕੇ ਮੈਂ ਉਸਦੀ ਸਲਾਹ ਨਾਲ ਆਪਣੀ ਕਵਿਤਾ ਵਿਚ ਕਈ ਸ਼ਬਦਾਂ-ਸਤਰਾਂ ਦੀ ਅਦਲਾ-ਬਦਲੀ ਕਰਦਾ ਹਾਂ। ਕਵਿਤਾ ਦੀਆਂ ਕਾਪੀਆਂ ਕਰਨ ਵਿਚ ਵੀ ਮੈਂ ਬਹੁਤ ਘੌਲ਼ੀ ਹਾਂ ਤੇ ਕਈ ਵਾਰ ਇਹ ਕਾਪੀਆਂ ਵੀ ਉਹ ਹੀ ਕਰਦੀ ਹੈ। ਮੇਰੀ ਕਵਿਤਾ ਮੇਰੀ ਪਤਨੀ ਦੇ ਸਾਹਮਣੇ ਬਣਦੀ ਹੈ ਕਿਉਂਕਿ ਜਦ ਵੀ ਕੋਈ ਸ਼ਿਅਰ ਜਾਂ ਖਾਸਕਰ ਚੰਗਾ ਸ਼ਿਅਰ ਅਹੁੜ ਪੈਂਦਾ ਤਾਂ ਮੈਂ ਤੁਰੰਤ ਉਸਦੇ ਪਾਸ ਜਾ ਧਮਕਦਾ ਹਾਂ ਭਾਵੇਂ ਉਹ ਉਦੋਂ ਰਸੋਈ 'ਚ ਅੰਨ-ਪਾਣੀ ਦੇ ਆਹਰ ਵਿਚ ਹੋਵੇ ਜਾਂ ਬੱਚਿਆਂ ਨੂੰ ਨੁਹਾਣ-ਪੜ੍ਹਾਣ ਆਦਿ ਦੇ ਕੰਮ ਵਿਚ ਵਿਅਸਥ। ਮੈਂ ਉਹ ਸ਼ਿਅਰ ਜਾਂ ਕਵਿਤਾ ਉਸ ਨੂੰ ਜਾ ਸੁਣਾਉਂਦਾ ਹਾਂ। ਮੇਰੀ ਕਵਿਤਾ ਦਾ ਪਹਿਲਾ ਪਾਠਕ ਉਹ ਹੀ ਹੁੰਦੀ ਹੈ ਤੇ ਇੰਝ ਆਪਣੀ ਕਵਿਤਾ ਸੁਣਾ ਕੇ ਆਪਣੀ ਪਤਨੀ ਨੂੰ ਜ਼ਰੂਰ ਮੈਂ ਪੂਰੀ ਤਰ੍ਹਾਂ ਬੋਰ ਕਰਦਾ ਹਾਂ। ਸ਼ਾਇਦ ਹੋਰ ਵੀ ਕਈ ਲੇਖਕਾਂ ਦੀਆਂ ਪਤਨੀਆਂ ਨੂੰ ਆਪਣੇ ਪਤੀਆਂ ਤੋਂ ਉਹਨਾਂ ਦੀਆਂ ਰਚਨਾਵਾਂ ਸੁਣ ਸੁਣ ਕੇ ਇਉਂ ਹੀ ਬੋਰ ਹੋਣਾ ਪੈਂਦਾ ਹੋਵੇਗਾ। ਪਰ ਧੰਨ ਹਨ ਲੇਖਕਾਂ ਦੀਆਂ ਪਤਨੀਆਂ ਜੋ ਇਸ ਤਰ੍ਹਾਂ ਦੀ ਬੋਰੀਅਤ ਨੂੰ ਬਰਦਾਸ਼ਤ ਕਰਨ ਦਾ ਸਿਤਮ ਸਹਿੰਦੀਆਂ ਹੋਈਆਂ ਜ਼ਿੰਦਗੀ ਭਰ ਭਾਣਾ ਮੰਨਦੀਆਂ ਹਨ!

(1979)

➢➢➢

# ਬੀਬੀ ਨਿਰਲੇਪ ਕੌਰ ਨਾਲ ਮੁਲਾਕਾਤ

ਸ. ਗਿਆਨ ਸਿੰਘ ਰਾੜੇਵਾਲਾ ਸਾਬਕਾ ਚੀਫ਼ ਮਨਿਸਟਰ ਪੈਪਸੂ ਦੀ ਸਪੁੱਤਰੀ ਬੀਬੀ ਨਿਰਲੇਪ ਕੌਰ ਲਗਭਗ ਪਿਛਲੇ ਦੋ ਦਹਾਕਿਆਂ ਤੋਂ ਸਿੱਖ-ਸਿਆਸਤ ਨਾਲ ਬਾਵਸਤਾ ਹਨ। ਪੰਜਾਬੀ ਸਭਿਆਚਾਰ ਵਿਚ ਜਿਵੇਂ ਨੂੰਹ ਸੱਸ ਦੀ ਲੜਾਈ ਮਸ਼ਹੂਰ ਹੈ, ਤਿਵੇਂ ਪੰਜਾਬ ਦੀ ਸਿਆਸਤ ਵਿਚ ਬੀਬੀ ਨਿਰਲੇਪ ਕੌਰ ਤੇ ਉਹਨਾਂ ਦੇ ਸਹੁਰਾ ਸਾਹਿਬ ਸ. ਰਣਜੀਤ ਸਿੰਘ ਦੇ 1967 ਵਿਚ ਸੰਗਰੂਰ ਪਾਰਲੀਮੈਂਟ ਸੀਟ ਤੋਂ ਲੜਾਈ 'ਨੂੰਹ-ਸਹੁਰੇ ਦੀ ਲੜਾਈ' ਕਰਕੇ ਪ੍ਰਸਿੱਧ ਹੈ। ਜਿਸ ਵਿਚ ਬੀਬੀ ਜੀ ਨੇ ਆਪਣੇ ਸਹੁਰਾ ਸਾਹਿਬ ਨੂੰ ਲਗਭਗ 98000 ਵੋਟਾਂ ਦੇ ਫ਼ਰਕ ਨਾਲ ਸ਼ਿਕੱਸਤ ਦੇ ਕੇ ਅਕਾਲੀ ਦਲ ਨੂੰ ਆਜ਼ਾਦੀ ਉਪਰੰਤ ਪਾਰਲੀਮੈਂਟ ਦੀ ਪਹਿਲੀ ਸੀਟ ਜਿੱਤ ਕੇ ਦਿੱਤੀ ਤੇ ਪਾਰਲੀਮੈਂਟ ਵਿਚ ਅਕਾਲੀ ਗਰੁੱਪ ਦੇ ਨੇਤਾ ਬਣੇ। ਆਜ਼ਾਦੀ ਉਪਰੰਤ ਸਿਆਸਤ ਦੇ ਅਖਾੜੇ ਵਿਚ ਪ੍ਰਵੇਸ਼ ਕਰਨ ਤੋਂ ਲੈ ਕੇ ਹੁਣ ਤੱਕ ਬੀਬੀ ਜੀ ਚਿੱਤ ਵੀ ਡਿੱਗੇ ਹਨ ਤੇ ਮੁੱਧੇ ਵੀ। ਹੁਣ ਖਾਲਸਾ ਪੰਥ ਨੇ ਫਿਰ ਉਨ੍ਹਾਂ ਦੇ ਸਿਰ ਤੇ ਹੱਥ ਧਰਿਆ ਹੈ ਤੇ ਸ਼੍ਰੋਮਣੀ ਕਮੇਟੀ ਦੀਆਂ ਮੌਜੂਦਾ ਚੋਣਾਂ ਵਿਚ ਉਹ ਹਲਕਾ ਪਾਇਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਨ। ਪ੍ਰਸਤੁਤ ਹੈ ਉਹਨਾਂ ਨਾਲ ਪਿਛਲੇ ਦਿਨੀਂ ਕੀਤਾ ਇਕ ਇੰਟਰਵਿਊ :-

? ਬੀਬੀ ਜੀ! ਸ਼੍ਰੋਮਣੀ ਕਮੇਟੀ ਦੀਆਂ ਮੌਜੂਦਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੀ ਗਈ ਉਮੀਦਵਾਰਾਂ ਦੀ ਸੂਚੀ ਵਿਚ ਪਹਿਲੀ ਵੇਰ ਪੰਜ ਬੀਬੀਆਂ ਦੇ ਨਾਮ ਸ਼ਾਮਲ ਕੀਤੇ ਜਾਣ ਤੇ ਤੁਸੀਂ ਕੀ ਮਹਿਸੂਸ ਕੀਤਾ?

- ਇਹ ਫੈਸਲਾ ਸਿੱਖ ਧਰਮ ਦੀ ਪਰੰਪਰਾ ਦੇ ਅਨੁਕੂਲ ਹੈ ਪਰ ਕੀਤਾ ਬਹੁਤ ਪੱਛੜ ਕੇ ਹੈ। ਇਹ ਬਹੁਤ ਚਿਰ ਪਹਿਲਾਂ ਹੋ ਜਾਣਾ ਚਾਹੀਦਾ ਸੀ। ਖ਼ੈਰ, ਹੁਣ ਹੋ ਗਿਆ, ਇਹ ਵੀ ਚੰਗਾ ਹੋਇਆ?

? ਦੋ ਬੀਬੀਆਂ ਤੋਂ ਟਿਕਟ ਵਾਪਸ ਵੀ ਲਏ ਗਏ ਹਨ। ਇਸ ਬਾਰੇ?

- ਟਿਕਟ ਦੇ ਕੇ ਵਾਪਸ ਲੈਣਾ ਨਿਰਸੰਦੇਹ ਮਾੜੀ ਗੱਲ ਹੈ। ਪਰ ਕੀ ਪਤੈ ਇਸ ਪਿੱਛੇ ਕੀ-ਕੀ ਕਾਰਨ ਹੋਣ?

? ਬੀਬੀ ਰਾਜਿੰਦਰ ਕੌਰ ਪ੍ਰਧਾਨ ਇਸਤਰੀ ਅਕਾਲੀ ਦਲ ਨੇ ਇਸ ਸਬੰਧੀ ਆਪਣੇ ਤਾਜ਼ਾ ਬਿਆਨਾਂ ਵਿਚ ਅਕਾਲੀ ਹਾਈ ਕਮਾਂਡ ਤੇ ਨੁਕਤਾਚੀਨੀ ਵੀ ਕੀਤੀ ਹੈ। ਇਸ ਬਾਰੇ ਕੀ ਖਿਆਲ ਹੈ?



- ਪਹਿਲੀ ਗੱਲ ਮੈਂ ਇਸਤਰੀ ਅਕਾਲੀ ਦਲ ਦੀ ਹੋਂਦ ਬਾਰੇ ਹੀ ਅਸਪਸ਼ਟ ਹਾਂ। ਇਹ ਕੀ ਹੈ? ਇਸ ਦਾ ਸੰਵਿਧਾਨ ਕੀ ਹੈ? ਅਸਲ ਵਿਚ ਇਹ ਅਕਾਲੀ ਦਲ ਦਾ ਹੀ ਇਕ ਵਿੰਗ ਹੋਣਾ ਚਾਹੀਦਾ ਹੈ ਤੇ ਜੇ ਹੁਣ ਵੀ ਅਕਾਲੀ ਦਲ ਦਾ ਹੀ ਅੰਗ ਹੈ ਤਾਂ ਇਸ ਨੂੰ ਵੱਖਰਾ ਚੋਣ-ਨਿਸ਼ਾਨ ਅਲਾਟ ਕਰਾਉਣ ਦੀ ਕੀ ਲੋੜ ਪਈ ਸੀ? ਜਿਥੋਂ ਤਕ ਬੀਬੀ ਰਾਜਿੰਦਰ ਕੌਰ ਦਾ ਸਵਾਲ ਹੈ ਉਸ ਨੂੰ ਮਾਸਟਰ ਜੀ ਦੀ ਲੜਕੀ ਹੋਣ ਦੇ ਨਾਤੇ ਪੰਥ ਨੇ ਬਹੁਤ ਮਾਣ ਦਿੱਤਾ ਹੈ। ਰਾਜ ਸਭਾ ਦੀ ਸੀਟ ਵੀ ਦਿੱਤੀ ਪਰ ਉਹਨਾਂ ਵੱਲੋਂ ਹਾਈ ਕਮਾਂਡ ਤੇ ਕੀਤੀ ਗਈ ਨੁਕਤਾਚੀਨੀ ਮੈਨੂੰ ਬਿਲਕੁਲ ਠੀਕ ਨਹੀਂ ਲੱਗੀ।

? ਨਵੀਂ ਚੁਣੀ ਸ਼੍ਰੋਮਣੀ ਕਮੇਟੀ ਬਾਰੇ ਤੇ ਇਸ ਵਿਚ ਆਪਣੇ ਪ੍ਰੋਗਰਾਮ ਬਾਰੇ ਤੁਸੀਂ ਕੀ ਸੋਚ ਰੱਖਿਆ ਹੈ?

- ਟਿਕਟਾਂ ਦੀ ਵੰਡ ਤੋਂ ਜਾਪਦਾ ਹੈ ਕਿ ਇਸ ਦੇ ਕੰਮ ਵਿਚ ਸੁਧਾਰ ਦੀਆਂ ਹੋਰ ਬੜੀਆਂ ਸੰਭਾਵਨਾਵਾਂ ਹਨ। ਮੈਂ ਚਾਹੁੰਦੀ ਹਾਂ ਕਿ ਪਹਿਲੋਂ ਅਸੀਂ ਮੈਂਬਰਾਂ ਨੂੰ ਹੀ ਪ੍ਰੇਰਨਾ ਕਰੀਏ। ਫਿਰ ਸਟੱਡੀ ਸਰਕਲਾਂ ਵਿਚ ਵਿਚਾਰ ਉਪਰੰਤ ਨਵੇਂ ਪ੍ਰੋਗਰਾਮ ਦੀ ਰੂਪ-ਰੇਖਾ ਬਣਾਈਏ ਤੇ ਫਿਰ ਹਰ ਚੰਗੇਰੇ ਸੰਭਵ ਤਰੀਕੇ ਨਾਲ ਉਸ ਪ੍ਰੋਗਰਾਮ ਨੂੰ ਲਾਗੂ ਕਰੀਏ ਕਿਉਂਕਿ ਜੇ ਅੱਜ ਵੀ ਸਿੱਖ ਪਤਿਤ ਹੋ ਰਹੇ ਹਨ ਤਾਂ ਇਸ ਸਬੰਧੀ ਵੱਡੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੀ ਹੈ।

? ਦਿੱਲੀ ਦੇ ਗੁਰਦੁਆਰਿਆਂ ਸਬੰਧੀ ਤੁਹਾਡੇ ਰੋਲ ਬਾਰੇ ਪਿੱਛੇ ਬੜਾ ਵਾਦ-ਵਿਵਾਦ ਚਲਦਾ ਰਿਹਾ ਹੈ। ਤੁਹਾਡੇ ਵਿਰੋਧੀ ਇਸ ਨੂੰ ਬੜਾ ਲੂਣ-ਮਸਾਲਾ ਲਾ ਕੇ ਪੇਸ਼ ਕਰਦੇ ਰਹੇ ਹਨ ਤੇ ਸ਼ਾਇਦ ਇਸੇ ਕਾਰਨ ਉਸ ਸਮੇਂ ਅਕਾਲੀ ਹਾਈ-ਕਮਾਂਡ ਦੀ ਅੱਖ ਵੀ ਤੁਹਾਡੇ ਵੱਲ ਕੈਰੀ ਕੈਰੀ ਰਹੀ ਹੈ। ਇਸ ਦਾ ਆਪ ਕੋਈ ਸਪੱਸ਼ਟੀਕਰਨ ਦਿਓਗੇ?

- ਹਾਂ, ਕਿਉਂ ਨਹੀਂ! ਮੈਂ ਇਹ ਇਕ ਧਰਮ ਯੁੱਧ ਲੜਿਆ ਸੀ। ਦਿੱਲੀ ਦੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜਥੇਦਾਰ ਸੰਤੋਖ ਸਿੰਘ ਨੇ ਬੜੀ ਧਾਂਦਲੀ ਮਚਾ ਰੱਖੀ ਸੀ। ਪਬਲਿਕ ਫੰਡਾਂ ਦੀ ਬੜੀ ਨਾਜਾਇਜ਼ ਵਰਤੋਂ ਹੋ ਰਹੀ ਸੀ। ਅਸੀਂ ਮਿਲਕੇ ਵੀ ਤੇ ਚਿੱਠੀਆਂ ਲਿਖਕੇ ਵੀ ਮੰਗ ਕੀਤੀ ਕਿ ਕਮੇਟੀ ਦੀ ਚੋਣ ਹੋਣੀ ਚਾਹੀਦੀ ਹੈ। ਅਜਮਲ ਖਾਂ ਪਾਰਕ ਵਿਚ ਅਸੀਂ ਇਕ ਪਬਲਿਕ ਜਲਸਾ ਕਰਕੇ ਸੰਗਤਾਂ ਨੂੰ ਆਪਣਾ ਮਨੋਰਥ ਦੱਸਿਆ ਕਿ ਅਸਾਂ ਸੰਤੋਖ ਸਿੰਘ ਨੂੰ ਗੁਰਦੁਆਰਾ ਪ੍ਰਬੰਧ ਵਿਚੋਂ ਬਾਹਰ ਕੱਢਣਾ ਹੈ ਤੇ ਸਾਡੀ ਮੰਗ ਸੀ ਕਿ ਗੁਰਦੁਆਰਾ ਪ੍ਰਬੰਧ ਲਈ ਪਹਿਲੋਂ ਇਕਦਮ ਪੰਜ ਗੁਰਮੁਖ ਸਿੰਘਾਂ ਦੀ ਇਕ ਕਮੇਟੀ ਬਣਾਈ ਜਾਵੇ। ਜਦੋਂ ਸਾਡੀ ਕਿਸੇ ਨੇ ਨਾ ਮੰਨੀ ਤਾਂ ਅਸਾਂ ਹਾਰ ਕੇ ਇਸ ਕੁਰੀਤੀ ਨੂੰ ਰੋਕਣ ਲਈ ਗੁਰਦੁਆਰਾ ਸੀਸ ਗੰਜ ਤੇ ਗੁਰਦੁਆਰਾ ਰਕਾਬ ਗੰਜ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ। ਫਿਰ ਗਵਰਨਰ ਐਲ. ਕੇ. ਝਾ ਤੇ ਪੁਲਿਸ ਆਈ ਤੇ ਸਾਨੂੰ

ਕਿਹਾ ਕਿ ਤੁਹਾਡੀ ਮੰਗ ਮੁਤਾਬਿਕ ਪ੍ਰਬੰਧ ਪੰਜ ਸਿੰਘਾਂ ਨੂੰ ਦੇਣ ਦਾ ਫੈਸਲਾ ਹੋ ਗਿਆ ਹੈ, ਤੁਸੀਂ ਬਾਹਰ ਆ ਜਾਓ। ਇਹ ਗੱਲਬਾਤ ਚਲ ਹੀ ਰਹੀ ਸੀ ਕਿ ਪੁਲਿਸ ਨੇ ਕਰੇਨ ਤੇ ਬੁਲਡੋਜਰ ਲਿਆ ਕੇ ਗੁਰਦੁਆਰਾ ਸਾਹਿਬ ਦਾ ਲੋਹੇ ਦਾ ਗੇਟ ਤੋੜ ਦਿੱਤਾ। ਸਿੰਘਾਂ ਤੇ ਟੀਅਰ ਗੈਸ ਦੇ 75 ਸ਼ੈਲ ਸੁੱਟੇ ਗਏ। ਬਹੁਤ ਸਾਰੇ ਸਿੰਘ ਜ਼ਖ਼ਮੀ ਹੋਏ ਸੱਤਰ-ਪੰਝਤਰ ਗ੍ਰਿਫ਼ਤਾਰ ਵੀ ਹੋਏ। ਇਹ ਸੰਘਰਸ਼ ਕਿਧਰੇ ਚੌਥੇ ਦਿਨ ਖ਼ਤਮ ਹੋਇਆ। ਪਰ ਪ੍ਰਬੰਧ ਪੰਜ ਸਿੰਘਾਂ ਨੂੰ ਸੌਂਪਣ ਦਾ ਵਾਅਦਾ ਪੂਰਾ ਨਾ ਕੀਤਾ ਗਿਆ। ਉਸ ਦਿਨ ਤੋਂ ਪੰਜ ਮਹੀਨੇ ਤੱਕ ਅਕਾਲੀ ਦਲ ਵੀ ਚੁੱਪ ਰਿਹਾ। ਅਸੀਂ ਫਿਰ ਗੁਰਦੁਆਰਾ ਸਾਹਿਬਾਨ ਦਾ ਕੰਟਰੋਲ ਹੱਥਾਂ ਵਿਚ ਲੈ ਲਿਆ। ਇਸ ਵੇਰ ਅਸਾਂ ਗਵਰਨਰ ਝਾ ਤੇ ਹੋਰਨਾਂ ਨੂੰ ਕਹਿ ਦਿੱਤਾ ਕਿ ਹੁਣ ਤੁਸਾਂ ਵਾਅਦਾ ਪੂਰਾ ਨਾ ਕੀਤਾ ਤਾਂ ਅਸੀਂ ਮੁਕਾਬਲਾ ਕਰਾਂਗੇ। ਇਸ ਤੇ ਗੁਰਦੁਆਰਾ ਪ੍ਰਬੰਧ ਲਈ ਇਕ ਪੰਜ ਮੈਂਬਰੀ ਸੈਂਟਰਲ ਗੁਰਦੁਆਰਾ ਬੋਰਡ ਬਣਾ ਦਿੱਤਾ ਗਿਆ ਜਿਸਦੇ ਚੇਅਰਮੈਨ ਸ. ਜੋਗਿੰਦਰ ਸਿੰਘ ਸਨ। ਇਸ ਬੋਰਡ ਨੂੰ ਚਾਰਜ ਦੇ ਦਿੱਤਾ ਗਿਆ। ਇਸ ਅਰਸੇ ਦੌਰਾਨ ਬੈਲੈਂਸ-ਸ਼ੀਟ ਹਰ ਸਿੱਖ ਲਈ ਖੁੱਲ੍ਹੀ ਰਹਿੰਦੀ ਸੀ ਤੇ ਇਕ ਸਾਲ ਵਿਚ ਹੀ ਗੁਰਦੁਆਰਾ ਸਾਹਿਬਾਨ ਦੀ ਆਮਦਨ 35 ਲੱਖ ਤਕ ਚਲੀ ਗਈ। ਫਿਰ ਦਿੱਲੀ ਗੁਰਦੁਆਰਾ ਐਕਟ ਬਣਾ ਦਿੱਤਾ ਗਿਆ ਤੇ ਇਲੈਕਸ਼ਨਾਂ ਅਨਾਊਂਸ ਕਰ ਦਿੱਤੀਆਂ ਗਈਆਂ ਤਾਂ ਜਾ ਕੇ ਸੁੱਖ ਦਾ ਸਾਹ ਆਇਆ (ਕਹਿੰਦਿਆਂ ਬੀਬੀ ਜੀ ਨੇ ਅੱਖਾਂ ਮੁੰਦ ਲਈਆਂ ਜਿਸ ਤਰ੍ਹਾਂ ਕੋਈ ਸ਼ੁਭ-ਕਾਰਜ ਨੇਪਰੇ ਚੜ੍ਹਨ ਉਪਰੰਤ ਸ਼ੁਕਰਾਨਾ ਕਰ ਰਿਹਾ ਹੋਵੇ! )

? ਹਾਂ ਸੱਚ ਤੁਹਾਡੇ ਨਾਲ ਸਬੰਧਤ ਇਕ ਹੋਰ ਸਵਾਲ ਹੈ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੇ ਮਰਨ-ਵਰਤ ਬਾਰੇ ਤੁਸੀਂ ਕੀ ਸੋਚਦੇ ਹੋ?

- ਮੈਂ ਸਰਦਾਰ ਫੇਰੂਮਾਨ ਦੇ ਵਰਤ ਨੂੰ ਸੋਲਾਂ ਆਨੇ ਠੀਕ ਸਮਝਦੀ ਸਾਂ ਤੇ ਅੱਜ ਵੀ ਜੇ ਸਿੱਖ ਕੌਮ ਦੀ ਸ਼ਾਨ ਤੇ ਪੰਜਾਬ ਦੇ ਹਿਤ ਲਈ ਅਜਿਹੀ ਕੋਈ ਸ਼ਹਾਦਤ ਹੋਵੇ ਤਾਂ ਮੈਂ ਉਸਦੇ ਹੱਕ ਵਿਚ ਹੋਵਾਂਗੀ! (ਇਹ ਕਹਿੰਦਿਆਂ ਬੀਬੀ ਜੀ ਦੇ ਭਰਵੱਟੇ ਕਮਾਨਾਂ ਵਾਂਗ ਤਣ ਗਏ!)

? ਤੁਹਾਡੀ ਪੰਥਕ ਸੇਵਾ ਦਾ ਤੁਹਾਨੂੰ ਪੂਰਾ ਸਿਲਾ ਮਿਲਿਆ ਹੈ?

- ਨਹੀਂ! ਮੈਂ ਪਿਛਲੇ ਦਸ ਸਾਲ ਅਕਾਲੀ ਦਲ ਲਈ ਬਹੁਤ ਕੁਰਬਾਨੀ ਕੀਤੀ ਪਰ ਇਸ ਵੱਲ ਕਿਸੇ ਦਾ ਘੱਟ ਹੀ ਧਿਆਨ ਗਿਆ ਹੈ। ਹਾਂ... ਪਰ ਹੁਣ ਸਭ ਠੀਕ-ਠਾਕ ਹੈ (ਉਹਨਾਂ ਦਾ ਹਾਸਾ ਛਣਕਿਆ!)

? ਤੇ ਹੁਣ ਪਾਇਲ ਦੀ ਸੀਟ ਤੇ ਤੁਹਾਡਾ ਕੀ ਹਾਲ ਹੈ?

- ਜਿਹੜਾ ਇਕ ਜਿੱਤਣ ਵਾਲੇ ਕੈਂਡੀਡੇਟ ਦਾ ਹੁੰਦਾ ਹੈ! (ਉਹ ਮੁਸਕਰਾ ਕੇ ਬੋਲੇ!)

(1979)



# ਮੋਹ ਦੇ ਆਰ-ਪਾਰ : ਸ਼ੇਰ ਸਿੰਘ ਕੰਵਲ

ਆਪਣੇ ਮਾਹੌਲ ਤੋਂ ਅਸੰਤੁਸ਼ਟ ਹੋ ਕੇ ਚੰਗੇ ਖ਼ੁਸ਼ਹਾਲ ਜੀਵਨ ਦੀ ਤਲਾਸ਼ ਵਿਚ ਆਪਣੀ ਮਾਤ-ਭੂਮੀ ਦੇ ਮੋਹ ਦੀਆਂ ਅਤੇ ਭੂਗੋਲਕ ਹੱਦਾਂ ਤੋਂ ਪਾਰ ਜਾ ਕੇ ਪਰਾਈ ਧਰਤੀ 'ਤੇ ਟਿਕਣ ਵਾਲੇ ਲੱਖਾਂ ਪੰਜਾਬੀਆਂ ਵਿਚੋਂ ਇਕ ਸ਼ੇਰ ਸਿੰਘ ਕੰਵਲ ਵੀ ਹੈ। ਤਹਿਸੀਲ ਜ਼ੀਰਾ ਦੇ ਪਿੰਡ ਤਲਵੰਡੀ ਮੱਲ੍ਹੀਆਂ ਵਿਚ ਪੈਦਾ ਹੋਇਆ 38 ਕੁ ਵਰ੍ਹੇ ਦਾ ਇਹ ਪੰਜਾਬੀ ਕਵੀ ਪਿਛਲੇ ਢਾਈ ਸਾਲ ਤੋਂ ਕੈਲੇਫ਼ੋਰਨੀਆ (ਅਮਰੀਕਾ) ਦੇ ਉੱਘੇ ਮਹਾਂਨਗਰ ਸਾਨਫ਼ਰਾਂਸਿਸਕੋ ਦੇ ਨੇੜਲੇ ਸ਼ਹਿਰ ਸੈਨਹੋਜ਼ੇ ਵਿਚ ਰਹਿ ਰਿਹਾ ਹੈ ਜਿੱਥੋਂ ਉਹ ਅੱਜਕੱਲ੍ਹ ਦੇਸ਼ ਯਾਤਰਾ 'ਤੇ ਆਇਆ ਹੋਇਆ ਹੈ। ਪਿਛਲੇ ਦਿਨੀਂ ਇਕ ਮੁਲਾਕਾਤ ਵਿਚ ਉਸ ਨਾਲ ਹੋਈ ਗੱਲਬਾਤ ਕੁਝ ਇਸ ਪ੍ਰਕਾਰ ਸੀ :

**? ਆਪਣੇ ਮੁੱਢਲੇ ਜੀਵਨ ਬਾਰੇ ਕੁਝ ਦੱਸੋ?**

- 1962 ਵਿਚ ਹਾਇਰ ਸੈਕੰਡਰੀ ਪਾਸ ਕਰਕੇ ਮੈਂ ਰੋਜ਼ਾਨਾ 'ਨਵੀਂ ਪ੍ਰਭਾਤ' ਕਲੱਕਤਾ ਵਿਚ ਦੋ ਸਾਲ ਤੱਕ ਸਬ-ਐਡੀਟਰ ਰਿਹਾ। ਫੇਰ ਲੁਧਿਆਣੇ ਆ ਕੇ ਖੇਤੀਬਾੜੀ ਯੂਨੀਵਰਸਿਟੀ ਤੋਂ 1965 ਵਿਚ ਕੋਰਸ ਕਰਕੇ ਚਾਰ ਕੁ ਸਾਲ ਖੇਤੀ ਸਬ-ਇੰਸਪੈਕਟਰ ਰਿਹਾ ਅਤੇ ਏਸੇ ਦੌਰਾਨ ਬੀ. ਏ. ਪਾਸ ਕਰ ਲਈ। ਫਿਰ 1969 ਵਿਚ ਬੀ. ਐੱਡ ਕਰਕੇ ਤਿੰਨ ਕੁ ਸਾਲ ਅਧਿਆਪਕ ਲੱਗਾ ਰਿਹਾ ਅਤੇ ਨਾਲ ਹੀ ਐਮ. ਏ. ਪੰਜਾਬੀ ਕਰ ਲਈ। ਸਰਕਾਰੀ ਕਾਲਜ ਟਾਂਡਾ ਤੇ ਰਾੜਾ ਸਾਹਿਬ ਵਿਚ ਥੋੜ੍ਹਾ ਸਮਾਂ ਲੈਕਚਰਾਰ ਰਹਿਣ ਮਗਰੋਂ ਗੁਰੂ ਨਾਨਕ ਕਾਲਜ ਮੋਗੇ ਆ ਗਿਆ ਜਿੱਥੇ 1973 ਤੋਂ 1980 ਤੱਕ ਲੈਕਚਰਾਰ ਰਿਹਾ।

**? ਤੁਹਾਡੀਆਂ ਕਾਵਿ-ਰਚਨਾਵਾਂ?**

- 1960ਵਿਆਂ ਦੇ ਅੱਧ ਵਿਚ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ। ਮੇਰਾ ਪਹਿਲਾ ਕਾਵਿ-ਸੰਗ੍ਰਹਿ 'ਪੱਥਰ ਦੀ ਅੱਖ' 1971 ਵਿਚ ਪ੍ਰਕਾਸ਼ਤ ਹੋਇਆ। ਫਿਰ 1977 ਵਿਚ ਦੋ ਹੋਰ ਕਾਵਿ-ਸੰਗ੍ਰਹਿ 'ਆਨੰਦਪੁਰ ਬਨਾਮ ਦਿੱਲੀ' ਅਤੇ 'ਗੁਲਾਬ ਫ਼ਾਨੂਸ ਤੇ ਬਰਫ਼' ਪ੍ਰਕਾਸ਼ਤ ਹੋਏ। ਇਨ੍ਹਾਂ ਵਿਚੋਂ ਦੂਜੇ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 'ਭਾਈ ਵੀਰ ਸਿੰਘ ਪੁਰਸਕਾਰ' ਦਿੱਤਾ ਗਿਆ। 1981 ਵਿਚ ਚੌਥਾ ਕਾਵਿ-ਸੰਗ੍ਰਹਿ 'ਮੋਹ-ਮਹਿਲ' ਛਪਿਆ ਜਿਸ ਵਿਚ ਸ਼ਾਮਲ ਬਹੁਤੀਆਂ ਕਵਿਤਾਵਾਂ ਤੇ ਗ਼ਜ਼ਲਾਂ ਪ੍ਰਵਾਸ ਸਮੇਂ ਲਿਖੀਆਂ ਗਈਆਂ।

**? ਵਿਦੇਸ਼ ਜਾਣ ਦਾ ਪ੍ਰੋਗਰਾਮ ਕਿਵੇਂ ਬਣਿਆ?**

- ਜੂਨ 1980 ਵਿਚ ਮੈਂ ਲੰਡਨ ਵਿਖੇ ਹੋਏ ਵਿਸ਼ਵ ਪੰਜਾਬੀ ਸੰਮੇਲਨ ਵਿਚ ਗਿਆ ਅਤੇ ਉਥੋਂ ਟੋਰਾਂਟੋ (ਕੈਨੇਡਾ) ਚਲਾ ਗਿਆ। ਮਹੀਨਾ ਕੁ ਭਰ ਉਥੇ ਰਹਿ ਕੇ ਅਮਰੀਕਾ ਜਾ ਪੁੱਜਾ ਅਤੇ ਫਿਰ ਉਥੇ ਹੀ ਟਿਕਣ ਦਾ ਮਨ ਬਣਾ ਲਿਆ।

**? ਅਜਿਹਾ ਫੈਸਲਾ ਲੈਣ ਦਾ ਕੀ ਕਾਰਨ ਸੀ?**

- ਉਥੇ ਦਾ ਆਮ ਜੀਵਨ ਬੜਾ ਖੁਸ਼ਹਾਲ ਤੇ ਸਾਫ਼ ਸੁਥਰਾ ਹੈ ਜੋ ਹਰ ਪੱਖੋਂ ਸਾਡੇ ਏਥੇ ਦੇ ਜੀਵਨ ਨਾਲੋਂ ਕਿਤੇ ਬਿਹਤਰ ਹੈ। ਏਥੇ ਹਰ ਖੇਤਰ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ ਪਿਆ ਹੈ। ਨਿੱਕਾ ਜਿਹਾ ਕੰਮ ਕਰਾਉਣਾ ਹੋਵੇ ਤਾਂ ਕਈ ਬੇਲੋੜੇ ਅੜਿੱਕੇ ਪਾ ਦਿੱਤੇ ਜਾਂਦੇ ਹਨ। ਸਰਕਾਰੀ ਕਰਮਚਾਰੀ ਤੇ ਅਫ਼ਸਰ ਰੁੱਖੇ ਤੇ ਅੱਖੜ ਹਨ। ਉਥੇ ਪਦਾਰਥਕ ਅਮੀਰੀ ਤੇ ਸਹੂਲਤਾਂ ਬਹੁਤ ਹਨ।

**? ਕੀ ਇਨ੍ਹਾਂ ਨਾਲ ਸੰਤੁਸ਼ਟ ਮਹਿਸੂਸ ਕਰਦੇ ਹੋ?**

- ਕਾਫ਼ੀ ਸੰਤੁਸ਼ਟ, ਪਰ ਪੂਰੀ ਤਰ੍ਹਾਂ ਨਹੀਂ, ਕਿਉਂਕਿ ਆਪਣੇ ਮਾਹੌਲ ਤੋਂ ਦੂਰ ਹੋਣ 'ਤੇ ਬੜਾ ਵਿਗੋਚਾ ਮਹਿਸੂਸ ਹੁੰਦਾ ਹੈ। ਦਿਲ ਨੂੰ ਖੋਹ ਜਿਹੀ ਪੈਂਦੀ ਹੈ। ਬੰਦੇ ਨੂੰ ਕੁਝ ਕਰਨ ਲਈ ਉਤਸ਼ਾਹ ਤੇ ਪ੍ਰੇਰਨਾ ਆਪਣੇ ਮਾਹੌਲ ਤੋਂ ਹੀ ਮਿਲ ਸਕਦੇ ਹਨ। ਦੂਜਾ, ਉਥੇ ਜ਼ਿੰਦਗੀ ਬਹੁਤ ਮਸ਼ੀਨੀ ਕਿਸਮ ਦੀ ਹੈ, ਪਰ ਸਮਾਜਕ ਪੱਖੋਂ ਬੜੀ ਨਿਆਂਪੂਰਨ ਹੈ। ਉਥੇ ਲੋਕ ਵਰਤਮਾਨ ਵਿਚ ਜਿਉਂਦੇ ਨੇ। ਜਿਹੜੇ ਕੰਮ 'ਚ ਪੈਂਦੇ ਨੇ, ਪੂਰੇ ਖੁਭ ਜਾਂਦੇ ਨੇ। ਅਸੀਂ ਏਥੇ ਬਸ ਜ਼ਾਬਤਾ ਪੂਰਾ ਹੀ ਕਰਦੇ ਹਾਂ, ਜਿਵੇਂ ਅਖਾਣ ਹੈ ਕਿ ਤਰ 'ਤੇ ਲੂਣ ਹੀ ਘਸਾਉਂਦੇ ਹਾਂ।

**? ਉਥੋਂ ਦੇ ਆਮ ਜੀਵਨ ਬਾਰੇ ਕੁਝ ਦੱਸੋ?**

- ਉਥੇ ਕੋਈ ਕਿਸੇ ਉਪਰ ਬੋਝ ਨਹੀਂ ਬਣਿਆ ਹੋਇਆ। ਸਕੂਲ ਵਿਦਿਆਰਥੀ ਵੀ ਪਾਰਟ-ਟਾਈਮ ਕੰਮ ਕਰਕੇ ਗੁਜ਼ਾਰੇ ਜੋਗੇ ਪੈਸੇ ਕਮਾ ਲੈਂਦੇ ਹਨ। ਕੋਈ ਬੰਧੇਜ ਨਾ ਹੋਣ ਕਰਕੇ ਵਿਆਹ ਤੋਂ ਪਹਿਲਾਂ ਸੈਕਸ ਆਮ ਹੈ ਅਤੇ ਇਹ ਕਿਸੇ ਨੂੰ ਅਜੀਬ ਗੱਲ ਨਹੀਂ ਜਾਪਦੀ ਪਰ ਵਿਆਹ ਵੀ ਪਵਿੱਤਰ ਬੰਧਨ ਨਹੀਂ ਰਿਹਾ। ਤਲਾਕ ਆਮ ਹੋ ਜਾਂਦੇ ਹਨ।

**? ਤੁਹਾਡੀ ਸਿਰਜਣ ਪ੍ਰਕਿਰਿਆ ਦੀ ਸਥਿਤੀ ਹੁਣ ਕੀ ਹੈ?**

- ਪੰਜਾਬੀ ਮਾਹੌਲ ਤੋਂ ਦੂਰ ਹੋਣ ਕਰਕੇ ਪਹਿਲਾਂ ਜਿੰਨੀ ਤੀਬਰਤਾ ਨਹੀਂ। ਪਰ ਉਥੇ ਬਹੁਤ ਸਾਰੀਆਂ ਨਵੀਆਂ ਗੱਲਾਂ ਸਿਖੀਆਂ ਹਨ ਜੋ ਲਿਖਤ ਦਾ ਹਿੱਸਾ ਬਣ ਸਕਦੀਆਂ ਹਨ। ਏਥੋਂ ਦੀਆਂ ਬਹੁਤ ਸਾਰੀਆਂ ਗੱਲਾਂ ਉਧਰਲੇ ਲੋਕਾਂ ਨੂੰ ਵੀ ਦੱਸੀਆਂ ਜਾ ਸਕਦੀਆਂ ਹਨ। ਏਸ ਮੰਤਵ ਲਈ ਮੈਂ ਪੱਤਰਕਾਰੀ ਵੱਲ ਮੁੜਨਾ ਚਾਹੁੰਦਾ ਹਾਂ।



**? ਉਥੇ ਵਸਦੇ ਪੰਜਾਬੀਆਂ ਦਾ ਜੀਵਨ ਕਿਹੋ ਜਿਹਾ ਹੈ?**

- ਇੰਗਲੈਂਡ ਤੇ ਕੈਨੇਡਾ ਦੇ ਉਲਟ ਅਮਰੀਕਾ ਵਸਦੇ ਪੰਜਾਬੀ ਥਾਂ ਪੁਰ ਥਾਂ ਖਿੰਡੇ ਹੋਏ ਹਨ। ਇਸ ਲਈ ਉਨ੍ਹਾਂ ਦਾ ਆਪਣਾ ਸਭਿਆਚਾਰ ਸੰਪਰਕ ਹੌਲੀ-ਹੌਲੀ ਖੁਰ ਰਿਹਾ ਹੈ ਅਤੇ ਉਹ ਪੱਛਮੀ ਸਭਿਆਚਾਰ ਦੇ ਵਧਦੇ ਪ੍ਰਭਾਵ ਤੋਂ ਮੁਕਤ ਨਹੀਂ। ਅਸੀਂ ਕੁਝ ਪੰਜਾਬੀਆਂ ਨੇ ਉਥੇ ਆਪਣੀਆਂ ਸਭਿਆਚਾਰਕ ਰਵਾਇਤਾਂ ਨੂੰ ਜਿਉਂਦੇ ਰੱਖਣ ਲਈ 1981 ਵਿਚ 'ਇੰਟਰਨੈਸ਼ਨਲ ਪੰਜਾਬੀ ਕਲਚਰਲ ਸੈਂਟਰ' ਨਾਂ ਦੀ ਸੰਸਥਾ ਬਣਾਈ ਜਿਸ ਦੇ ਪ੍ਰਧਾਨ ਸ. ਕੁਲਵੰਤ ਸਿੰਘ ਸਿੱਧੂ ਅਤੇ ਕਨਵੀਨਰ ਮੈਂ ਆਪ ਹਾਂ। ਡਾ. ਐਮ. ਐਸ. ਰੰਧਾਵਾ, ਸ. ਖੁਸ਼ਵੰਤ ਸਿੰਘ ਤੇ ਪ੍ਰੋ. ਸੰਤ ਸਿੰਘ ਸੇਖੋਂ ਇਸ ਦੇ ਸਲਾਹਕਾਰ ਹਨ। ਇਸ ਸੰਸਥਾ ਵੱਲੋਂ ਸੈਨਹੋਜ਼ੇ ਵਿਖੇ ਸ਼ਿਵ ਕੁਮਾਰ ਯਾਦਗਾਰੀ ਲਾਇਬਰੇਰੀ ਤੇ ਸੰਗ੍ਰਹਿਆਲਾ ਸਥਾਪਤ ਕੀਤਾ ਜਾਵੇਗਾ, ਜਿੱਥੇ ਪੰਜਾਬੀ ਦੀਆਂ ਪੁਸਤਕਾਂ, ਪੰਜਾਬੀ ਲੇਖਕਾਂ ਦੇ ਚਿੱਤਰ ਤੇ ਤਸਵੀਰਾਂ ਅਤੇ ਪੰਜਾਬੀ ਸਭਿਆਚਾਰ ਨਾਲ ਸਬੰਧਤ ਵਸਤਾਂ ਰੱਖੀਆਂ ਜਾਣਗੀਆਂ। ਵਾਰਸਸ਼ਾਹ ਦੇ ਨਾਂ 'ਤੇ 'ਵਾਰਸ ਪੁਰਸਕਾਰ' ਹਰ ਸਾਲ ਇਕ ਪੰਜਾਬੀ ਲੇਖਕ ਨੂੰ ਦਿੱਤਾ ਜਾਇਆ ਕਰੇਗਾ ਅਤੇ 'ਨੰਦ ਲਾਲ ਨੂਰਪੂਰੀ ਫੰਡ' 'ਚੋਂ ਲੋੜਵੰਦ ਲੇਖਕਾਂ ਨੂੰ ਮਾਇਕ ਸਹਾਇਤਾ ਦਿੱਤੀ ਜਾਵੇਗੀ।

–ਹਰਭਜਨ ਹਲਵਾਰਵੀ (ਪੰਜਾਬੀ ਟ੍ਰਿਬਿਊਨ)
(1983)

➢➢➢

# ਪੰਜਾਬ ਦੀ ਕੋਇਲ ਦੇ ਅੰਗ-ਸੰਗ

ਲਾਹੌਰ ਦੇ ਬੁਰਜ ਤੋਂ ਉੱਡ ਕੇ ਦਿੱਲੀ ਦਰਖਤ ਤੇ ਆਣ ਬੈਠੀ ਕੋਇਲ ਹੁਣ ਲੰਮੀ ਉਡਾਰੀ ਮਾਰ ਕੇ ਮਿਰਕਣ ਦੇ ਮਹਾਂਨਗਰ ਨਿਊਯਾਰਕ ਆਣ ਪਹੁੰਚੀ ਹੈ, ਇਸ ਗੱਲ ਦੀ ਭਿਣਕ ਮੈਨੂੰ ਪਿਛਲੀ ਵਾਰੀ ਨਿਊਯਾਰਕ ਗਿਆਂ ਪੈ ਗਈ ਸੀ ਪਰ ਉਸ ਵੇਰੀ ਮੈਂ ਅਣ-ਸਹੇੜੀ ਕਬੀਲਦਾਰੀ ਦੇ ਚੱਕਰਾਂ ਵਿਚ ਘੁੰਮਦਾ ਵਾਪਸ ਪਰਤ ਆਇਆ ਸਾਂ। ਉਂਝ ਦਿਲ ਵਿਚ ਧੁਖਧੁਖੀ ਸੀ ਕਿ ਅਗਲੀ ਵਾਰ ਜੇ ਫਹੁ ਪਿਆ ਪੰਜਾਬੀ-ਸਭਿਆਚਾਰ ਦੇ ਚਮਨ ਦੀ ਇਸ ਕੋਇਲ ਨੂੰ ਜ਼ਰੂਰ ਮਿਲ ਕੇ ਆਵਾਂਗਾ ਜਿਸ ਦੇ ਮਾਖਿਓਂ ਮਿੱਠੇ ਬੋਲਾਂ ਨੂੰ ਮੈਂ ਕਈ ਵਰ੍ਹੇ ਪਹਿਲੋਂ ਬਚਪਨ ਵਿਚ ਸਾਰਾ ਦਿਨ ਖੂਹ ਹੱਕਣ ਉਪਰੰਤ ਥੱਕ ਕੇ ਆਪਣੇ ਕੋਠੇ ਦੀ ਛੱਤ ’ਤੇ ਡੱਠੇ ਮੰਜੇ ਤੇ ਪੈ, ਪਿੰਡ ਦੀ ਧਰਮਸ਼ਾਲਾ ਵਿਚ ਉੱਤਰੀ ਜੰਞ ਦੇ ਦੋ ਮੰਜਿਆਂ ਤੇ ਬੀੜੇ ਸਪੀਕਰ ਵਿਚੋਂ ਪਹਿਲੀ ਵੇਰੀ ਸੁਣ ਕੇ ਕੀਲਿਆ ਗਿਆ ਸਾਂ। ਉਸ ਸਮੇਂ ਦੇ ਸੁਣੇ ਉਸ ਦੇ ਦੋ ਤਿੰਨ ਤਵੇ ਮੇਰੇ ਜ਼ਿਹਨ ਵਿਚ ਵਰ੍ਹਿਆਂ-ਬੱਧੀ ਗੂੰਜਦੇ ਰਹੇ ਸਨ।

**ਬਾਬਲ ਤੇਰੇ ਮਹਿਲਾਂ ਵਿਚੋਂ**
**ਸਤਰੰਗੀਆ ਕਬੂਤਰ ਬੋਲੇ...**

*** *** ***

**ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ...**

*** *** ***

**ਚੰਨਾ ਕਿਥੇ ਗੁਜ਼ਾਰੀ ਆਈ ਰਾਤ ਵੇ...**

**ਅਮਰੀਕਾ ਦਾ ਮਹਾਂ ਨਗਰ-ਨਿਊਯਾਰਕ ਇਸ ਦੀ ਇਕ ਬਸਤੀ— ਕਰੋਨਾ**

ਐਕਜੀਨੀਆ ਸਟਰੀਟ ਦੇ ਇਕ ਸੱਜੇ ਹੱਥਲੇ ਫਲੈਟ ਦੀ ਤੀਸਰੀ ਛੱਤ, ਇਸ ਪੰਜਾਬੀ ਕੋਇਲ ਦਾ ਪਿੰਜਰਾ ਸੀ। ਮੈਂ 11 ਜੁਲਾਈ ਨੂੰ ਨਿਊਯਾਰਕ ਪਹੁੰਚ ਕੇ ਸ਼ਾਮੀਂ ਉਸ ਨੂੰ ਫ਼ੋਨ ਕੀਤਾ। ਮੈਨੂੰ ਸੱਚੀਂ ਜਾਪਿਆ ਜਿਵੇਂ ਟੈਲੀਫ਼ੋਨ ਵਿਚ ਕੋਈ ਮਧਾਣੀ ਚੱਲ ਪਈ ਹਵੇ। ਮਧਾਣੀਆਂ, ਹਾਏ ਓਏ ਮੇਰੇ ਡਾਢਿਆ ਰੱਬਾ...।’ ਉਸ ਦੀ ਆਵਾਜ਼ ਮੇਰੇ ਕੰਨ ਠਾਰਦੀ ਜਾ ਰਹੀ ਸੀ। ਅਗਲੇ ਦਿਨ ਦਾ ਇਕਰਾਰ



ਖੁੰਝ ਗਿਆ ਕਿਉਂਕਿ ਮੈਂ ਗੁਰਦੁਆਰੇ ਕੁਝ ਗੁਰਮੁਖਾਂ ਦੇ ਚੱਕਰ ਵਿਚ ਸਾਂ। ਤੇਰਾਂ ਜੁਲਾਈ ਦੀ ਦੁਪਹਿਰ ਮੈਂ ਆਪਣੇ ਅਜ਼ੀਜ਼ ਚਮਕੌਰ ਨਾਲ ਤੀਸਰੀ ਮੰਜ਼ਿਲ ਤੇ ਇਕਰਾਰ ਅਨੁਸਾਰ ਉਸ ਦਾ ਦਰਵਾਜ਼ਾ ਖੋਹਲਿਆ। ਲਿਵਿੰਗ ਰੂਮ... ਇਕ ਕਮਰਾ... ਦੂਜਾ ਕਮਰਾ... ਚਾਰ ਚੁਫ਼ੇਰੇ ਚੁੱਪ-ਚਰਾਂ, ਸੁੰਨ-ਸਰਾਂ ਸੀ। ਘਰ ਵਿਚ ਨਾ ਕੋਈ ਉਸ ਦੇ ਹਾਣ ਦੀ ਪੇਂਟਿੰਗ ਜਾਂ ਤਸਵੀਰ। ‘ਆਪਾਂ ਔਂਟਲ਼ ਗਏ ਆਂ-’ ਮੈਂ ਚਮਕੌਰ ਨੂੰ ਕਿਹਾ। ਪੌੜੀਆਂ ਉਤਰਦਿਆਂ ਮੇਰੇ ਕਦਮ ਉਦਾਸ ਸਨ। ਮੇਲ-ਬਾਕਸ ਉਪਰ ਕਿਧਰੇ ਉਸ ਦਾ ਨਾਂ ਨਹੀਂ ਸੀ। ਦੁਬਾਰਾ ਚੈੱਕ ਕਰਨ ਲਈ ਪੌੜੀਆਂ ਚੜ੍ਹਦਿਆਂ ਉਸ ਦੇ ਕੱਲ੍ਹ ਸ਼ਾਮ ਦੇ ਬੋਲ ਮੇਰੇ ਕੰਨਾਂ ਵਿਚ ਛਣਕਦੇ ਸਨ। ‘ਤੁਸੀਂ ਟੈਲੀਫ਼ੋਨ ਕਰਕੇ ਆਓਗੇ ਨਾ?’ ਸੁਰਿੰਦਰ ਕੌਰ ਸਮਾਂ ਭੁੱਲ ਗਈ ਸੀ ਜਾਂ ਮੈਂ? ਮੈਂ ਬਾਉਲੀ ਵਰਗੀ ਇਮਾਰਤ ਦੀਆਂ ਪੌੜੀਆਂ ਚੜ੍ਹਦਾ ਸੋਚ ਰਿਹਾ ਸਾਂ। ਇਸ ਵਾਰ ਮੈਂ ਜੱਟਕੇ ਅੰਦਾਜ਼ ਵਿਚ ਦਰਵਾਜ਼ਾ ਠਕੋਰਿਆ। ਉਹ ਸਾਹਮਣੇ ਖੜ੍ਹੀ ਸੀ- ਸਗਵੀਂ ਸਬੂਤੀ- ਸੁਰਿੰਦਰ ਕੌਰ! ਹਲਕਾ ਪੀਲਾ ਸੁਰਮਈ ਬੂਟੀਆਂ ਵਾਲਾ ਪੰਜਾਬੀ-ਸੂਟ, ਜਲੇਬੀ ਜਿਹਾ ਜੂੜਾ, ਨਿੱਕੇ-ਨਿੱਕੇ ਦੰਦਾਂ ਦੀ ਮਹੀਨ ਮੁਸਕਾਨ!

ਸੰਖੇਪ ਤੁਆਰਫ਼! ਸੋਫ਼ੇ ਤੇ ਬਿਠਾ ਕੇ ਸਾਨੂੰ ਉਸ ਨੇ ਚਾਹ ਪਾਣੀ ਪੁੱਛਿਆ। ਉਸ ਦੀ ਸੰਗਤ ਮੈਨੂੰ ਸ਼ਾਂਤ-ਛਾਂ ਵਰਗੀ ਗੰਭੀਰ ਤੇ ਮਿੱਠੀ ਜਾਪੀ। ਮੈਂ ਉਸ ਦੇ ਸੁਆਲ ਨੂੰ ਸ਼ਰਬਤ ਵਾਂਗ ਪੀ ਗਿਆ ਸਾਂ।

ਮੈਂ ਅਛੋਪਲੇ ‘ਚਾਹ’ ਕਿਹਾ। ਤਾਂ ਉਹ ਉੱਠੀ ਤੇ ਉਸ ਪੋਲੇ ਪੱਬੀਂ ਤਹੰਮਲ ਨਾਲ ਤੁਰਦਿਆਂ ਰਸੋਈ ਵਿਚ ਚਾਹ ਜਾ ਰੱਖੀ।

ਸੁਰਿੰਦਰ ਨੂੰ ਤੁਰਦਿਆਂ ਵੇਖ ਮੈਨੂੰ ਅਹਿਸਾਸ ਹੋਇਆ ਕਿ ਉਹ ਜਿਵੇਂ ਆਪਣੇ ਗੱਦਰ-ਭਰਵੇਂ ਨੱਚਣ ਵਾਲੇ ਪੈਰਾਂ ਨਾਲ ਤੁਰਦੀ ਹੈ ਉਵੇਂ ਹੀ ਉਸ ਦੀ ਜਾਦੂਮਈ ਆਵਾਜ਼ ਦਾ ਪ੍ਰਭਾਵ ਸਰੋਤੇ ਦੇ ਦਿਲ ਉੱਤੇ ਉਤਰਦਾ ਹੈ। ਮਲਕੜੇ ਮਲਕੜੇ ਪਰ ਪ੍ਰਭਾਵ ਨਾਲ! ਉਹ ਕਿਸੇ ਵਗਦੀ ਕੂਲ੍ਹ ਵਾਂਗ ਗਾਉਂਦੀ ਹੈ ਤੇ ਵਾਤਾਵਰਣ ਵਿਚ ਮਿਸਰੀ ਘੋਲਦੀ ਜਾਂਦੀ ਹੈ।

‘ਚਾਹ ਵਿਚ ਮਿੱਠਾ ਕਿੰਨਾ ਕੁ ਪਾਵਾਂ?’ ਉਸ ਦੀ ਆਵਾਜ਼ ਕਿਚਨ ਵਿਚੋਂ ਘੁੰਗਰੂਆਂ ਵਾਂਗ ਛਣਕੀ। ਉਸ ਦੇ ਹੱਥੀਂ ਬਣੀ ਚਾਹ ਵਿਚ ਭਲਾ ਮਿੱਠੇ ਦੀ ਕੋਈ ਜ਼ਰੂਰਤ ਸੀ? ਸ਼ਾਇਦ ਉਹ ਨਹੀਂ ਸੀ ਜਾਣਦੀ! ਮੇਰੇ ਕਹਿੰਦਿਆਂ ਉਹ ਇਕ... ਦੋ... ਤਿੰਨ ਚਮਚੇ ਖੰਡ ਦੇ ਪਾਉਂਦੀ ਗਈ। ਚਾਹ-ਚਿਪਸ ਨਾਲ ਗੁਫ਼ਤਗੂ ਸ਼ੁਰੂ ਹੁੰਦਿਆਂ ਮੇਰੇ ਨਿੱਕੇ-ਨਿੱਕੇ ਪ੍ਰਸ਼ਨਾਂ ਦੇ ਉੱਤਰ ਵਿਚ ਉਸ ਦੇ ਬੋਲਾਂ ਦੇ ਬੋਰ ਇੰਞ ਛਣਕੇ :-

– ਮੇਰੇ ਪਿਤਾ ਦੀਵਾਨ ਬਿਸ਼ਨ ਦਾਸ ਗੌਰਮਿੰਟ ਕਾਲਜ ਲਾਹੌਰ ਵਿਚ ਕੈਮਿਸਟਰੀ ਪੜ੍ਹਾਉਂਦੇ ਸਨ। ਮਾਤਾ ਜੀ ਸਨ-ਮਾਇਆ ਦੇਵੀ।

– ਅਸੀਂ ਪੰਜ ਭੈਣਾਂ ਤੇ ਪੰਜ ਭਰਾ ਸਾਂ ਜਿਹਨਾਂ ਵਿਚੋਂ ਹੁਣ ਤਿੰਨ ਭੈਣਾਂ ਹੀ ਹਾਂ– ਭਰਾ ਇਕ ਵੀ ਨਹੀਂ ਰਿਹਾ। ਭੈਣ ਪ੍ਰਕਾਸ਼ ਵੀ ਚਲੀ ਗਈ। ਛੋਟੀ ਨਰਿੰਦਰ ਵੀ ਗਾਉਂਦੀ ਸੀ ਪਰ ਉਹ ਵੀ ਨਹੀਂ ਰਹੀ। ਮੇਰਾ ਜਨਮ 25 ਨਵੰਬਰ 1929 ਨੂੰ ਲਾਹੌਰ ਵਿਚ ਹੋਇਆ ਤੇ 47 ਤੋਂ ਮਗਰੋਂ ਅਸੀਂ ਦਿੱਲੀ ਆ ਟਿਕੇ।

– ਸਾਡੇ ਪੇਰੈਂਟਸ (ਮਾਤਾ–ਪਿਤਾ) ਬੜੇ ਪੁਰਾਣੇ ਵਿਚਾਰਾਂ ਦੇ ਸਨ। ਕਹਿੰਦੇ ਸਨ ਪਹਿਲੋਂ ਸ਼ਬਦ ਗਾਓ ਤੇ ਫਿਰ ਖਾਣਾ ਮਿਲੇਗਾ। ਗੁਰਬਾਣੀ ਗਾਉਣ ਲਈ ਤਾਂ ਉਤਸ਼ਾਹ ਦਿੰਦੇ ਸਨ ਪਰ ਵਿਆਹਾਂ ਤੇ ਗਾਉਣ ਦੀ ਪੂਰੀ ਮਨਾਹੀ ਸੀ ਪਰ ਸਾਡੇ ਭਰਾ ਜਸਵੰਤ ਤੇ ਹਰਬੰਸ ਸਾਨੂੰ ਇਨਕਅਰਿਜ਼ ਕਰਦੇ ਸਨ ਮਗਰੋਂ ਫਾਦਰ ਵੀ ਇਨਕਅਰਿਜ਼ ਕਰਨ ਲੱਗੇ।

– ਮਿਊਜ਼ਿਕ ਤੇ ਪਾਠ ਦੋਵੇਂ ਹੀ ਮੇਰੇ ਸ਼ੌਂਕ ਹਨ।

– ਮੁੱਢਲੀ ਸਿੱਖਿਆ ਮੈਂ ਮਾਸਟਰ ਅਨਾਇਤ ਹੁਸੈਨ ਤੇ ਨਿਆਜ਼ ਹੁਸੈਨ ਧਾਮੀ ਤੋਂ ਲਈ।

– ਮੇਰੀ ਸ਼ਾਦੀ ਸੰਨ 48 ਵਿਚ ਹੋਈ। ਮੇਰੇ ਪਤੀ ਸ. ਜੋਗਿੰਦਰ ਸਿੰਘ ਸੋਢੀ ਸਾਈਕਾਲੋਜੀ ਦੇ ਪ੍ਰੋਫ਼ੈਸਰ ਸਨ। ਪੰਜਾਬੀ ਲਿਟਰੇਚਰ ਦਾ ਉਹਨਾਂ ਨੂੰ ਬੜਾ ਹੀ ਸ਼ੌਕ ਸੀ। ਸੰਨ ਛਿਅੱਤਰ ਵਿਚ ਇਕ ਹਾਰਟ ਅਟੈਕ ਕਾਰਨ ਉਹ ਮੈਨੂੰ ਛੱਡ ਕੇ ਚਲੇ ਗਏ। ਉਹਨਾਂ ਨੂੰ ਮੇਰਾ ਰਿਆਜ਼ ਕਰਨਾ ਬੜਾ ਚੰਗਾ ਲੱਗਦਾ ਸੀ। ਉਹਨਾਂ ਤੋਂ ਮਗਰੋਂ ਮੈਂ ਆਪਣੇ ਆਪ ਨੂੰ ਅਧੂਰਾ ਸਮਝਦੀ ਹਾਂ...।

ਇਹ ਕਹਿੰਦਿਆਂ ਕਾਸ਼ਨੀ ਅੱਖਾਂ ’ਚੋਂ ਬੱਦਲੀਆਂ ਸਿਰ ਜੋੜ ਕੇ ਵਰ੍ਹਨ ਲੱਗ ਪਈਆਂ ਤੇ ਉਹ ਦੁਪੱਟੇ ਦੇ ਲੜ ਨਾਲ ਆਪਣੀਆਂ ਅੱਖਾਂ ਪੂੰਝਣ ਲੱਗ ਪਈ। ਮੈਂ ਉਸ ਦੇ ਜ਼ਖ਼ਮਾਂ ਨੂੰ ਕੁਰੇਦਣ ਤਾਂ ਨਹੀਂ ਸਾਂ ਆਇਆ! ਮੈਂ ਇਸ ਸਮੇਂ ਉਸ ਦੇ ਜ਼ਖ਼ਮਾਂ ਤੇ ਹਮਦਰਦੀ ਦੇ ਫੈਹੇ ਵੀ ਰੱਖ ਸਕਦਾ ਸਾਂ। ਬੱਚਿਆਂ ਵਾਂਗ ਡੁਸਕਦੀ ਉਸ ਨੂੰ ਢਾਰਸ ਦਾ ਸਿਰਹਾਣਾ ਵੀ ਦੇ ਸਕਦਾ ਸਾਂ ਪਰ ਮੈਂ ਜਿੰਨੀ ਸ਼ਿੱਦਤ ਨਾਲ ਉਸ ਦੇ ਦੁੱਖ ਦੀਆਂ ਤਰਬਾਂ ਨੂੰ ਟੁਣਕਦਿਆਂ ਮਹਿਸੂਸਿਆ ਸੀ ਮੈਂ ਉਸ ਦੇ ਇਸ ਦੁਖਾਂਤਕ ਚੈਪਟਰ ਨੂੰ ਉਲਟਕੇ ਉੱਨੀ ਹੀ ਤੀਬਰਤਾ ਨਾਲ ਉਸ ਦੀ ਕਲਾ ਦੇ ਨਿਰਮਲ ਪਾਣੀਆਂ ਵਿਚ ਆਪਣੀ ਆਤਮਾ ਨੂੰ ਸੁੱਚਾ ਕਰਨਾ ਚਾਹੁੰਦਾ ਸਾਂ। (ਤੇ ਇਹ ਵੀ ਚਾਹੁੰਦਾ ਸਾਂ ਕਿ ਚੁਬਾਰੇ ਦੀਆਂ ਚਾਰੇ ਕੰਧਾਂ ਕਿਧਰੇ ਹਿੱਲ ਨਾ ਜਾਣ!) ਉਸਨੂੰ ਬਿਨਾਂ ਮਹਿਸੂਸ ਕਰਾਏ ਗੁੰਮਦੀਆਂ ਲਹਿਰਾਂ ਤੋਂ ਉਪਰਵਾਰ ਉਸ ਦਾ ਚਿਹਰਾ ਵੇਖਣ ਲਈ ਮੈਂ ਪ੍ਰਸ਼ਨ ਕੀਤਾ। ਉਹਨਾਂ ਨੂੰ ਤੁਹਾਡਾ ਇੰਝ ਗਾਉਣਾ ਪਸੰਦ ਸੀ?

– ਉਹਨਾਂ ਨੂੰ ਮੇਰੇ ਤੇ ਬੜਾ ਭਰੋਸਾ ਸੀ, ਉਹਨਾਂ ਵਿਚ ਬੜੀ ਸਹਿਨ–ਸ਼ੀਲਤਾ ਸੀ।



– ਮੈਂ ਭਾਵੇਂ ਸਿਰਫ ਨੌਂ ਜਮਾਤਾਂ ਪਾਸ ਸਾਂ। ਪਰ ਮੈਂ ਬੜੀ ਵਾਰ ਵੱਡੇ–ਵੱਡੇ ਪ੍ਰੋਗਰਾਮਾਂ ਵਿਚ ਜਾ–ਜਾ ਕੇ ਗਾਇਆ। ਇਕ ਵੇਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਕ ਪ੍ਰੋਗਰਾਮ ਸੀ। ਪ੍ਰੋ. ਮੋਹਨ ਸਿੰਘ ਤੇ ਪ੍ਰੋ. ਸੇਖੋਂ ਵੀ ਸਨ ਉਥੇ। ਜਦੋਂ ਮੈਂ ਬੋਲੀ ਤਾਂ ਪ੍ਰੋ. ਸੇਖੋਂ ਮੇਰੇ ਹਸਬੈਂਡ (ਪਤੀ) ਨੂੰ ਕਹਿਣ ਲੱਗੇ :

“ਸੋਢੀ ਹੁਣ ਪ੍ਰੋਫੈਸਰੀ ਛੱਡ ਦੇਹ! ਤੇਰੀ ਵਹੁਟੀ ਪ੍ਰੋਫੈਸਰ ਬਣ ਗਈ ਐ।”

– ਮੈਂ ਇਕ ਘਰੋਗੀ ਕਿਸਮ ਦੀ ਔਰਤ ਹਾਂ। ਕੰਮ ਨੂੰ ਘਰੇ ਨੌਕਰ ਵੀ ਹਨ ਪਰ ਮੈਨੂੰ ਆਪ ਕੰਮ ਕਰਕੇ ਤਸੱਲੀ ਹੁੰਦੀ ਹੈ।

(ਮੈਂ ਜਾਤਾ ਇਹ ਗੱਲ ਉਸ ਦੀ ਬਿਲਕੁਲ ਠੀਕ ਸੀ। ਉਹ ਇੰਟਰਵਿਊ ਦੌਰਾਨ ਵੀ ਆਪਣੀ ਗਭਲੀ ਲੜਕੀ ਨੰਦਨੀ ਦੇ ਲੜਕੇ ਸਾਹਿਲ ਤੇ ਛੋਟੀ ਪ੍ਰੋਮੋਦਿਨੀ ਦੀ ਬੱਚੀ ਸਬਾ ਨੂੰ ਪਿਆਰਦੀ, ਪੁਚਕਾਰਦੀ ਰਹੀ) ਸੁਰਿੰਦਰ ਕੌਰ ਦੀਆਂ ਤਿੰਨ ਲੜਕੀਆਂ ਹਨ। ਡੌਲੀ ਗੁਲੇਰੀਆ, ਨੰਦਨੀ ਤੇ ਪ੍ਰੋਮਦਿਨੀ– ਉਸ ਦੱਸਿਆ ਕਿ ਡੌਲੀ ਗੁਲੇਰੀਆ ਟੀ. ਵੀ. ’ਤੇ ਗਾਉਂਦੀ ਹੈ। ਏਥੇ ਵੀ ਮੈਂ ਆਪ ਰੋਟੀ ਬਣਾ ਕੇ ਖਾਂਦੀ ਹਾਂ।

– ਮੈਂ 43 ਸਾਲ ਤੋਂ ਹੁਣ ਤੱਕ ਗਾਉਂਦੀ ਆ ਰਹੀ ਹਾਂ। ਸਿਰਫ਼ ਪੈਸੇ ਲਈ ਨਹੀਂ, ਰੂਹ ਦੀ ਸ਼ਾਂਤੀ ਲਈ ਵੀ। ਪੈਸੇ ਦੀ ਹਰੇਕ ਨੂੰ ਜ਼ਰੂਰਤ ਹੈ ਪਰ ਪੈਸਾ Gracefully ਕਮਾਇਆ ਜਾਵੇ ਤਾਂ ਹੀ ਚੰਗਾ ਹੈ। ਬੰਦੇ ਦੇ ਕੋਲ ਗੁਣ ਹੋਣ ਤਾਂ ਪੈਸੇ ਦੀ ਤੋਟ ਨਹੀਂ ਰਹਿੰਦੀ।... ਇਕ ਸਾਲ ਵਿਚ ਮੇਰੇ ਪਤੀ ਦੋ ਢਾਈ ਹਜ਼ਾਰ ਰੁਪਏ ਕਮਾਉਂਦੇ ਸਨ ਤੇ ਮੈਂ 11–12 ਹਜ਼ਾਰ।

ਫਿਰ ਉਸ ਨੇ ਆਪਣੀ ਕਲਾ ਦੀ ਕਦਰ ਦੀ ਇਕ ਕਹਾਣੀ ਮੈਨੂੰ ਸੁਣਾਈ–

– “ਮੈਨੂੰ ਸਰਦਾਰ ਕੈਰੋਂ ਬਹੁਤ ਪਿਆਰ ਕਰਦੇ ਸਨ। ਇਕ ਵੇਰਾਂ ਅਬੋਹਰ ਉਹਨਾਂ ਆਪਣੀ ਗੱਡੀ ਵਿਚ ਮੈਨੂੰ ਭੇਜ ਦਿੱਤਾ। ਸ਼ਾਦੀ ਦਾ ਪ੍ਰੋਗਰਾਮ ਸੀ, ਇਹ ਛਪੰਜਾ ਦੀ ਗੱਲ ਹੈ। ਇਸ ਸ਼ਾਦੀ ਦੇ ਪ੍ਰੋਗਰਾਮ ਵਿਚ ਮੈਨੂੰ 21000 ਰੁਪਏ ਇਨਾਮ ਮਿਲਿਆ। ਮੈਂ ਰਾਹ ਵਿਚ ਨੌਕਰ ਨੂੰ ਸਮਝਾਇਆ ਕਿ ਮੇਰੇ ਪਤੀ ਨੂੰ ਨਹੀਂ ਦੱਸਣਾ। ਪਰ ਉਸ ਨੇ ਉੱਤਰਦਿਆਂ ਦੱਸ ਦਿੱਤਾ। ਉਹਨਾਂ ਰੁਪਏ ਚੁੱਕ ਕੇ ਮੇਰੇ ਪੈਰਾਂ ਵਿਚ ਵਗਾਹ ਕੇ ਮਾਰੇ। ਕਹਿਣ– ਮੈਨੂੰ ਤੇਰੇ ਇਹਨਾਂ ਰੁਪਿਆਂ ਦੀ ਲੋੜ ਨਹੀਂ। ਫਿਰ ਮੈਂ ਇਕ ਵੇਰ ਕਿਹਾ ਤੁਸੀਂ ਮੇਰੇ ਨਾਲ ਚੱਲਿਆ ਕਰੋ। ਫਿਰ ਜੇ ਕਦੇ ਜਾਂਦੇ ਤਾਂ ਉਹਨਾਂ ਗੱਡੀ ਵਿਚ ਬੈਠੇ ਰਹਿਣਾ। ਹੁਣ ਵੇਖੋ ਮੈਂ ਇਕੱਲੀ ਜਾਂਦੀ ਆਂ, 4–4 ਘੰਟੇ ਦਾ ਪ੍ਰੋਗਰਾਮ ਦਿੰਦੀ ਹਾਂ। ਪਿੱਛੇ ਜਿਹੇ ਮੈਂ ਸਾਊਥ ਕੈਰੋਲੈਨਾ ਗਈ ਤੇ ਹੁਣੇ ਜਿਹੇ ਲਾਸ ਏਂਜਲਸ।

– ਇਕ ਵੇਰਾਂ ਮੈਂ ਦਿੱਲੀ ਯੂਨੀਵਰਸਿਟੀ ਵਿਚ ਤਿੰਨ ਘੰਟੇ ਦਾ ਪ੍ਰੋਗਰਾਮ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਦੇ ਸਾਹਿਤਕਾਰਾਂ ਤੱਕ। ਡਾ.

ਰੰਧਾਵਾ ਤੇ ਸੇਖੋਂ ਸਾਹਿਬ ਵੀ ਉਥੇ ਸਨ। ਰੰਧਾਵੇ ਹੋਰੀਂ ਖ਼ੁਸ਼ ਹੋ ਕੇ ਕਹਿਣ ਲੱਗੇ: 'ਬੱਚਿਆ! ਮੇਰੀ ਉਮਰ ਵੀ ਤੈਨੂੰ ਲੱਗ ਜਾਏ।' ਉਸ ਦਿਨ ਪਹਿਲੀ ਵੇਰਾਂ ਮੇਰੇ ਹਸਬੈਂਡ ਨੇ ਮੈਨੂੰ ਸਟੇਜ 'ਤੇ ਆ ਕੇ 'ਕਿੱਸ' ਕੀਤਾ।

– ਮੈਂ ਆਪਣੀ ਕਲਾ ਦੇ ਸਿਰ 'ਤੇ 10 ਵੇਰੀਂ ਲੰਡਨ, 6-7 ਵੇਰੀਂ ਕੈਨੇਡਾ, ਦੋ ਵੇਰ ਚੀਨ, ਇਸ ਤੋਂ ਬਿਨਾਂ ਅਫਰੀਕਾ ਤੇ ਅਰਬ ਦੇਸਾਂ ਵਿਚ ਜਾ ਆਈ ਹਾਂ।

– ਮੈਂ ਪੁਰਾਣੇ ਸਾਹਿਤ ਤੋਂ ਲੈ ਕੇ ਅੰਮ੍ਰਿਤਾ ਤੇ ਸ਼ਿਵ ਤੱਕ ਗਾਇਆ ਹੈ।

– ਪੰਜਾਬੀ ਲੋਕ ਆਰਟਿਸਟਾਂ ਦੀ ਕਦਰ ਮਰਨ ਪਿਛੋਂ ਹੀ ਕਰਦੇ ਹਨ।

– ਮੈਂ ਲਗਭਗ ਦੋ ਹਜ਼ਾਰ ਗੀਤ ਰਿਕਾਰਡ ਕਰਵਾਏ ਹਨ।

ਮੈਂ ਸੁਰਿੰਦਰ ਕੌਰ ਦੇ ਰਸੀਲੇ ਗਲ਼ੇ ਵਿਚੋਂ ਝਰੇ ਗੀਤਾਂ ਦਾ ਲਗਭਗ ਬਚਪਨ ਤੋਂ ਪ੍ਰਸ਼ੰਸਕ ਹਾਂ। ਪਰ ਪਿੱਛਲ-ਰਾਤੀਂ ਮੈਂ ਜਿਹੜੇ ਮੁੰਡਿਆਂ ਕੋਲ ਠਹਿਰਿਆ ਸਾਂ ਉਹਨਾਂ ਨੇ ਮੈਨੂੰ ਸੁਰਿੰਦਰ ਵੱਲੋਂ ਗਾਏ ਕੁਝ ਨੀਵੀਂ-ਸਤਰ ਦੇ ਗੀਤਾਂ ਬਾਰੇ ਦੱਸ ਪਾਈ। ਮੈਂ ਇਸ ਤੇ ਵਿਸ਼ਵਾਸ਼ ਨਹੀਂ ਸਾਂ ਕਰਦਾ। ਸ਼ੱਕ ਕੱਢਣ ਲਈ ਮੈਂ ਸ਼ਾਮੀਂ ਸ਼ਿੰਦੇ ਦੇ ਸਟੋਰ ਤੇ ਗਿਆ ਤੇ ਮੇਰੀ ਮੰਗ ਤੇ ਉਸ ਮੈਨੂੰ ਸੁਰਿੰਦਰ ਕੌਰ ਦੀਆਂ ਸਾਰੀਆਂ ਇਹ ਕੈਸਿਟਾਂ ਦੋ ਘੰਟੇ ਵਿਚ ਰਿਕਾਰਡ ਕਰ ਦਿੱਤੀਆਂ ਜਿਹਨਾਂ ਨੂੰ ਮੈਂ ਸਾਰੀ ਰਾਤ ਬੈਠ ਕੇ ਸੁਣਿਆ। ਉਸ ਤੜਕੇ ਇਕ ਪ੍ਰਸ਼ਨ ਮੇਰੀਆਂ ਪਲਕਾਂ ਹੇਠ ਲਟਕ ਰਿਹਾ ਸੀ, ਜੋ ਹੁਣ ਮੈਂ ਸੁਰਿੰਦਰ ਦੇ ਹਵਾਲੇ ਕੀਤਾ।

'ਤੁਸੀਂ ਏਨਾ ਉੱਚ-ਪਾਏ ਦਾ ਗਾਉਂਦੇ ਰਹੇ ਹੋ ਜ਼ਿੰਦਗੀ ਭਰ ਤੇ ਆਹ ਚੰਦ ਗੀਤ ਤੁਸੀਂ ਕਿਉਂ ਗਾਏ?

– ਇਹ ਮੇਰਾ HMV ਨਾਲ ਕਾਨਟਰੈੱਕਟ ਸੀ। ਇਹ ਗੀਤ ਮੈਂ ਹਰਚਰਨ ਗਰੇਵਾਲ, ਸਦੀਕ ਤੇ ਦੀਦਾਰ ਨਾਲ ਗਾਏ। ਸਟੂਡੀਓ ਵਿਚ ਮੈਂ ਰੀਹਰਸਲ ਕਰਦੀ ਤੇ ਗੀਤ ਦਾ ਕਾਗਜ਼ ਉਦੋਂ ਹੀ ਪਾੜ ਦਿੰਦੀ। ਜਾਪਦਾ ਸੀ ਕਿ ਇਹ ਗੀਤ ਉਸ ਦਿਲੋਂ ਨਹੀਂ ਸਨ ਗਾਏ।

– ਨਾਲੇ ਆਰਟਿਸਟਾਂ ਨੂੰ ਉਥੇ ਗੌਰਮਿੰਟ ਕੀ ਦਿੰਦੀ ਹੈ? ਉਥੇ ਤਾਂ ਰਸੂਲਨਬਾਈ ਤੇ ਨੰਦਲਾਲ ਨੂਰਪੁਰੀ ਵਰਗੇ ਭੁੱਖੇ ਮਰ ਜਾਂਦੇ ਹਨ। ਕਿਥੇ ਸਾਡੇ ਕਲਾਕਾਰਾਂ ਦੀ ਹਾਲਤ ਤੇ ਕਿੱਥੇ ਇੱਥੋਂ ਦੇ ਮਾਈਕਲ ਜੈਕਸਨ ਦੀ!

"ਇਥੇ ਹੋਰ ਕਿੰਨਾ ਕੁ ਚਿਰ ਠਹਿਰਨੈਂ ਤੁਸੀਂ?' ਮੈਂ ਪੁੱਛਿਆ। ਤੁਹਾਨੂੰ ਪਤੈ ਮੈਂ ਇੱਥੇ ਆਪਣੀ ਲੜਕੀ ਪਾਸ ਆਈ ਹਾਂ। ਪਿਛਲੇ ਨਵੰਬਰ ਵਿਚ ਬੱਸ ਆਹ ਜੁਲਾਈ ਵਿਚ ਚਲੀ ਜਾਵਾਂਗੀ। ਇਥੋਂ ਦੀ ਜ਼ਿੰਦਗੀ ਬੜੀ ਹੋਰ ਤਰ੍ਹਾਂ ਦੀ ਐ- ਘਰੇ ਸੱਚ ਬੱਚੇ ਨਾ ਹੋਣ ਤਾਂ ਮੈਂ ਤਾਂ ਪਾਗਲ ਹੋ ਜਾਵਾਂ।

ਮੈਨੂੰ ਜਾਪਿਆ ਕਿ ਪੰਜਾਬ ਦੀ ਕੋਇਲ ਦਾ ਅਮਰੀਕਾ ਦੇ ਸੁਨਹਿਰੀ ਪਿੰਜਰੇ ਵਿਚ ਦਮ ਘੁਟ ਰਿਹਾ ਸੀ। ਸਾਡੇ ਕਿੰਨੇ ਹੀ ਪ੍ਰਦੇਸੀ ਪੰਜਾਬੀਆਂ ਵਾਂਗ!

(1988)



# ਇਕ ਸਰਪੰਚ ਨਾਵਲਕਾਰ ਜਸਵੰਤ ਸਿੰਘ ਕੰਵਲ

ਜਸਵੰਤ ਸਿੰਘ ਕੰਵਲ ਨਾਲ ਮੇਰੀ ਪਹਿਲੀ ਜੱਫੀ ਇਕ ਬੀਬੀ ਨੇ ਪੁਆਈ!

1976-77 ਦੀ ਗੱਲ ਹੈ ਪੰਜਾਬ ਵਿਚ ਇਕ ਯੂਨੀਵਰਸਿਟੀ ਵੱਲੋਂ ਆਏ ਗਿਆਨੀ ਦੇ ਪੇਪਰ ਵੇਖ ਰਿਹਾ ਸਾਂ। ਇਸ 'ਚ ਇਕ ਸੁਆਲ ਜਸਵੰਤ ਸਿੰਘ ਕੰਵਲ ਦੀ ਨਾਵਲ ਕਲਾ ਬਾਰੇ ਸੀ। ਇਕ ਪਰਚਾ ਚੁੱਕਿਆ। ਅੱਖਰਾਂ ਦੀ ਖ਼ੁਸ਼ਖ਼ਤ-ਖ਼ੂਬਸੂਰਤ ਚਿਣੀ ਹੋਈ ਲਿਖਾਈ ਗਵਾਹੀ ਦੇ ਰਹੀ ਸੀ ਕਿ ਪਰਚਾ ਕਿਸੇ ਕੁੜੀ ਦਾ ਹੈ। ਬੀਬੀ ਸਬੰਧਤ ਸੁਆਲ ਅਥਵਾ ਕੰਵਲ ਦੀ ਨਾਵਲ-ਕਲਾ ਬਾਰੇ ਯਥਾ-ਸ਼ਕਤਿ ਚਾਨਣਾ ਪਾ ਰਹੀ ਸੀ। ਅੰਤਲੇ ਪਹਿਰੇ 'ਚ ਬੀਬੀ ਨੇ ਲਿਖਿਆ ਸੀ "ਉਸਦਾ ਛੋਟਾ ਭਰਾ ਸ਼ੇਰ ਸਿੰਘ ਕੰਵਲ ਪੰਜਾਬੀ ਵਿਚ ਕਵਿਤਾ ਲਿਖਦਾ ਹੈ।"

ਓਹ ਦਿਨ ਗਿਆ। ਉਦੋਂ ਤੋਂ ਲੈ ਕੇ ਹੁਣ ਤੀਕ ਜਦ ਵੀ ਮੇਰੀਆਂ ਨਜ਼ਰਾਂ 'ਚੋਂ ਜਸਵੰਤ ਸਿੰਘ ਕੰਵਲ ਦੀ ਕੋਈ ਲਿਖਤ ਲੰਘਦੀ ਹੈ ਤਾਂ ਬੀਬੀ ਦੇ ਸ਼ਬਦਾਂ ਦੀ ਛਾਵੇਂ ਮੈਨੂੰ ਜਾਪਦਾ ਹੈ ਜਿਵੇਂ ਮੈਂ ਆਪਣੇ ਵੱਡੇ ਭਰਾ ਦੀ ਰਚਨਾ ਪੜ੍ਹ ਰਿਹਾ ਹੋਵਾਂ।

ਪਰਦੇਸ ਆ ਕੇ ਆਪਣੇ ਦੇਸ ਜਾਂ ਸੂਬੇ ਦੇ ਲੋਕ ਵੀ ਆਪਣੇ ਸਕਿਆਂ ਵਰਗੇ ਲਗਦੇ ਹਨ ਪਰ ਜਸਵੰਤ ਸਿੰਘ ਮੇਰਾ ਗਰਾਈਂ ਹੈ। ਲੁਧਿਆਣਾ-ਫਿਰੋਜ਼ਪੁਰ ਜਰਨੈਲੀ ਸੜਕ ਉਤੇ ਜਗਰਾਓਂ-ਮੋਗੇ ਦੇ ਸੰਨ੍ਹ 'ਚ ਇਕ ਰੇਲਵੇ ਸਟੇਸ਼ਨ ਹੈ ਅਜੀਤਵਾਲ। ਜਿੱਥੋਂ ਨੇੜੇ ਹੀ ਦੱਖਣ 'ਚ ਜਸਵੰਤ ਦਾ ਪਿੰਡ ਢੁਡੀਕੇ ਹੈ ਤੇ ਉੱਤਰ ਵਿਚ ਮੇਰਾ ਤਲਵੰਡੀ ਮਲ੍ਹੀਆਂ। ਅਸੀਂ ਆਪਣੇ-ਆਪਣੇ ਪਿੰਡਾਂ ਤੋਂ ਤਾਂਗੇ ਫੜ ਕੇ ਹਜ਼ਾਰਾਂ ਵੇਰ ਜਿੱਤਵਾਲ ਅੱਡੇ ਤੇ ਉਤਰੇ ਹੋਵਾਂਗੇ। ਸੈਆਂ ਵੇਰ ਇੱਥੋਂ ਮੋਗੇ-ਜਗਰਾਵਾਂ ਨੂੰ ਬੱਸਾਂ ਫੜੀਆਂ ਹੋਣਗੀਆਂ ਤੇ ਆਪਣੇ ਪਿੰਡਾਂ ਨੂੰ ਜਾਂਦੇ ਟੈਂਪੂ ਉਡੀਕਦਿਆਂ ਇੱਥੇ ਮਨ ਹੀ ਮਨ 'ਚ ਆਪਣੀਆਂ ਰਚਨਾਵਾਂ ਦੀਆਂ ਕਈ ਸਤਰਾਂ ਦੀ ਉਧੇੜ-ਬੁਣ ਕੀਤੀ ਹੋਵੇਗੀ। ਕੰਵਲ ਤੇ ਮੈਂ ਹਮ-ਤਖ਼ੱਲਸ ਹਾਂ-ਗਰਾਈਂ ਹਾਂ-ਦੋਵੇਂ ਮੋਗੇ ਦੇ ਖਾਲਸਾ ਸਕੂਲ 'ਚ ਪੜ੍ਹੇ ਹਾਂ ਤੇ ਅਜੀਬ ਇਤਫ਼ਾਕ ਹੈ ਕਿ ਜ਼ਿੰਦਗੀ ਦੀਆਂ ਕਈ ਆਦਤਾਂ ਵਿਚ ਵੀ ਸਾਡੀ ਸੱਥਰੀ ਪੈਂਦੀ ਹੈ। ਮਸਲਨ ਸਾਨੂੰ ਦੋਹਾਂ ਨੂੰ ਘਰ ਵਿਚ ਮੇੜ੍ਹ ਪਾਉਣ ਅਥਵਾ ਗੇੜੇ ਤੇ ਗੇੜਾ ਦੇਣ ਦੀ ਆਦਤ ਹੈ। ਦੋਹਾਂ ਨੂੰ ਸਵੇਰ ਦੀ ਠੰਢੀ ਹਵਾ ਰਾਸ ਨਹੀਂ। ਦੋਵੇਂ ਕੰਨ ਢਕ ਕੇ ਸੌਂਦੇ ਹਾਂ। ਦੋਹਾਂ ਨੂੰ

ਕੱਦੂ ਦੀ ਸਬਜ਼ੀ ਪਸੰਦ ਨਹੀਂ। ਦੋਵੇਂ ਸੂਫ਼ੀ ਸਾਹਿਤ ਤੇ ਕਲਾਸੀਕਲ ਸੰਗੀਤ ਦੇ ਸ਼ੌਕੀਨ ਹਾਂ। ਦੋਹਾਂ ਦੀ ਸਾਹਿਤਕਾਰੀ ਦਾ ਮੁੱਢ ਕਵਿਤਾ ਪੜ੍ਹਨ 'ਚੋਂ ਹੋਇਆ ਹੈ। ਦੋਹਾਂ ਦੇ ਪੈਰਾਂ ਵਿਚ ਚੱਕਰ ਹੈ ਤੇ ਦੋਹਾਂ ਨੂੰ ਕਿਵੇਂ ਨਾ ਕਿਵੇਂ ਸਿੱਖ-ਸਿਆਸਤ ਵਿਚ ਡੂੰਘੀ ਦਿਲਚਸਪੀ ਰਹੀ ਹੈ ਤੇ ਹੋਰ ਨਿੱਕੀਆਂ-ਨਿੱਕੀਆਂ ਗੱਲਾਂ! ਜਿਹਨਾਂ ਨੂੰ ਵੇਖ ਕੇ ਮੈਨੂੰ ਅਹਿਸਾਸ ਹੁੰਦਾ ਹੈ ਕਿ ਗਿਆਨੀ ਵਾਲੀ ਬੀਬੀ ਸੱਚ ਹੀ ਕਹਿੰਦੀ ਸੀ!

ਨਿਸਚੇ ਹੀ ਵਿਚਾਰਧਾਰਕ ਪੱਖੋਂ ਜਸਵੰਤ ਸਿੰਘ ਤੇ ਮੈਂ ਥੋੜ੍ਹੀ ਬਹੁਤੀ ਲੀਹ ਭੰਨਦੇ ਹਾਂ। ਸ਼ਾਇਦ ਇਸੇ ਦਾ ਹੀ ਸਦਕਾ ਹੈ ਕਿ 'ਜਿੱਤਨਾਮਾ' ਲਿਖ ਕੇ ਵੀ ਉਸ ਦੇ ਮੱਥੇ ਤੋਂ ਦਾਤੀ-ਹਥੌੜੇ ਦਾ ਨਿਸ਼ਾਨ ਨਹੀਂ ਮਿਟਿਆ ਹੈ 'ਤਾਰਾ ਬੱਰਕਵਾਲ' ਲਿਖਣ ਉਪਰੰਤ ਵੀ ਮੇਰੇ ਮੱਥੇ ਤੋਂ ਖੰਡਾ-ਕਿਰਪਾਨ ਨਹੀਂ ਉੱਤਰੇ!

ਪਰ ਵਿਚਾਰਧਾਰਕ ਵਖਰੇਵੇਂ ਦੇ ਬਾਵਜੂਦ ਵੀ ਕਿਸੇ ਨਾਲ ਬਗਲਗੀਰ ਹੋ ਜਾਣਾ ਜਸਵੰਤ ਸਿੰਘ ਦੇ ਸੁਭਾਅ ਦੀ ਖ਼ੂਬਸੂਰਤੀ ਹੈ। ਇਹੀ ਕਾਰਨ ਹੈ ਕਿ ਵੱਖੋ-ਵੱਖ ਸਮਿਆਂ ਤੋਂ ਭਾਵੇਂ ਉਹ ਦੇਸੋਂ ਇੰਗਲੈਂਡ ਉੱਡ ਆਇਆ ਹੋਵੇ ਜਾਂ ਮੈਂ ਅਮਰੀਕਾ ਤੋਂ ਇੰਗਲੈਂਡ ਗਿਆ ਹੋਵਾਂ ਅਸੀਂ ਸਾਂਝੇ ਮਿੱਤਰਾਂ ਦੇ ਉਨ੍ਹਾਂ ਹੀ ਘਰਾਂ 'ਚ ਉਤਰੇ ਹੋਵਾਂਗੇ। ਉਹਨਾਂ ਹੀ ਕਮਰਿਆਂ/ਬਿਸਤਰਿਆਂ 'ਚ ਸੁੱਤੇ ਹੋਵਾਂਗੇ ਤੇ ਸਵੇਰ-ਸ਼ਾਮ ਗੇੜਾ ਬੰਨ੍ਹ ਕੇ ਇਹਨਾਂ ਘਰਾਂ ਦੀਆਂ ਰੁਘਾਂ ਤੇ ਆਪਣੇ ਪੇਂਡੂ-ਪੈਰਾਂ ਨਾਲ ਇਕੋ ਤਰ੍ਹਾਂ ਖਰਖਰਾ ਕੀਤਾ ਹੋਵੇਗਾ।

ਗੱਲ ਪਿਛਲੇ ਤੋਂ ਪਿਛਲੇ ਮਹੀਨੇ ਦੀ ਹੈ। ਠੱਕੇ ਦੀ ਭੰਨੀਂ ਮੱਕੀ ਵਾਂਗੂੰ 'ਜਾਗੋ' ਦਾ ਭੰਨਿਆਂ, ਦੋ ਰਾਤਾਂ ਦਾ ਉਨੀਂਦਰਾ ਘੋੜੇ ਵੇਚ ਕੇ ਸੁੱਤਾ ਪਿਆ ਸਾਂ। ਰਾਤ ਦੇ ਬਾਰਾਂ-ਇਕ ਹੋਣਗੇ। ਟੈਲੀਫ਼ੋਨ ਦੀ ਘੰਟੀ ਇਕ... ਦੋ... ਤਿੰਨ ਵੇਰ ਸੰਲਘ ਵਾਂਗ ਮੇਰੇ ਸਿਰ 'ਚ ਵੱਜੀ। ਚਿੱਤ ਕੀਤਾ ਘੇਸਲ਼ ਵੱਟ ਕੇ ਪਿਆ ਰਹਾਂ। ਅੱਗੋਂ ਵੀ ਕੋਈ ਸਿਦਕੀ ਸਿੰਘ ਸੀ। ਆਖ਼ਰ ਰਸੀਵਰ ਚੁੱਕਿਆ। ਕੋਈ ਬੋਲ ਰਿਹਾ ਸੀ- "ਕੀ ਹਾਲ ਐ? ਠੀਕ ਠਾਕ ਐਂ ਨਾ? 'ਜਾਗੋ' ਦੀ ਗੱਲ ਫੇਰ ਕਰਾਂਗੇ। ਬਾਰਾਂ ਤਰੀਕ ਨੂੰ ਕੀ ਕਰਨੈਂ?" ਵਗੈਰਾ... ਮੈਂ ਸੁੱਤ-ਉਨੀਂਦਾ ਸੁਆਲਾਂ ਦੇ ਜਵਾਬਾਂ ਦਾ ਗਲ਼ੋ-ਗੁਲ਼ਾਮਾਂ ਲਾਹੀ ਜਾ ਰਿਹਾ ਸਾਂ। "ਚੰਗਾ ਫੇਰ ਪਰਗਟ ਸਿੰਘ ਹੋਰਾਂ ਨਾਲ ਗੱਲ ਕਰਲੋ।"

ਮੇਰੇ ਸੰਪਰਕ 'ਚ ਜ਼ਿੰਦਗੀ 'ਚ ਹੁਣ ਤੱਕ ਇਕੋ ਪਰਗਟ ਸਿੰਘ ਆਇਆ ਹੈ। ਇੰਗਲੈਂਡ ਦੀ ਫੈਡਰੇਸ਼ਨ ਦਾ ਸਾਬਕਾ ਪ੍ਰਧਾਨ ਡਾ. ਪਰਗਟ ਸਿੰਘ। ਆਵਾਜ਼ ਪਛਾਨਣ 'ਚ ਭੋਰਾ ਦੇਰ ਨਾ ਲੱਗੀ। ਡਾ. ਪਰਗਟ ਸਿੰਘ ਨੇ ਇੰਗਲੈਂਡ 'ਚ ਪੰਜਾਬ ਮਸਲੇ ਤੇ ਕੀਤੀ ਜਾਣ ਵਾਲੀ ਕਾਨਫਰੰਸ ਸਬੰਧੀ ਮੇਰੇ ਰੁਝੇਵੇਂ ਪੁੱਛੇ ਕਿ ਮੈਂ ਪਹੁੰਚ ਸਕਾਂਗਾ ਜਾਂ ਨਹੀਂ! ਗੱਲ ਮੁੱਕੀ। ਮੈਂ ਪੁੱਛਿਆ-ਪਹਿਲੋਂ ਫ਼ੋਨ ਤੇ ਕੌਣ ਸੀ?

"ਇਹ ਜਸਵੰਤ ਸਿੰਘ ਕੰਵਲ ਹੋਰੀਂ ਸਨ।"

"ਓ... ਤੇਰਾ... ਫੜਾਓ ਫ਼ੋਨ।"



ਤੇ ਫੇਰ ਅਸੀਂ ਇੱਕੜ-ਦੁੱਕੜ ਗੱਲਾਂ ਕੀਤੀਆਂ।

"ਤੁਹਾਥੋਂ ਸਨਫਰਾਂਸਿਸਕੋ ਕਿੰਨੀ ਦੂਰ ਐ?"

"ਬਾਂਹ ਉਪੜਦੀ ਐ........ਬੱਸ ਚਾਲੀ ਪੰਜਾਹ ਮੀਲ ਦੂਰ ਐ" ਮੈਂ ਜਵਾਬ ਦਿੱਤਾ।

"ਵਈ ਥੋਡਾ ਮੁਲਕ ਬਹੁਤ ਵੱਡੈ। ਮੈਂ ਤਾਂ ਐਥੇ ਆ ਕੇ ਸੁੰਗੜ ਜਿਹਾ ਜਾਨਾਂ।"

"ਕੋਈ ਨਾ ਆਣ ਕੇ ਫ਼ੋਨ ਕਰਿਓ।"

ਤੇ ਫੇਰ ਉਸਦਾ ਕੈਨੇਡਾ 'ਚੋਂ ਫ਼ੋਨ ਆਇਆ ਤੇ ਅਸੀਂ ਅਗਲੇ ਦਿਨ ਫਰੀਮਾਂਟ ਮਿਲਣ ਦਾ ਟਾਈਮ ਮਿਲਾਇਆ। ਇਕਰਾਰ ਅਨੁਸਾਰ ਚਾਰ ਵਜੇ ਮੈਂ ਤੁਰਿਆ ਤਾਂ ਫਰ੍ਹੀ-ਵੇ ਉੱਤੇ ਕਾਰਾਂ ਦਾ ਵੱਗ ਛੁੱਟਿਆ ਹੋਇਆ ਸੀ। ਮੈਂ 'ਕਰਾਰੋਂ ਖੁੰਝ ਕੇ ਲੇਟ ਪਹੁੰਚਾ ਤਾਂ ਉਹ ਲਿਵਿੰਗ-ਰੂਮ 'ਚ ਟਿਚਨ ਹੋਇਆ, ਪਰਦੇ ਪਾਸੇ ਕਰੀ ਤਿਆਰ-ਬਰ-ਤਿਆਰ ਬੈਠਾ ਸੀ। ਦਸਾਂ ਮਿੰਟਾਂ 'ਚ ਅਸੀਂ 880 ਫਰ੍ਹੀ-ਵੇ ਤੇ ਜਾ ਰਹੇ ਸਾਂ ਤਾਂ ਮੈਂ ਉਸ ਨੂੰ ਸੇਖੋਂ ਤੋਂ ਲੈ ਕੇ ਜਿੱਤਵਾਲੀਏ ਨਿਹਾਲ ਤਾਂਗੇ ਵਾਲੇ ਤੱਕ ਦੀ ਸੁੱਖ-ਸਾਂਦ ਪੁੱਛੀ। ਹੋਰ ਕਿੰਨੀਆਂ ਗੱਲਾਂ ਹੋਈਆਂ। ਅਸੀਂ ਘਰੇ ਪਹੁੰਚੇ। ਕੰਵਲ ਅੱਜ ਪੂਰਾ ਖਿੜਿਆ ਹੋਇਆ ਸੀ। ਖ਼ੁਸ਼ ਰੌਂ ਵਿਚ ਸੀ। ਉਸਦੀ ਆਮਦ ਨਾਲ ਮੈਨੂੰ ਘਰ ਭਰਿਆ ਭਰਿਆ ਜਾਪਿਆ। ਮੈਂ ਪੱਛਮ ਵੱਲ ਦੇ ਪਰਦੇ ਸਰਕਾਏ। ਅਰਗਵਾਨੀ ਸ਼ਾਮ ਵਿਚ ਬਾਹਰ ਕੰਵਲ-ਕੱਦੇ ਸਫ਼ੈਦੇ ਮਸਤੀ ਨਾਲ ਝੂਮ ਰਹੇ ਸਨ।

'ਸੱਤੇ 'ਸਮਾਨ ਕਿਸ ਤਰ੍ਹਾਂ ਬਗਲੀ 'ਚ ਪਾ ਲਵਾਂ?'

ਮੇਰੇ ਮਨ 'ਚ ਬੈਠਾ ਮੋਹਨ ਸਿੰਘ ਕੂਕਿਆ। ਅਗਲੇ ਪਲ ਅਸੀਂ ਸੁੱਤੇ 'ਸਮਾਨ ਗਿਲਾਸਾਂ 'ਚ ਪਾ ਲਏ ਸਨ।

'ਕੋਈ ਪਾਕਿਸਤਾਨ ਦਾ ਗੌਣ-ਪਾਣੀ ਸੁਣੀਏ? ਗੁਲਾਮ ਅਲੀ ਲਾਵਾਂ?' - ਮੈਂ ਪੁੱਛਿਆ। 'ਉਹ ਫੇਰ ਸੁਣਦੇ ਆਂ- ਪਹਿਲਾਂ ਆਹ ਸੁਣੀਏ'। ਤੇ ਉਸ ਨੇ ਕੋਟ ਦੀ ਜੇਬ 'ਚੋਂ ਇਕ ਕੈਸਿਟ ਕੱਢ ਕੇ ਮੈਨੂੰ ਫੜਾਈ ਜੋ ਉਸ ਨੂੰ ਉਸ ਦੇ ਕਿਸੇ ਸ਼ਰਧਾਲੂ ਨੇ ਵੈਨਕੂਵਰੋਂ ਦਿੱਤੀ ਸੀ। ਕੈਸਿਟ ਲਾਈ, ਆਬਿਦਾ ਪ੍ਰਬੀਨ ਫ਼ਕੀਰਾਨਾ ਅੰਦਾਜ਼ 'ਚ ਗਾ ਰਹੀ ਸੀ -

**"ਜਬ ਸੇ ਤੁਮਨੇ ਹਮਕੋ ਦੀਵਾਨਾ ਬਨਾ ਰੱਖਾ ਹੈ!**
**ਸੰਗ ਹਰ ਸ਼ਖਸ ਨੇ ਹਾਥੋਂ ਮੇਂ ਉਠਾ ਰੱਖਾ ਹੈ!!"**

ਕੰਵਲ ਹੱਥ 'ਚ ਗਿਲਾਸ ਫੜੀ ਉੱਠ ਕੇ ਸੁਨੱਖੇ ਮੋਰ ਵਾਂਗ ਪੈਲ ਪਾਉਣ ਲੱਗ ਪਿਆ। ਕਿੰਨੀ ਦੇਰ ਉਹ ਨੱਚਦਾ ਰਿਹਾ- ਆਬਿਦਾ ਗਾਉਂਦੀ ਰਹੀ। ਖ਼ੁਸ਼ੀ ਗਿਲਾਸਾਂ 'ਚ ਜੀਰਦੀ ਰਹੀ!! ਆਬਿਦਾ ਦੇ ਮਾਖਿਓਂ- ਮਿੱਠੇ ਬੋਲ ਕਮਰੇ ਦੀ ਫਿਜ਼ਾ 'ਚ ਘੁਲਦੇ ਗਏ -

**''ਕੱਚੇ ਘੜੇ ਨੇ ਜੀਤ ਲੀ**
**ਨਦੀ ਚੜ੍ਹੀ ਹੂਈ**
**ਮਜ਼ਬੂਤ ਕਸ਼ਤੀਓਂ ਕੋ**
**ਕਿਨਾਰਾ ਨਹੀਂ ਮਿਲਾ।''**

ਆਬਿਦਾ ਦੇ ਅਲਾਪ ਨਾਲ ਆਪਣੀਆਂ ਅੱਖਾਂ ਨੂਟ ਕੇ ਉਹ ਕਮਾਦ ਵਾਂਗ ਝੂਮੀ ਜਾ ਰਿਹਾ ਸੀ ਤੇ ਉਸਦੀਆਂ ਅੱਖਾਂ ਵਿਚਲੇ ਗੁਲਾਬੀ-ਡੋਰੇ ਕਦੇ-ਕਦੇ ਤਾਰਿਆਂ ਵਾਂਗ ਦਿਸਦੇ। ਆਬਿਦਾ ਸਾਨੂੰ ਬਰਛੀ ਵਾਂਗ ਵਿੰਨ੍ਹੀ ਜਾ ਰਹੀ ਸੀ। ਉਹ ਨੱਚਦਾ-ਨੱਚਦਾ ਬੈਠਦਾ ਤੇ ਫਿਰ 'ਹਾਏ... ਹਾਏ... ਹਾਏ' ਦੀ ਧੀਮੀ ਜਿਹੀ ਹੂਕ ਮਾਰਦਾ। ਆਬਿਦਾ ਨੇ ਬੋਲ ਚੁੱਕਿਆ -

**''ਯਾਰ ਮੈਂਡਾ ਪ੍ਰਦੇਸ ਗਿਆ**
**ਤੇ ਮੈਂ ਕਾਲੜਾ ਵੇਸ ਕਰੇਸਾਂ!''**

'ਮੇਰੀ ਤਾਂ ਵਈ ਆਪ ਮਿਰਚ ਸੁਕਦੀ ਐ ਪਿੱਛੇ!'

ਰਾਤ ਉਮਰ ਵਾਂਗ ਬੀਤਦੀ ਜਾ ਰਹੀ ਸੀ। ਕੰਵਲ ਨੱਚਣ ਦੇ ਰੌਂ ਵਿਚ ਸੀ। ਉਸਦੀ ਸੁਤਾ ਫਿਰ ਆਬਿਦਾ ਵੱਲ ਚਲੀ ਗਈ -

'ਮੈਂ ਹੁਣ ਜਦੋਂ ਪਾਕਿਸਤਾਨ ਗਿਆ ਇਹਨੂੰ ਜ਼ਰੂਰ ਮਿਲ ਕੇ ਆਊਂ।' ਉਹ ਆਬਿਦਾ ਤੇ ਸਾਉਣ ਦੇ ਬੱਦਲ ਵਾਂਗ ਢੇਰੀ ਹੋਇਆ ਪਿਆ ਸੀ।

"ਮੈਨੂੰ ਘਰੋਂ ਨਿਕਲੇ ਨੂੰ ਐਨੇ ਦਿਨ ਹੋਗੇ। ਅੱਜ ਮੈਂ ਪੂਰਾ ਖੁਸ਼ ਆਂ। ਐਨ੍ਹ ਖੁੱਲ੍ਹਿਆਂ।" ਇਹ ਕਹਿੰਦਾ ਹੋਇਆ ਉਹ ਸੋਫ਼ੇ ਤੇ ਬੈਠ ਗਿਆ। ਬੇਟੇ ਹਰਿਕੀਰਤ ਸਿੰਘ ਨੂੰ ਉਸ ਗਲਵੱਕੜੀ 'ਚ ਲੈ ਲਿਆ -

"ਪੁੱਤ ਤੂੰ ਸਾਡਾ ਮਹਾਂ ਸਿਹੁੰ ਐਂ। ਤੈਨੂੰ ਪਤੈ ਮਹਾਂ ਸਿੰਹੁ ਕੀ ਹੁੰਦੈ? ਮਹਾਨ ਆਦਮੀ! ਤੂੰ ਮਹਾਂ ਸਿੰਹੁ ਐਂ।"

ਫੇਰ ਅਸੀਂ ਰੋਟੀ ਖਾਧੀ ਤੇ ਆਬਿਦਾ ਪ੍ਰਬੀਨ ਦੇ ਬੋਲਾਂ ਨਾਲ ਦੋਵੇਂ ਰਘ੍ਹ ਤੇ ਸੌਂ ਗਏ।

ਤੜਕੇ ਮੈਂ ਅਛੋਪਲੇ ਉੱਠਿਆ। ਉਸਦਾ ਮੂੰਹ ਨੰਗਾ ਸੀ- ਕੰਨ ਰਜਾਈ ਨਾਲ ਢਕੇ ਹੋਏ ਸਨ। ਗਿਆਨੀ ਵਾਲੀ ਬੀਬੀ ਮੈਨੂੰ ਫੇਰ ਯਾਦ ਆਈ- ਇਹ ਸੱਚਮੁੱਚ ਮੇਰਾ ਭਰਾ ਹੈ। ਮੇਰੇ ਕੰਨਾਂ ਨੂੰ ਵੀ ਸਰੀਰ ਦੇ ਸਭ ਹਿੱਸਿਆਂ ਤੋਂ ਵੱਧ ਪਾਲ਼ਾ ਲਗਦੈ।

ਮੈਂ ਅੱਜ ਸਮੁੰਦਰ ਤੇ ਜਾਣ ਦਾ ਪ੍ਰੋਗਰਾਮ ਪਹਿਲੋਂ ਹੀ ਉਲੀਕਿਆ ਹੋਇਆ ਸੀ ਕਿਉਂਕਿ ਸਮੁੰਦਰ ਲੇਖਕਾਂ ਨੂੰ ਸਭ ਤੋਂ ਵੱਧ ਪਿਆਰਾ ਹੁੰਦਾ ਹੈ। ਇਕ ਗੱਲ ਮੈਂ ਇੱਥੇ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗਾ। ਜੇ ਕਦੇ ਜ਼ਿੰਦਗੀ 'ਚ ਤੁਹਾਡੇ ਘਰ ਕੋਈ ਲੇਖਕ ਆ ਜਾਵੇ ਤਾਂ ਦਾਰੂ ਦੀ ਇਕ ਬੋਤਲ ਲੈ ਕੇ ਉਸ ਨੂੰ ਸਿੱਧੇ



ਸਮੁੰਦਰ ਤੇ ਲੈ ਜਾਵੋ। ਜੇ ਭਲਾ ਦਾਰੂ ਨਾ ਵੀ ਪੀਂਦਾ ਹੋਵੇ ਤਾਂ ਵੀ ਉਸ ਨੂੰ ਸਮੁੰਦਰ ਤੇ ਜਾ ਕੇ ਬੋਤਲ ਦਾ ਨਸ਼ਾ ਹੋ ਜਾਂਦਾ ਹੈ। ਜੇ ਉਹ ਸਹੀ ਅਰਥਾਂ 'ਚ ਲੇਖਕ ਹੈ, ਤੁਸੀਂ ਉਸ ਨੂੰ ਮਹੱਲ ਵਿਚ ਤਾੜ ਕੇ ਸੱਤ ਵਲਾਇਤ ਦੇ ਮੇਵੇ ਖੁਆਈ ਜਾਵੋ, ਘਿਓ ਵਿਚ ਖੜ੍ਹਾ ਕਰ ਦੇਵੋ- ਉਹ ਖੁਸ਼ ਨਹੀਂ ਹੋਵੇਗਾ। ਉਹ ਮਹੱਲ ਵਿਚ ਦਾਰੂ ਨਾਲ ਗੁੱਟ ਹੋ ਕੇ ਸੌਂ ਤਾਂ ਜਾਵੇਗਾ ਪਰ ਢਿੱਡੋਂ ਖੁਸ਼ ਨਹੀਂ ਹੋਵੇਗਾ!

ਸਵੇਰੇ ਉਸ ਨੂੰ ਲੈ ਕੇ ਮੈਂ ਤੇ ਰਣਜੀਤ ਸੈਂਟਾ-ਕਰੂਜ਼ ਤੇ ਕਾਰਮਿਲ ਲਈ ਚੱਲ ਪਏ। ਮੈਨੂੰ ਪਤਾ ਸੀ ਉਸ ਨੂੰ ਮਹਾਂਨਗਰ ਸਨਫਰਾਂਸਿਸਕੋ ਦੀਆਂ ਭੀੜ-ਭਰੀਆਂ ਰੰਗੀਨ ਤੰਗ-ਗਲੀਆਂ ਨਾਲੋਂ ਸਮੁੰਦਰ ਕੰਢੇ ਕਾਰਮਿਲ ਨੂੰ ਜਾਂਦੀ ਸਤਾਰਾਂ ਮੀਲ ਦੀ ਹੁਸੀਨ-ਡਰਾਈਵ ਵਧੇਰੇ ਪਸੰਦ ਆਵੇਗੀ। ਉਸ ਦਿਨ ਅਸੀਂ ਭੱਠੀਆਂ ਵੇਲੇ ਤੱਕ ਸਮੁੰਦਰ ਕੰਢੇ ਵਿਛੀ ਬੂਰੇ ਵਰਗੀ ਰੇਤ ਨਾਲ ਖੇਡਦੇ, ਚਿਟਾਨਾਂ ਤੇ ਚੜ੍ਹਦੇ-ਉਤਰਦੇ, ਸ਼ਹੁ-ਸਾਗਰ ਦੇ ਨੀਲੇ ਪਾਣੀਆਂ ਨੂੰ ਨਿਹਾਰਦੇ ਤੇ ਦੂਰ ਤੱਕ ਪਾਣੀਆਂ ਉੱਤੇ ਉੱਡਦੇ ਪੰਛੀਆਂ ਨਾਲ ਉੱਡਦੇ, ਬੁੱਲੇ ਲੁੱਟਦੇ ਰਹੇ। ਇਸ ਡਰਾਈਵ ਉੱਤੇ ਬੜੇ ਖ਼ੂਬਸੂਰਤ ਪੁਰਾਣੇ ਰੁੱਖ ਹਨ ਜਿਹੜੇ ਇੱਥੇ ਆਇਆਂ ਹਮੇਸ਼ਾਂ ਮੈਨੂੰ ਸੈਨਤਾਂ ਮਾਰਦੇ ਰਹੇ ਸਨ। ਸੋਚਿਆ ਕੰਵਲ ਦੀ ਉਸ ਵਰਗੇ ਹੀ ਕਿਸੇ ਪੁਰਾਣੇ ਲੰਬੇ ਰੁੱਖ ਨਾਲ ਇਕ ਮੂਰਤ ਲਾਹਵਾਂਗੇ। ਮੰਤਰ-ਮੁਗਧ ਹੋਏ ਅਸੀਂ ਭੀੜੀ ਸੜਕ ਤੋਂ ਗੁਜ਼ਰਦਿਆਂ, ਮੇਰੇ ਮਨ ਵਿਚਲਾ, ਉਸ ਵਰਗਾ ਰੁੱਖ, ਪਿੱਛੇ ਛੱਡ ਆਏ ਸਾਂ। ਮੈਂ ਪਛਤਾਵੇ ਨਾਲ ਸੋਚ ਹੀ ਰਿਹਾ ਸਾਂ ਕਿ ਚੱਲੋ ਅੱਗੇ ਹੋਰ ਵੀ ਪੁਰਾਣੇ ਰੁੱਖ ਆਉਣ ਵਾਲੇ ਹਨ, ਉਥੇ ਤਸਵੀਰਾਂ ਖਿੱਚ ਲਵਾਂਗੇ। ਤਾਹੀਏਂ ਖ਼ਬਰ ਪਿਛਲੀ ਸੀਟ ਤੋਂ ਉਸਦੀ ਆਵਾਜ਼ ਆਈ- 'ਐਥੇ ਕੁਛ ਤਸਵੀਰਾਂ ਨਾ ਖਿੱਚ ਲਈਏ?' ਮੈਂ ਹੈਰਾਨ ਸਾਂ- ਇਸ ਦੀ ਰੂਹ ਵੀ ਮੇਰੀ ਰੂਹ ਦੀ ਹਾਨਣ ਹੈ। ਉਸ ਨੇ ਕਿਵੇਂ ਮੇਰੇ ਮਨ ਦੀ ਗੱਲ ਨੂੰ ਜ਼ੁਬਾਨ ਦੇ ਦਿੱਤੀ ਸੀ ਤੇ ਫਿਰ ਅਸੀਂ ਮੁਸ਼ਕਲ ਨਾਲ ਭੀੜੀ ਸੜਕ ਤੋਂ ਕਾਰ ਮੋੜ ਕੇ ਕੁਛ ਤਸਵੀਰਾਂ ਖਿੱਚੀਆਂ ਤੇ ਅੱਗੇ ਹੋਰ ਪੁਰਾਣੇ ਰੁੱਖਾਂ ਨਾਲ ਦੇਰ ਤੀਕ ਇਹ ਸਾਂਝ ਪਾਉਂਦੇ ਰਹੇ। ਰਾਹ 'ਚ ਉਸ ਦੀ ਸੁਰਤ ਫਿਰ ਢੁੱਡੀਕੀਂ ਚਲੀ ਗਈ। ਉਸ ਨੂੰ ਠੰਢ ਲੱਗ ਰਹੀ ਸੀ ਪਰ ਉਸ ਨੂੰ ਪਿੱਛੇ ਆਪਣੀ 'ਮਿਰਚ ਸੁੱਕਣ' ਦਾ ਡਾਢਾ ਫ਼ਿਕਰ ਲੱਗਾ ਹੋਇਆ ਸੀ ਜਿਸ ਦਾ ਜ਼ਿਕਰ ਉਸ ਤੋਂ ਅਛੋਪਲੇ ਹੀ ਹੋ ਗਿਆ ਸੀ। ਘੁਸਮੁਸਾ ਹੁੰਦੇ ਅਸੀਂ ਸੰਨੀਵੇਲ ਪਰਤ ਆਏ।

ਸੁਬਾਹ ਅਸੀਂ ਸਟਾਕਟਨ ਗੁਰਦੁਆਰੇ ਜਾਣਾ ਸੀ ਕਿਉਂਕਿ ਗੁਰਦੁਆਰਾ ਸਟਾਕਟਨ ਦੇ ਸਕੱਤਰ ਅਜੀਤ ਸਿੰਘ ਪੰਨੂੰ ਨਾਲ ਮੇਰੀ ਗੱਲ ਪਹਿਲੋਂ ਹੋਈ ਸੀ ਤੇ ਨਾਲੇ ਉਥੇ ਕੰਵਲ ਨੇ ਆਪਣੇ ਗਰਾਈਂ ਜਗਜੀਤ ਸਿੰਘ ਗਿੱਲ ਨਾਲ ਮਿਲਣਾ ਸੀ। ਮੈਂ ਸਿੱਖਾਂ ਦੀ ਵਰਤਮਾਨ ਸਥਿਤੀ ਸਬੰਧੀ ਉਸ ਨੂੰ ਟੋਹਣਾ ਚਾਹੁੰਦਾ ਸਾਂ। ਸਾਰੇ ਰਾਹ ਅਸੀਂ ਦੋਵੇਂ ਸੰਤ ਜਰਨੈਲ ਸਿੰਘ ਤੋਂ ਜ਼ੈਲ ਸਿੰਘ, ਬਾਦਲ ਤੋਂ ਬਰਨਾਲੇ, ਬਾਬੇ ਤੋਂ ਪੋਤੇ, ਅਕਾਲੀਆਂ ਤੋਂ ਜੁਝਾਰੂਆਂ ਤੇ ਪ੍ਰੋ. ਦਰਸ਼ਨ ਸਿੰਘ ਦੀਆਂ ਗੱਲਾਂ

ਕਰਦੇ ਰਹੇ। ਮੈਂ ਉਸ ਨੂੰ ਪਟੜੀ-ਫੇਰ ਦੇ ਪਿੰਡਾਂ ਦਾ ਨਿੱਕਾ-ਨਿੱਕਾ ਵੇਰਵਾ ਪੁੱਛਿਆ- ਮੋਗੇ ਵਾਲੇ ਜਗਮੋਹਣ ਸਿੰਹੁ ਦਾ ਅੱਜ ਕੱਲ੍ਹ ਕੀ ਹਾਲ ਹੈ? ਮੇਰੇ ਮਿੱਤਰ ਸ਼ਾਂਤ ਦੇ ਚੜ੍ਹਾਈ ਕਰ ਜਾਣ ਮਗਰੋਂ ਜਥੇਦਾਰ ਤੋਤਾ ਸਿੰਘ ਦੀ ਅਕਾਲੀ ਦਲ 'ਚ ਕੀ ਪੁਜੀਸ਼ਨ ਹੈ? ਕੋਕਰੀ ਦਾ ਸਰਪੰਚ ਹੁਣ ਕੌਣ ਹੈ? ਤੇ ਪੰਜਾਬ ਦੀ ਕਿਹੜੀ-ਕਿਹੜੀ ਯੂਨੀਵਰਸਿਟੀ 'ਚ ਕੌਣ-ਕੌਣ ਵਾਈਸ ਚਾਂਸਲਰ ਹੈ... ਆਦਿ। ਸਟਾਕਟਨ ਬੋਲਦਿਆਂ ਕੰਵਲ ਦਾ ਗਿਣਿਆਂ-ਚੁਣਿਆਂ ਮੱਤ ਸੀ - "ਪੰਜਾਬ ਨਾਲ ਬਹੁਤ ਵੱਡਾ ਧੱਕਾ ਹੋ ਰਿਹੈ। ਵੱਧ ਅਧਿਕਾਰਾਂ ਦੀ ਮੰਗ ਤੇ ਅੜੇ ਰਹਿ ਕੇ ਤੇ ਦੂਜੇ ਸੂਬਿਆਂ ਨੂੰ ਨਾਲ ਲੈ ਕੇ ਹੀ ਚੱਲਣਾ ਚਾਹੀਦੈ, ਮੁੰਡੇ ਨਹੀਂ ਮਰਵਾਉਣੇ ਚਾਹੀਦੇ।" ਕੁਝ ਸੁਆਲ-ਜਵਾਬ ਹੋਏ। ਗੁਰਦੁਆਰਾ ਕਮੇਟੀ ਨੇ ਕੰਵਲ ਤੇ ਮੈਨੂੰ ਸੰਗਤ ਵੱਲੋਂ ਸਿਰੋਪਿਆਂ ਨਾਲ ਨਿਵਾਜ਼ਿਆ ਤੇ ਕੰਵਲ ਜਗਜੀਤ ਸਿੰਘ ਨਾਲ ਚਉਚਲੇ ਚਲਾ ਗਿਆ। ਦੂਸਰੇ ਦਿਨ ਉਸਦਾ ਫ਼ੋਨ ਆਇਆ "ਮਹਾਂ ਸਿੰਹੁ ਦਾ ਕੀ ਹਾਲ ਐ? ਸਾਰੇ ਕਿਵੇਂ ਐ? ਕੱਲ੍ਹ ਅਸੀਂ ਐਨੇ ਵਜੇ ਆਵਾਂਗੇ।"

ਅਗਲੇ ਦਿਨ ਦੁਪਹਿਰ ਮਗਰੋਂ ਜਗਜੀਤ ਸਿੰਘ ਗਿੱਲ ਨੇ ਆਉਂਦਿਆਂ ਕਿਹਾ—ਲੈ ਸਾਂਭ ਭਾਈ ਆਪਣਾ ਬੰਦਾ-ਮੈਂ ਕਿਹਾ ਮੋੜ ਆਈਏ ਉਧਾਰਾ ਜੁ ਲਿਆ ਸੀ। ਪਰ ਤੁਸੀਂ ਦੋਵੇਂ ਜੀਅ ਰਿਹੋ ਜ਼ਰਾ ਬਚ ਕੇ। ਇਹਨੂੰ ਲੜਾਈ ਪੁਆਉਣ ਦੀ ਆਦਤ ਐ।" ਜਗਜੀਤ ਸਿੰਘ ਆਪਣੇ ਪੇਂਡੂ ਨਾਲ ਦਿਲ-ਲਗੀ ਕਰ ਰਿਹਾ ਸੀ।

"ਓਥੇ ਵੀ ਲਾਈ ਕੋਈ ਫਾਲ-ਪੱਚਰ ਨਾਰਦ ਮੁਨੀ ਨੇ?" ਮੈਂ ਪੁੱਛਿਆ।

"ਨਹੀਂ, ਕੋਸ਼ਿਸ਼ ਤਾਂ ਬੜੀ ਕੀਤੀ ਪਰ ਓਥੇ ਇਹਦੀ ਗੱਲ ਨਹੀਂ ਬਣੀ।" ਉਸ ਮੋੜਾ ਦਿੱਤਾ।

ਕੰਵਲ ਜਿੱਥੇ ਖੁੱਲ੍ਹ ਜਾਵੇ ਉਥੇ ਹਾਸਾ-ਠੱਠਾ ਚੰਗਾ ਕਰਦਾ ਐ। ਰਾਤੀਂ ਬੈਠਿਆਂ ਉਹ ਮੇਰੀ ਪਤਨੀ ਸਤਵੰਤ ਨੂੰ ਕਹਿਣ ਲੱਗਾ -

"ਤੂੰ ਧੰਨ ਐਂ ਕੁੜੀਏ, ਜਿਹੜੀ ਇਹਦੇ ਨਾਲ ਕੱਟੀ ਜਾਨੀ ਐਂ।"

"ਤੁਸੀਂ ਕੀ ਕਿਹੈ? ਮੈਂ ਸਮਝੀ ਨਹੀਂ।" ਸਤਵੰਤ ਹੈਰਾਨ ਹੋਈ ਬੋਲੀ।

ਤੀਰ ਨਿਸ਼ਾਨੇ ਤੇ ਨਾ ਲੱਗਾ ਵੇਖ ਕੇ ਉਸ ਨੇ ਦੂਜਾ ਤੀਰ ਭੱਥੇ 'ਚੋਂ ਕੱਢਿਆ-

"ਮੈਂ ਕਿਹਾ ਤੂੰ ਧੰਨ ਐਂ ਜੀਹਨੇ ਇਹਨੂੰ ਸੰਭਾਲਿਆ ਹੋਇਐ, ਕਲਾਕਾਰ ਬਣਾਇਐ, ਪਰ ਜ਼ਰਾ ਨਿਗਾਹ ਰੱਖੀਂ ਇਹਦੇ 'ਤੇ।"

ਸਤਵੰਤ ਹੱਸ ਕੇ ਚੁੱਪ ਕਰ ਗਈ ਤਾਂ ਉਹ ਮੇਰੇ ਵੱਲ ਮੂੰਹ ਕਰਕੇ ਕਹਿਣ ਲੱਗਾ -

"ਵਈ, ਤੇਰੀ ਮੁੰਨੀ ਤਕੜੀ ਐ, ਨਹੀਂ ਤਾਂ ਤੂੰ ਕਿੱਥੇ ਬੱਝਣ ਵਾਲਾ ਸੀ!"

ਕੰਵਲ ਜਦ ਵਜਦ 'ਚ ਹੋਵੇ ਤਾਂ ਆਪਣੀ ਸੱਜੀ ਬਾਂਹ ਘੁਮਾ ਕੇ ਪੀ. ਟੀ. ਕਰਨ ਵਾਲਿਆਂ ਵਾਂਗ ਹੱਥ ਖੱਬੇ ਫੇਫੜੇ ਨਾਲ ਲਾਉਂਦਾ ਹੈ ਤੇ ਇਵੇਂ ਮੁੜ



ਕੇ ਫੇਰ ਖੱਬੀ ਬਾਂਹ ਘੁਮਾ ਕੇ ਹੱਥ ਸੱਜੇ ਫੇਫੜੇ ਨਾਲ ਤੇ ਨਾਲ਼ੇ ਗੇੜੇ ਕੱਢਦਾ ਕਰਦਾ ਫਿਰੇਗਾ - 'ਜੀ... ਸਾਹਿਬ... ਜੀ... ਜੀ ਮੇਰੇ ਸਾਹਿਬ ਜੀ...।' ਉਸਦਾ ਇਹ ਸਾਹਿਬ ਕੌਣ ਹੈ - ਸਾਹਿਬ ਗੁਰੂ ਗੋਬਿੰਦ ਸਿੰਘ? ਕਾਰਲ ਮਾਰਕਸ? ਜਾਂ ਕੋਈ ਹੋਰ? ਉਹ ਹੀ ਜਾਣੇ!

ਉਸਨੂੰ ਘਰ ਵਿਚ ਗੇੜੇ ਕੱਢਦਿਆਂ ਦੇਖ ਕੇ ਸਤਵੰਤ ਮੇਰੇ ਵੱਲ ਇਸ਼ਾਰਾ ਕਰਕੇ ਉਸਨੂੰ ਬੋਲੀ - "ਇਹਨਾਂ ਦੀ ਵੀ ਏਹੀ ਆਦਤ ਐ।"

"ਭੈਣ ਮੇਰੀਏ! ਜਦੋਂ ਅਸੀਂ ਆਏਂ ਕਰੀਏ, ਸਮਝ ਸਾਡੇ ਸਿਰਾਂ 'ਚ ਕੁਛ ਤੁਰਿਆ ਫਿਰਦੈ।' ਉਹ ਬੋਲਿਆ।

ਉਹ ਕਦੇ ਮੇਰੀ ਬੀਵੀ ਨੂੰ ਭੈਣ ਕਹਿੰਦਾ, ਕਦੇ ਬੇਟੀ, ਕਦੇ ਕੁੜੀਏ ਤੇ ਕਦੇ ਬੀਬਾ। ਮੈਂ ਉਸਨੂੰ ਘਚਾਨੀ ਜਿਹੀ ਦੇ ਕੇ ਰਸੋਈ 'ਚ ਗਿਆ ਤਾਂ ਉਸਦੇ ਹਰ ਵੇਰੀਂ ਵੱਖਰੀ ਤਰ੍ਹਾਂ ਸੰਬੋਧਨ ਕਰਨ ਦੀ ਗੱਲ ਸਤਵੰਤ ਨੇ ਮੈਨੂੰ ਚਿਤਾਰੀ ਤਾਂ ਮੈਂ ਕਿਹਾ -

"ਤੂੰ ਰੋਟੀ ਪਾ, ਅਜੇ ਤਾਂ ਨੌਂ ਈ ਵੱਜੇ ਐ। ਨਾਲੇ ਤੈਨੂੰ ਪਤੈ ਲੇਖਕਾਂ ਦੀ ਜ਼ਾਤ ਅਵੱਲੀ ਜੀਹ ਹੁੰਦੀ ਐ। ਥੋੜ੍ਹਾ ਜਿਹਾ ਟਾਇਮ ਹੋਰ ਹੋ ਗਿਆ ਤੇ ਇਸ ਨੂੰ ਤੇਰੀ ਬਣਾਈ ਸਬਜ਼ੀ ਸੁਆਦ ਲੱਗੀ ਤਾਂ ਇਹਨੇ ਤੈਨੂੰ ਬੇਬੇ ਕਹਿਣ ਲੱਗ ਜਾਣੈਂ!"

ਕੋਈ ਕਾਮਰੇਡ ਤੁਹਾਡੇ ਤੇ ਚੌਵੀ ਘੰਟੇ ਲਗਾਤਾਰ ਭਾਸ਼ਨ ਝਾੜ ਸਕਦਾ ਹੈ ਪਰ ਇਹਨਾਂ ਚੌਵੀ ਘੰਟਿਆਂ ਮਗਰੋਂ ਜੇ ਤੁਸੀਂ ਉਸਦੇ ਵਿਚਾਰਾਂ ਦੇ ਉਲਟ ਤੀਹ ਸੈਕਿੰਡ ਵੀ ਬੋਲ ਪਓ ਤਾਂ ਉਹ ਕੁਰਸੀ ਚੁੱਕ ਕੇ ਤੁਹਾਥੋਂ ਦੂਰ ਚਲਾ ਜਾਵੇਗਾ। ਮੈਨੂੰ ਮਾਰਕਸਵਾਦੀ ਲੇਖਕਾਂ 'ਚੋਂ ਸੰਤ ਸਿੰਘ ਸੇਖੋਂ ਤੇ ਜਸਵੰਤ ਸਿੰਘ ਕੰਵਲ ਦੋ ਹੀ ਲੇਖਕ ਮਿਲੇ ਹਨ, ਜੋ ਤੁਹਾਡੇ ਵਿਰੋਧੀ ਵਿਚਾਰਾਂ ਦੇ ਬਾਵਜੂਦ ਵੀ ਤੁਹਾਡੇ ਨਾਲ ਬੈਠ ਸਕਦੇ ਹਨ, ਖਾ-ਪੀ ਸਕਦੇ ਹਨ, ਤੁਹਾਡੇ ਨਾਲ ਮੁਹੱਬਤ ਕਰ ਸਕਦੇ ਹਨ। ਦਸ-ਬਾਰਾਂ ਵਰ੍ਹੇ ਪਹਿਲੋਂ ਸੇਖੋਂ ਬਾਰੇ ਇਕ ਆਰਟੀਕਲ 'ਚ ਮੈਂ ਲਿਖਿਆ ਸੀ ਕਿ ਸਾਰੀ ਉਮਰ ਵਿਦਿਅਕ- ਅਦਾਰਿਆਂ ਵਿਚ ਵਿਚਰ ਕੇ ਤੇ ਸ਼ਹਿਰਾਂ 'ਚੋਂ ਗੁਜ਼ਰ ਕੇ ਵੀ ਉਸ ਵਿਚਲਾ ਜੱਟ ਨਹੀਂ ਮਰਿਆ ਤੇ ਇਵੇਂ ਲਾਲ-ਹਨ੍ਹੇਰੀਆਂ ਸਿਰ ਤੋਂ ਲੰਘਣ ਮਗਰੋਂ ਵੀ ਕੰਵਲ ਵਿਚਲਾ ਸਿੱਖ ਨਹੀਂ ਮਰਿਆ। ਸਾਡੇ ਇਹਨਾਂ ਦੋਹਾਂ ਮਹਾਨ ਸਾਹਿਤਕਾਰਾਂ ਦੀ ਸੋਚ ਮਾਰਕਸਵਾਦੀ ਹੈ। ਮੈਨੂੰ ਜਾਪਦਾ ਹੈ ਸਾਡੇ ਇਹ ਦੋਵੇਂ ਲੇਖਕ ਘੁੱਦੇ ਕੀਆਂ ਦੋ ਮਾਰਨ-ਖੰਡੀਆਂ ਬੱਕਰੀਆਂ ਹਨ ਜਿਹਨਾਂ ਨੂੰ ਪਿੰਡ ਦੀ ਮੁੰਡੀਰ ਅਥਵਾ ਨਵੇਂ ਉੱਠਦੇ ਲੇਖਕ ਕਈ ਵੇਰ ਖਿਰ... ਖਿਰ... ਕਰਕੇ ਚਿੜਾਉਂਦੇ ਹਨ ਪਰ ਇਹਨਾਂ ਦੋਹਾਂ ਬੱਕਰੀਆਂ ਨੂੰ ਦਿਲੋਂ ਅਹਿਸਾਸ ਹੈ ਕਿ ਇਹਨਾਂ ਨੇ ਪੰਜਾਬ ਦੇ ਖੇਤਾਂ ਦੀ ਬੇਲ-ਬੂਟੀ ਨਾਲ ਸਾਰੀ ਉਮਰ ਕੁੱਖਾਂ ਕੱਢੀਆਂ ਹਨ ਤੇ ਸ਼ਾਇਦ ਇਸੇ ਅਹਿਸਾਸ ਦਾ ਸਦਕਾ ਹੀ ਹੈ ਕਿ ਪੰਜਾਬ ਦੇ ਵਰਤਮਾਨ ਦੁਖਾਂਤ ਸਮੇਂ ਇਹਨਾਂ

ਮਾਰਕਸਵਾਦੀ ਹੁੰਦੇ ਹੋਏ ਵੀ ਪੰਜਾਬ ਦੇ ਹੱਕ ਵਿਚ ਦਿਲੋਂ ਆਹ ਦਾ ਨਾਅਰਾ ਮਾਰਿਆ ਹੈ। ਇਹਨਾਂ ਦੀ ਵਿਚਾਰਧਾਰਾ ਨਾਲ ਕਿਸੇ ਨੂੰ ਲੱਖ ਮਤਭੇਦ ਹੋਵੇ ਪਰ ਘੱਟੋ-ਘੱਟ ਇਹ ਉਹਨਾਂ ਧਾਰਮਿਕ ਲੀਡਰਾਂ ਤੇ ਨਿਪੁੰਸਕ-ਲੇਖਕਾਂ ਤੋਂ ਤਾਂ ਸੌ ਦਰਜੇ ਚੰਗੇ ਹਨ, ਜਿਹਨਾਂ ਧਰਮ, ਕੌਮ ਤੇ ਬੋਲੀ ਦੀ ਖੱਟਿਆ ਖਾ ਕੇ ਅਜੇ ਤੱਕ ਮੂੰਹ ਵਿਚ ਘੁੰਗਣੀਆਂ ਪਾਈਆਂ ਹੋਈਆਂ ਹਨ।

ਰਾਤੀਂ ਅਸੀਂ ਰੋਟੀ ਖਾ ਕੇ ਇਕੋ ਰਜਾਈ ਵਿਚ ਬਹਿ ਗਏ। ਸਵੇਰੇ ਸਾਹਜਰੇ ਉਸ ਨੇ ਉਡਾਰੀ ਮਾਰ ਜਾਣੀ ਸੀ। ਮੈਨੂੰ ਇਸ ਰਾਤ ਦਾ ਲਾਹਾ ਸੀ। ਖ਼ਬਰੇ ਫੇਰ ਕਿੰਨੇ ਵਰ੍ਹਿਆਂ ਬਾਅਦ ਮਿਲੀਏ ਵੀ ਕਿ ਨਾ! ਪਾਠਕਾਂ ਨੂੰ ਮੈਂ ਉਸ ਦੇ ਜੀਵਨ ਤੇ ਰਚਨਾ ਦੀ ਜਾਣਕਾਰੀ ਪਹੁੰਚਾਣਾ ਚਾਹੁੰਦਾ ਸਾਂ। ਮੈਂ ਪੁੱਛਣਾ ਸ਼ੁਰੂ ਕੀਤਾ :

? ਕੁਝ ਬਚਪਨ, ਪ੍ਰਵਾਰਿਕ ਪਿਛੋਕੜ ਤੇ ਜੀਵਨ ਬਾਰੇ!

- ਮੇਰਾ ਜਨਮ 1919 ਦਾ ਐ। ਪੰਜ-ਛੇ ਸਾਲ ਦਾ ਸੀ ਜਦੋਂ ਮੇਰੇ ਪਿਤਾ ਸ. ਮਾਹਲਾ ਸਿੰਘ ਗੁਜ਼ਰ ਗਏ। ਮਾਂ ਦਾ ਨਾਂ ਹਰਨਾਮ ਕੌਰ ਸੀ। ਨਾਨਕੇ ਮੇਰੇ ਚੂਹੜ ਚੱਕ ਹਨ। ਅਸੀਂ ਤਿੰਨ ਭੈਣਾਂ ਤੇ ਤਿੰਨ ਭਰਾ ਸਾਂ। ਪ੍ਰਾਇਮਰੀ ਮੈਂ ਪਿੰਡੋਂ ਤੇ ਮਿਡਲ ਚੂਹੜਚੱਕੋਂ ਕਰਕੇ ਮੈਟ੍ਰਿਕ 'ਚ ਦਾਖਲਾ ਭੁਪਿੰਦਰਾ ਖਾਲਸਾ ਸਕੂਲ ਮੋਗੇ ਲਿਆ ਪਰ ਦਸਵੀਂ ਵਿਚਾਲੇ ਛੱਡ ਕੇ ਸੋ੍ਲਵੇਂ ਵਰ੍ਹੇ, 1935 'ਚ ਮਲਾਇਆ ਚਲਾ ਗਿਆ। ਉਥੇ 'ਜਾਗੇ' ਦੀ ਨੌਕਰੀ ਕੀਤੀ। 19 ਸਾਲਾਂ ਦਾ ਸੀ ਜਦੋਂ ਵਾਪਸ ਆ ਗਿਆ। ਆ ਕੇ ਵਾਹੀ ਕੀਤੀ, ਜਿਹੜੀ ਟੁੱਟ ਗਈ ਸੀ। ਘਰ ਦੀ ਹਾਲਤ ਮੰਦੀ ਸੀ। ਕੁਝ ਕਰਜ਼ਾ ਵੀ ਸੀ। ਊਂ ਜ਼ਮੀਨ ਸੀ ਸਾਡੀ ਇਕ ਹਲ਼ ਦੀ 57-58 ਘੁਮਾਂ। ਤਿੰਨ ਵਿਆਹ ਮੈਂ ਹੱਥੀਂ ਕੀਤੇ। ਮੇਰਾ ਵਿਆਹ ਜਿੱਤਵਾਲ ਹੋਇਆ ਮੁਖਤਿਆਰ ਕੌਰ ਨਾਲ। ਸਾਦਾ ਜਿਹਾ, ਅਸੀਂ ਦਸ ਕੁ ਬੰਦੇ ਗਏ ਸੀ। ਜੰਨ ਰਥਾਂ ਤੇ ਗਈ। ਮੈਨੂੰ ਯਾਦ ਐ ਉਸ ਦਿਨ ਬਾਰਸ਼ ਹੁੰਦੀ ਸੀ ਥੋੜ੍ਹੀ-ਥੋੜ੍ਹੀ।

? ਸਾਹਿਤਕਾਰੀ ਦੀ ਚੇਟਕ ਕਿਵੇਂ ਲੱਗੀ? ਇਹ ਅੰਕੁਰ ਕਿਵੇਂ ਫੁੱਟਿਆ ਤੇ ਵੇਲ ਕਿਵੇਂ ਵਧੀ?

- ਮੈਂ ਬਚਪਨ 'ਚ ਹੀਰ ਬੜੀ ਚੰਗੀ ਗਾ ਲੈਂਦਾ ਸੀ। ਬੈਂਤ ਦਾ ਵਜ਼ਨ ਮੇਰੇ ਮਨ 'ਚ ਵਸਿਆ ਸੀ। ਜਦੋਂ ਮਲਾਇਆ ਗਿਆ ਤਾਂ ਓਥੇ ਅਲੋਸਟਾਰ ਸ਼ਹਿਰ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਨ ਦੇ ਜੋੜ-ਮੇਲੇ 'ਤੇ ਤਿੰਨ-ਚਾਰ ਬੰਦਾਂ ਦੀ ਕਵਿਤਾ ਬਣਾ ਕੇ ਹੀਰ ਦੇ ਢੰਗ ਨਾਲ ਪੜ੍ਹੀ ਤਾਂ ਚੰਗੀ ਵਾਹਵਾ ਹੋਈ। ਓਥੇ ਪੁਲਿਸ 'ਚ ਇਕ ਬੰਦਾ ਸੀ ਪੜ੍ਹਿਆ-ਲਿਖਿਆ। ਉਸ ਨੇ ਮੈਨੂੰ ਥਾਪੀ ਦਿੱਤੀ ਤੇ ਆਪਣੇ ਘਰ ਲਿਜਾ ਕੇ 3-4 ਕਿਤਾਬਾਂ ਦਿੱਤੀਆਂ ਤੇ ਕਿਹਾ ਕਿ ਮੇਰੇ ਮਨ 'ਚ ਵੀ ਇਹ ਜਜ਼ਬਾ ਸੀ ਪਰ ਮੈਥੋਂ ਸਾਂਭਿਆ ਨਹੀਂ ਗਿਆ। ਤੂੰ ਪੜ੍ਹੀ ਚੱਲ ਤੇ ਲਿਖਿਆ ਕਰ। ਉਸ ਕੋਲ ਬਹੁਤ ਕਿਤਾਬਾਂ ਸਨ। ਮੈਂ ਜੰਗਲ 'ਚ ਦਸ ਬਾਰਾਂ ਮੀਲ ਦੂਰ



ਰਹਿੰਦਾ ਸਾਂ। ਉਥੋਂ ਆਉਣਾ ਉਸ ਤੋਂ ਕਿਤਾਬਾਂ ਲੈ ਕੇ, ਪੜ੍ਹ ਕੇ ਪਹਿਲੀਆਂ ਉਸ ਨੂੰ ਵਾਪਸ ਕਰ ਜਾਣੀਆਂ। ਰਾਤ ਨੂੰ 'ਜਾਗਾ' ਕਰਕੇ ਦਿਨੇ ਚੀਨਿਆਂ ਦੇ ਕਬਰਸਤਾਨ 'ਚ ਪੜ੍ਹਦੇ ਰਹਿਣਾ। ਉਥੇ ਹੀ ਪਿਆਰ ਦੀਆਂ ਕੁਝ ਪਹਿਲੀਆਂ ਨਜ਼ਮਾਂ ਵੀ ਲਿਖੀਆਂ ਜੋ 'ਸੁਖਜੀਵਨ' - ਮੋਗਾ 'ਚ ਛਪੀਆਂ। ਮੇਰੀ ਸਾਹਿਤਕਾਰੀ ਦਾ ਮੁੱਢ ਅਸਲ 'ਚ ਵਾਰਸ ਦੀ ਹੀਰ ਹੈ।

? ਤੇ ਤੁਹਾਡੀ ਸਾਹਿਤਕ-ਚੰਗਿਆੜੀ ਨੂੰ ਪ੍ਰੇਰਨਾ ਦੀ ਝੱਲ ਮਾਰਨ ਵਾਲੇ ਉਹ ਸੁਹਿਰਦ ਸੱਜਣ?

- ਉਹ ਵਿਅਕਤੀ ਹੈ ਚੰਨਣ ਸਿੰਘ ਭਾਈ ਕੇ ਫਫੜਿਆਂ ਤੋਂ। ਹੁਣ ਉਸ ਦੀ ਉਮਰ ਅੱਸੀ-ਨੱਬੇ ਵਰ੍ਹੇ ਦੀ ਹੈ। ਫੇਰ ਏਧਰ ਆ ਕੇ ਆਪਸ ਵਿਚ ਸਾਡਾ ਚੰਗਾ ਆਉਣ-ਜਾਣ ਰਿਹਾ।

? ਇਹ 'ਕੰਵਲ' ਕਦੋਂ ਕੁ ਨਾਲ ਲਾਇਆ?

- ਇਹ ਵੀ ਉਸੇ ਚੰਨਣ ਸਿੰਘ ਨੇ ਲਾਇਆ। ਉਸ ਨੇ ਮੈਨੂੰ ਪੁੱਛਿਆ ਸ਼ਾਇਰ ਤੇ ਲਿਖਾਰੀ ਆਪਣੇ ਨਾਂ ਨਾਲ ਕੋਈ ਉਪਨਾਮ ਜੋੜਦੇ ਐ - ਤੂੰ ਕਿਉਂ ਨਹੀਂ ਜੋੜਿਆ? ਮੈਂ ਚੁੱਪ ਰਿਹਾ। ਲੈ ਫੇਰ ਅੱਜ ਤੋਂ ਤੇਰਾ ਨਾਂ 'ਕੰਵਲ' ਐ। ਉਦੋਂ ਦਾ ਜੁੜਿਆ ਇਹ 'ਕੰਵਲ' ਅੱਜ ਨਾਲੋਂ ਲਹਿੰਦੈ!

? ਦੇਸ ਆ ਕੇ ਪੜ੍ਹਨ ਲਿਖਣ ਦਾ ਸਿਲਸਿਲਾ ਕਿਵੇਂ ਰਿਹਾ?

- ਜਦੋਂ ਵਾਪਸ ਆਇਆ ਤਾਂ ਸਾਹਿਤ ਪੜ੍ਹਨ ਦਾ ਸ਼ੌਕ ਭਾਰੂ ਸੀ। ਜਦੋਂ ਵਿਹਲ ਮਿਲਣਾ ਮੋਗੇ ਤੋਂ ਮਾਲਵਾ ਬੱਸ ਫੜਨੀ, ਜਿਹੜੀ ਬਰਾਸਤਾ ਪੱਟੀ, ਕਸੂਰ, ਲਲ੍ਹਿਆਣੀ ਰਾਹੀਂ ਸਿੱਧੀ ਲਾਹੌਰ ਜਾਂਦੀ ਸੀ। ਕਿਰਾਇਆ ਹੁੰਦਾ ਸੀ ਉਦੋਂ ਮੋਗਿਓਂ ਲਾਹੌਰ ਦਾ 14 ਆਨੇ ਤੇ ਜਿੱਤਵਾਲੋਂ ਮੋਗੇ ਦਾ ਦੁਆਨੀ। ਇਉਂ ਫੇਰ ਪੜ੍ਹਨ ਲਈ ਕਿਤਾਬਾਂ ਉਥੋਂ ਲੈ ਆਉਣੀਆਂ। ਉਹਨੀਂ ਦਿਨੀਂ ਨਿਊਯਾਰਕ ਦੇ ਇਕ ਫ਼ਲਸਤੀਨੀ ਚਿੱਤਰਕਾਰ ਤੇ ਲੇਖਕ ਦੀ ਇਕ ਰਚਨਾ 'ਪਾਗ਼ਲ' ਪੜ੍ਹੀ ਜਿਸ 'ਚ ਕੁਝ ਖਿਆਲ ਸਨ ਤੇ ਵੀਹ ਕੁ ਸਾਲਾਂ ਦੇ ਨੇ ਉਸ ਤੋਂ ਪ੍ਰਭਾਵਿਤ ਹੋ ਕੇ ਮੈਂ ਕੁਝ ਖਿਆਲ ਲਿਖੇ। ਹਰਨਾਮ ਸਿੰਘ ਐਂਡ ਸੰਨਜ਼ ਅੰਮ੍ਰਿਤਸਰ ਨੂੰ ਵਿਖਾਏ। ਉਹਨਾਂ ਅੱਗੇ ਸੁਜਾਨ ਸਿੰਘ ਨੂੰ ਵਿਖਾਏ ਤਾਂ ਉਹਨੇ ਕਿਹਾ ਕਿ ਇਹ ਛਪਣੇ ਚਾਹੀਦੇ ਹਨ। ਫੇਰ ਮੈਂ ਇਹ ਮਿਨਰਵਾ ਪ੍ਰੈਸ ਅੰਮ੍ਰਿਤਸਰ ਛਪਣੇ ਦਿੱਤੇ ਪਰ ਮਗਰੋਂ ਸਿੰਘ ਬ੍ਰਦਰਜ਼, ਅਨਾਰਕਲੀ ਬਾਜ਼ਾਰ ਲਾਹੌਰ ਵਾਲਿਆਂ ਨੇ ਛਾਪੇ 'ਜੀਵਨ-ਕਣੀਆਂ' ਦੇ ਨਾਂ ਥੱਲੇ। ਇਸ ਪਹਿਲੀ ਕਿਤਾਬ ਦੇ ਮੈਨੂੰ 60 ਰੁਪਏ ਤੇ ਪੰਜ ਕਿਤਾਬਾਂ ਮਿਲੀਆਂ। ਇਸ ਤੋਂ ਮਗਰੋਂ ਹਰਨਾਮ ਸਿੰਘ ਨੇ ਕਿਹਾ ਤੇਰੀ ਜ਼ਬਾਨ ਨਾਵਲ ਵਾਲੀ ਐ, ਤੂੰ ਨਾਵਲ ਲਿਖ ਸਕਦੈਂ। ਮੈਂ ਕਿਹਾ - ਮੈਂ ਤਾਂ ਕਦੇ ਇਸ ਤਰ੍ਹਾਂ ਦਾ ਕੁਝ ਲਿਖਿਆ ਨਹੀਂ। ਉਸ ਨੇ ਕਿਹਾ - ਕਿਹੜਾ ਪਹਿਲਾਂ ਸਾਰੇ ਲਿਖਦੇ ਈ ਆਉਂਦੇ ਐ। ਤੂੰ ਪੰਜਾਬ ਦੇ ਮਾਹੌਲ ਤੇ ਕੋਈ ਕਹਾਣੀ

ਘੜ ਤੇ ਚੰਗੇ ਨਾਵਲ ਪਹਿਲੋਂ ਪੜ੍ਹ ਕੇ ਨਾਵਲ ਲਿਖ। ਉਸਦੀ ਪ੍ਰੇਰਨਾ ਤੇ ਮੈਂ ਵਿਕਟਰ ਹਿਊਗੋ, ਹਾਰਡੀ ਤੇ ਮੈਰੀ ਸਕਾਟ ਦੇ ਕੁਝ ਤੇ ਕੁਝ ਨਾਨਕ ਸਿੰਘ ਦੇ ਨਾਵਲ ਪੜ੍ਹੇ, ਜਿਹਨਾਂ 'ਚੋਂ ਮੈਨੂੰ ਉਸਦਾ 'ਚਿੱਟਾ ਲਹੂ' ਈ ਚੰਗਾ ਲੱਗਿਆ। ਇਸ ਸਮੇਂ ਮੈਨੂੰ ਨਾਵਲ-ਕਲਾ ਬਾਰੇ ਬਹੁਤਾ ਗਿਆਨ ਨਹੀਂ ਸੀ। ਫੇਰ ਮਿੰਟਗੁਮਰੀ ਨਾਨਕਿਆਂ ਦੇ ਮੁਰੱਬਿਆਂ ਤੇ ਗਏ ਨੂੰ ਕਤਲ 'ਚ ਫੜੇ ਇਕ ਬੇਗੁਨਾਹ ਮੁੰਡੇ ਦਾ ਪਲਾਟ ਮਿਲਣ ਤੇ 1943 'ਚ 'ਸੱਚ ਨੂੰ ਫਾਂਸੀ' ਲਿਖਿਆ, ਜਿਸ ਦੇ ਮੈਨੂੰ 80 ਰੁਪਏ ਤੇ 5-4 ਕਿਤਾਬਾਂ ਮਿਲੀਆਂ।

? ਸ਼੍ਰੋਮਣੀ ਕਮੇਟੀ 'ਚ ਵੀ ਕੁਝ ਦੇਰ ਨੌਕਰੀ ਕੀਤੀ ਸੀ ਨਾ ਤੁਸੀਂ।

- ਹਾਂ! ਇਹਨਾਂ ਈ ਦਿਨਾਂ 'ਚ ਜਥੇਦਾਰ ਮੋਹਨ ਸਿੰਘ ਨਾਗੋਕੇ ਨੇ ਸੱਦ ਕੇ ਮੈਨੂੰ ਸ਼੍ਰੋਮਣੀ ਕਮੇਟੀ 'ਚ ਕਲਰਕੀ ਦੀ ਨੌਕਰੀ ਦੇ ਦਿੱਤੀ ਤੇ ਕਿਹਾ ਕਿ ਇੱਥੇ ਗੁਰੂ ਰਾਮਦਾਸ ਲਾਇਬ੍ਰੇਰੀ ਵੀ ਹੈ। ਤੂੰ ਏਥੇ ਪੜ੍ਹ ਕੇ ਚੰਗਾ ਲੇਖਕ ਬਣ। ਤੇਜਾ ਸਿੰਘ ਸਮੁੰਦਰੀ ਹਾਲ ਦੀ ਦੂਜੀ ਛੱਤ 'ਤੇ ਖੂੰਜੇ 'ਚ ਕਮਰਾ ਵੀ ਦੇ ਦਿੱਤਾ ਤੇ ਏਥੇ ਪੜ੍ਹਨ ਦਾ ਮੌਕਾ ਵੀ ਮਿਲਦਾ ਰਿਹਾ। ਉਹਨੀਂ ਦਿਨੀਂ ਮੇਰੇ ਤੇ ਕਾਰਲ ਮਾਰਕਸ ਤੇ ਫਰਾਂਸੀਸੀ ਲੇਖਕਾਂ ਦਾ ਪ੍ਰਭਾਵ ਸੀ। ਫੇਰ ਦੋ ਸਾਲ ਇਥੇ ਰਹਿ ਕੇ ਮੈਂ ਅਸਤੀਫਾ ਦੇ ਦਿੱਤਾ ਪਰ ਉਥੇ ਇਸ ਸਮੇਂ ਮੈਂ ਨਾਵਲ 'ਪਾਲੀ' ਲਿਖਿਆ ਜਿਸ ਨੂੰ ਹਰਨਾਮ ਸਿੰਘ ਨੇ ਛਾਪਿਆ। ਇਹ ਨਾਵਲ ਪੜ੍ਹ ਕੇ ਇਥੇ ਮੈਨੂੰ ਲੋਕ ਮਿਲਣ ਆਉਣ ਲੱਗ ਪਏ, ਵਈ ਨਰਮ ਜਿਹੇ ਮੁੰਡੇ ਨੇ ਆਹ ਨਾਵਲ ਲਿਖਿਐ। ਜਾਣੀਂ ਵਾਹਵਾ ਤਰਥੱਲੀ ਜਿਹੀ ਪਈ। ਇਹਨੀਂ ਦਿਨੀਂ ਹੀ ਮੈਂ ਇਥੇ ਨਾਨਕ ਸਿੰਘ ਨੂੰ ਜਾ ਕੇ ਮਿਲਿਆ। ਉਸਨੇ ਮੇਰਾ ਇਹ ਨਾਵਲ ਪੜ੍ਹ ਕੇ ਮੈਨੂੰ ਸ਼ਾਬਾਸ਼ ਦਿੱਤੀ। ਸੰਤਾਲੀ 'ਚ ਇਹ ਨੌਕਰੀ ਮੈਂ ਛੱਡ ਦਿੱਤੀ ਪਰ ਉਹਨਾਂ ਮੈਨੂੰ ਫੇਰ ਬੁਲਾ ਲਿਆ। ਫੇਰ ਵੀ ਮੈਂ 5-4 ਮਹੀਨੇ ਕਰਕੇ ਛੱਡ ਦਿੱਤੀ। ਇੱਥੇ ਮੈਂ ਤੇ ਮੁਖਤਿਆਰ ਕੌਰ ਇਕ ਛੋਟੇ ਜਿਹੇ ਚੁਬਾਰੇ 'ਚ 7-8 ਮਹੀਨੇ ਰਹੇ। ਇਸ ਸ਼ਹਿਰ ਨੇ ਮੈਨੂੰ ਜ਼ੁਕਾਮ ਦੀ ਬਿਮਾਰੀ ਦਿੱਤੀ।

? ਇੱਥੇ ਕੁਝ ਲੇਖਕਾਂ ਨਾਲ ਵੀ ਮੇਲ-ਜੋਲ ਹੋਇਆ ਹੋਊ?

- ਹਾਂ, ਬਾਵਾ, ਸੁਜਾਨ ਸਿੰਘ ਤੇ ਈਸ਼ਵਰ ਚਿੱਤਰਕਾਰ ਵਗੈਰਾ ਨਾਲ। ਗਿਆਨੀ ਸ਼ਾਦੀ ਸਿੰਘ ਨਾਲ ਮੇਰੀ ਇੱਥੇ ਹੀ ਦੋਸਤੀ ਹੋਈ।

? ਇਸ ਤੋਂ ਮਗਰੋਂ ਲਿਖਣ ਦੇ ਸਿਲਸਿਲੇ ਬਾਰੇ?

- ਫੇਰ ਸੰਤਾਲੀ ਦੇ ਫਸਾਦਾਂ ਮਗਰੋਂ ਡੇਢ ਕੁ ਸਾਲ ਦਿਮਾਗ ਸੁੰਨ ਜਿਹਾ ਰਿਹਾ। ਕੁਝ ਨਾ ਲਿਖਿਆ। ਇਸ ਸਮੇਂ ਮਾਰਕਸਵਾਦੀ ਵਿਚਾਰ ਹੋਰ ਪੱਕੇ ਹੋਏ ਸਟਾਲਿਨ ਦੀ ਅਮਨ ਲਹਿਰ 'ਚ ਕੰਮ ਕੀਤਾ ਪਰ ਅੱਜ ਤੱਕ ਮੈਂ ਕਿਸੇ ਪਾਰਟੀ ਦਾ ਮੈਂਬਰ ਨਹੀਂ ਬਣਿਆ। ਫੇਰ ਮਨ ਬਣਿਆ ਵਈ ਜਿਹਨਾਂ ਲੋਕਾਂ ਬਾਰੇ ਲਿਖਣੈਂ, ਉਹਨਾਂ 'ਚ ਹੀ ਰਹਿਣਾ ਚਾਹੀਦੈ। ਤਦੇ ਪਿੰਡ ਰਹਿਣਾ ਸ਼ੁਰੂ ਕੀਤਾ।



? ਹਾਂ ਸੱਚ! ਪਿੰਡ ਰਹਿਣ ਤੋਂ ਗੱਲ ਯਾਦ ਆ ਗਈ ਫੇਰ ਭੁੱਲ ਨਾ ਜਾਵੇ। ਤੁਸੀਂ ਪਿੰਡ ਦੀ ਸਰਪੰਚੀ ਕੀਤੀ ਐ - ਇਹ ਕਿਵੇਂ ਰਹੀ?

- ਸਰਪੰਚੀ ਬਹੁਤ ਵਰ੍ਹੇ ਕੀਤੀ। ਰਹੀ ਵੀ ਕਾਮਯਾਬ। ਪੰਦਰਾਂ ਕੁ ਵਰ੍ਹੇ ਮੈਂ ਸਰਪੰਚ ਰਿਹਾ। ਪਹਿਲੀ ਵੇਰ 55 ਤੋਂ 60 ਤੱਕ। ਵਿਚ ਇਕ ਗੈਪ ਪਿਆ ਦੂਜੀ ਵੇਰ ਫਿਰ 9-10 ਵਰ੍ਹੇ। ਮੇਰੀ ਪੰਚਾਇਤ ਦੂਜੀ ਟਰਮ ਵੇਲੇ ਆਲ ਇੰਡੀਆ 'ਚੋਂ ਤੀਜੇ ਨੰਬਰ ਤੇ ਆਈ ਤੇ ਪੰਜਾਬ 'ਚੋਂ ਫਸਟ ਰਹੀ। ਪਿੰਡ 'ਚ ਕਾਲਜ ਵੀ ਮੇਰੇ ਅਹਦ ਵੇਲੇ ਬਣਿਆ। ਬਹੁਤਾ ਡਿਵੈਲਪਮੈਂਟ ਦਾ ਕੰਮ ਵੀ ਮੇਰੇ ਅਹਦ ਵੇਲੇ ਈ ਹੋਇਆ। ਜਾਣੀਂ ਕੰਮ ਜਿਸ ਢੰਗ ਨਾਲ ਕੀਤੇ, ਕਰਵਾਏ, ਇਸ ਦੇ ਮੇਰੀ ਪੰਚਾਇਤ ਨੂੰ ਇਨਾਮ-ਅਨੂਮ ਵੀ ਮਿਲੇ।

? ਫੇਰ ਓਹੀ ਲੜੀ ਅੱਗੇ ਤੋਰੀਏ। ਨਾਵਲ-ਖੇਤਰ ਦੀ ਸਰਪੰਚੀ 'ਚ ਅੱਗੇ ਕਿਹੜੀਆਂ-ਕਿਹੜੀਆਂ ਮੱਲਾਂ ਮਾਰੀਆਂ?

- ਫੇਰ 'ਹਾਣੀ', 'ਰਾਤ ਬਾਕੀ ਹੈ', 'ਸਿਵਲ ਲਾਈਨਜ਼', 'ਜੰਗਲ ਦੇ ਸ਼ੇਰ', 'ਮਿੱਤਰ ਪਿਆਰੇ ਨੂੰ', 'ਬਰਫ਼ ਦੀ ਅੱਗ', 'ਲਹੂ ਦੀ ਲੋਅ', 'ਐਨਿਆਂ 'ਚੋਂ ਉੱਠੋ ਕੋਈ ਸੂਰਮਾ', 'ਸੂਰਮੇ' ਫੇਰ 'ਜਿੱਤਨਾਮਾ' ਤੇ 'ਗੁਆਚੀ ਪੱਗ' ਵਗੈਰਾ ਲਿਖੀਆਂ।

? ਹੁਣ ਅੱਗੇ ਕੀ ਲਿਖਣ ਦਾ ਸੰਕਲਪ ਹੈ?

- ਹੁਣ ਮੈਂ ਐਸ ਲਹਿਰ (ਸਿੱਖ ਸੰਘਰਸ਼) ਬਾਰੇ ਨਾਵਲ ਲਿਖਣਾ ਚਾਹੁੰਨਾਂ।

? ਸਾਹਿਤ-ਸਭਾਵਾਂ ਪ੍ਰਤੀ ਤੁਹਾਡਾ ਕੋਈ ਰੋਲ!

- ਕੇਂਦਰੀ ਲੇਖਕ ਸਭਾ ਦੇ, ਮੈਂ ਤੇ ਹੀਰਾ ਸਿੰਘ ਦਰਦ ਮੋਢੀ ਸਾਂ। ਦੂਜੇ ਲੇਖਕ ਮਗਰੋਂ ਆ ਕੇ ਸਰਗਰਮ ਹੋਏ। ਇਸ ਤੋਂ ਬਿਨਾਂ, ਖਾਸਕਰ ਮੋਗਾ ਤੇ ਕੁਝ ਮੁਕਤਸਰ ਸਾਹਿਤ-ਸਭਾਵਾਂ ਨਾਲ ਸਬੰਧਤ ਰਿਹਾਂ।

? ਤੁਹਾਡੀ ਸਭ ਤੋਂ ਵਧੀਆ ਰਚਨਾ ਕਿਹੜੀ ਐ?

- 'ਮਿੱਤਰ ਪਿਆਰੇ ਨੂੰ' (ਥੋੜ੍ਹਾ ਰੁਕ ਕੇ!) ਅਸਲ 'ਚ ਇਸ ਵਿਚ ਮੇਰਾ ਤੇ ਉਹਦਾ (?) ਦਿਲ ਧੜਕਦੈ।

? ਬੰਦਾ ਭੁੱਲਣਹਾਰ ਹੈ। ਮਨੁੱਖ ਤੋਂ ਚੜ੍ਹਦੀ ਉਮਰ 'ਚ ਅਕਸਰ ਕੋਈ ਗ਼ਲਤੀ ਹੋ ਜਾਂਦੀ ਹੈ। ਲੇਖਕ ਮਨ! ਉੱਡਦੀ ਉਮਰ!! ਮਲਾਇਆ ਦਾ ਮਾਹੌਲ!!! ਕੋਈ ਪੇਚਾ ਪਿਆ?

- ਹਾਂ! ਇਕ ਛੋਟਾ ਜਿਹਾ!!

ਤੇ ਫਿਰ ਕੰਵਲ ਨੇ ਮੈਨੂੰ ਇਕ ਮਦਰਾਸੀ ਮੁਸਲਮਾਨ ਦੀ ਤੀਵੀਂ ਮੀਨਾ ਨਾਲ ਅੱਲੜ੍ਹ-ਉਮਰ 'ਚ ਹੋਏ ਆਪਣੇ ਅੱਖ-ਮਟੱਕੇ ਦੀ ਕਹਾਣੀ ਦੱਸੀ ਕਿ ਕਿਵੇਂ ਚਾਹ ਦੀ ਦੁਕਾਨ ਵਾਲੀ ਮੀਨਾ ਨੇ ਉਸ ਨੂੰ ਅੰਦਰ ਸੱਦ ਕੇ ਹੱਥੀਂ ਕੌਫ਼ੀ ਬਣਾ ਕੇ ਮੁਫ਼ਤ ਪਿਆਈ ਤੇ ਮਗਰੋਂ ਇਹ ਲਟਕ ਅੱਗੇ ਚਲਦੀ ਰਹੀ। ਫਿਰ ਉਸ ਨੇ

ਦੱਸਿਆ - ਜੁਮੇ ਦੇ ਮੇਲੇ ਦੀ ਰਾਤ ਉਹ ਅੰਦਰ ਸਮੋਸੇ ਵਗੈਰਾ ਬਣਾਉਂਦੀ ਸੀ। ਅੰਦਰ ਉਹਨਾਂ ਦੇ ਗੈਸ ਜਗਦਾ ਸੀ। ਰੌਸ਼ਨੀ ਇਹਦੀ ਜਿਹੜੀ ਸੀ, ਬਾਹਰ ਸੜਕ ਤੱਕ ਆਉਂਦੀ ਸੀ ਤੇ ਚਾਰ-ਚੁਫੇਰੇ ਰਬੜ ਦੇ ਦਰਖਤ ਸੀ। ਮੈਂ ਜਦ ਬਾਰ ਮੂਹਰ ਦੀ ਲੰਘਿਆ ਤਾਂ ਉਸਨੇ ਮੈਨੂੰ ਦੇਖ ਲਿਆ। ਮੈਂ ਵੀ ਉਸ ਨੂੰ ਦੇਖ ਲਿਆ। ਉਸਨੇ ਬਾਰ 'ਚ ਨਿਕਲ ਕੇ ਇਕ ਪਾਸੇ ਦਾ ਤਖਤਾ ਢੋਅ ਲਿਆ। ਫੇਰ ਮੈਨੂੰ ਅੰਦਰ ਸੱਦ ਲਿਆ। ਉਹ ਮੈਨੂੰ ਖਿੱਚੇ, ਮੈਂ ਆਪਣਾ ਆਪ ਛੁਡਾਵਾਂ। ਛੁਡਾਉਂਦਿਆਂ ਤੋਂ ਮੇਰੀ ਟਾਰਚ ਮੇਰੇ ਬੁੱਲ੍ਹਾਂ 'ਤੇ ਵੱਜੀ। ਮੈਂ ਧੱਕ ਕੇ ਉਹਨੂੰ ਪਰ੍ਹਾਂ ਕਰਤਾ। ਉਸ ਨੇ ਅੰਦਰ ਵੜ ਕੇ ਬਾਰ ਲਾ ਲਿਆ। ਓਥੇ ਮਾਝੇ ਦਾ ਇਕ ਬੰਦਾ ਸੀ ਗਿਆਨ ਸਿੰਘ, ਉਹਨੂੰ ਜਦ ਮੈਂ ਸਾਰੀ ਗੱਲ ਦੱਸੀ ਤਾਂ ਉਹ ਕਹੇ ਵਈ ਤੇਰੇ ਵਰਗਾ ਬੰਦਾ ਈ ਬੇਵਕੂਫ਼ ਕੋਈ ਨਹੀਂ। ਮੈਂ ਸੁਣਿਆ ਸੀ ਵਈ ਇਉਂ ਬਿਮਾਰੀਆਂ-ਬਮੂਰੀਆਂ ਲੱਗ ਜਾਂਦੀਐਂ। ਮੇਰੇ ਮਨ 'ਚ ਉਹਦੀ ਗੱਲ ਸੁਣਕੇ ਬੜਾ ਪਸ਼ਚਾਤਾਪ ਲੱਗਾ ਵਈ ਮੈਂ ਚੰਗਾ ਨੀਂ ਕੀਤਾ। ਸਵੇਰੇ ਉਹਨੂੰ ਮਨਾਊਂ, ਕੋਸ਼ਿਸ਼ ਕਰੂੰ! ਅਗਲੇ ਦਿਨ ਪਤਾ ਲੱਗਾ ਵਈ ਉਹ ਤੜਕੇ ਆਪਣੇ ਘਰ ਵਾਲੇ ਨੂੰ ਵੀ ਛੱਡਕੇ ਭੱਜ ਗਈ ਸੀ!!

ਤੇ ਇਉਂ ਕਾਕੇ ਜਸਵੰਤ ਸਿੰਹੁ ਨੇ ਨਾ ਸਿਰਫ਼ ਆਪਣਾ ਬੁੱਲ੍ਹ ਹੀ ਭਨਾ ਲਿਆ ਸੀ ਸਗੋਂ ਵਿਚਾਰੇ ਮਦਰਾਸੀ ਦਾ ਵੀ ਸਾਰਾ ਜੁਗਾੜ ਪੱਟ ਦਿੱਤਾ ਸੀ।

ਅੱਲ੍ਹੜ ਉਮਰ 'ਚ ਓਦੋਂ ਕੰਵਲ ਨੂੰ ਮੀਨਾ ਦੇ ਚਲੇ ਜਾਣ ਦਾ ਪਛਤਾਵਾ ਸੀ ਤੇ ਹੁਣ ਇਸ ਉਮਰ 'ਚ ਕੁਝ ਦਿਨਾਂ ਲਈ ਅਮਰੀਕਾ ਆਏ ਨੂੰ ਉਸ ਨੂੰ ਪਿੱਛੇ ਆਪਣੀ 'ਮਿਰਚ' ਸੁੱਕ ਜਾਣ ਦਾ ਫਿਕਰ ਸੀ। ਉਸ ਦੀ ਇਹ ਮਿਰਚ ਕੌਣ ਹੈ? ਕੰਵਲ ਜਾਂਦਾ ਹੋਇਆ ਪਾਠਕਾਂ ਨੂੰ ਇਹ ਦੱਸਣ ਤੋਂ ਮੇਰਾ ਮੂੰਹ ਬੰਨ੍ਹ ਗਿਆ ਹੈ। ਜੇ ਕੋਈ ਪਾਠਕ ਅਜੇ ਵੀ ਜਾਨਣਾ ਚਾਹੇ ਤਾਂ ਉਸਦਾ ਨਾਵਲ 'ਮਿੱਤਰ ਪਿਆਰੇ ਨੂੰ' ਪੜ੍ਹ ਲਵੇ। ਆਪਾਂ ਇਸ ਹਿਸਾਬ-ਕਿਤਾਬ 'ਚੋਂ ਕੀ ਲੈਣੈ?

ਰਾਤ ਥੋੜ੍ਹੀ ਬਾਕੀ ਸੀ। ਸਵੇਰੇ ਉਸ ਨੇ ਚਲੇ ਜਾਣਾ ਸੀ। ਅਸੀਂ ਸੌਂ ਗਏ। ਮੂੰਹ-ਹਨ੍ਹੇਰੇ ਅਸੀਂ ਚੱਲੇ। ਰਾਹ 'ਚ 'ਜਾਗੋ' ਬਾਰੇ ਪਾਕਿਸਤਾਨੀ ਪੰਜਾਬੀ ਲੇਖਕਾਂ ਬਾਰੇ ਤੇ ਹੋਰ ਨਿੱਕੀਆਂ-ਧੀਮੀਆਂ ਗੱਲਾਂ ਤੇ ਹੂੰ-ਹਾਂ ਹੁੰਦੀ ਰਹੀ।... ਤੇ ਫਿਰ ਸਨਫਰਾਂਸਿਸਕੋ ਏਅਰਪੋਰਟ ਤੇ ਟਰਾਂਟੋ ਜਾਣ ਵਾਲੇ ਜਹਾਜ਼ ਦੀਆਂ ਓਪਰੀਆਂ ਜਿਹੀਆਂ ਸਵਾਰੀਆਂ ਸਨ ਜਿਹਨਾਂ ਨੂੰ ਮੈਂ ਉਸ ਦੀ ਬਾਂਹ ਫੜਾ ਆਇਆ। ਵਾਪਸੀ ਤੇ ਉਦਾਸੀ ਦੀ ਧੁੰਦ ਵਿਚ ਡਰਾਈਵ ਕਰਦਿਆਂ ਫਿਰ ਅੱਜ ਮੈਨੂੰ ਗਿਆਨੀ ਵਾਲੀ ਬੀਬੀ ਦੇ ਸ਼ਬਦ ਯਾਦ ਆ ਰਹੇ ਸਨ।

(1989)

➢➢➢



# ਉੱਠ ਗਏ ਗਵਾਂਢੋਂ ਯਾਰ!

**(ਤੁਰ ਗਏ ਤਰਸੇਮ ਪੁਰੇਵਾਲ ਦੇ ਨਾਂ...)**

ਹੁਣ ਜਦੋਂ ਵੀ ਕਦੇ ਇੰਗਲੈਂਡ ਜਾਇਆ ਕਰਾਂਗੇ,
ਲੰਡਨ ਲੰਡਨ ਵਰਗਾ ਨਹੀਂ ਲੱਗਣਾ!
ਉਦਾਸ-ਉਦਾਸ ਫਿੱਕਾ ਫਿੱਕਾ ਲੱਗਿਆ ਕਰੇਗਾ
ਮਸਰੀ ਦੀ ਅਣਤੜਕੀ ਦਾਲ ਵਰਗਾ
ਜਿਸ 'ਚ ਪੁਰੇਵਾਲ ਵਰਗਾ ਮਸਾਲਾ ਨਾ ਹੋਵੇ!!
ਉਹ ਮੇਰਾ ਮਸਾਲੇ ਵਰਗਾ ਯਾਰ ਸੀ!
ਇਕ ਵਾਵਰੋਲੇ ਵਰਗਾ ਯਾਰ ਸੀ!
ਇਕ ਵਾਵਰੋਲੇ ਵਰਗਾ ਪੱਤਰਕਾਰ ਸੀ!
ਪੰਜਾਬੀ ਦਾ ਕੋਈ ਵਾਰਸ ਕੂਕਦਾ ਹੈ -
'ਸਾਰੇ ਮੂੰਹ-ਮੁਲਾਹਜ਼ੇ ਹਨ ਜਿਉਂਦਿਆਂ ਦੇ
ਮਰਿਆਂ ਹੋਇਆਂ ਨੂੰ ਹਰ ਕੋਈ ਵਿਸਾਰ ਦਿੰਦਾ।'
ਪਰ ਜ਼ਿੰਦਗੀ ਦਾ ਸੱਚ ਇਸ ਤੋਂ ਵੀ ਇਕ ਰਤਾ ਉੱਚਾ ਹੈ।
ਜਿਉਂਦਿਆਂ ਨਾਲੋਂ ਟੁਰ ਗਏ ਸਗੋਂ ਹੋਰ ਸੁਹਣੇਰੇ ਲਗਦੇ ਹਨ।
ਪੁਰੇਵਾਲ ਹੁਣ ਮੈਨੂੰ ਪਹਿਲਾਂ ਨਾਲੋਂ ਵਧੇਰੇ ਸੁਨੱਖਾ ਲਗਦਾ ਹੈ।
ਉਸਦੀ ਲਾਲ ਪੱਗ ਹੋਰ ਰੱਤੀ ਲਗਦੀ ਹੈ।
ਉਸਦੇ ਸੈਂਡਲ ਹੁਣ ਸੱਜਰੇ ਪਾਲਸ਼ ਕੀਤੇ ਲਗਦੇ ਹਨ।
ਜੋ ਪਹਿਲਾਂ ਸਦਾ ਨਹੀਂ ਸਨ ਹੁੰਦੇ!
ਜਿਸ ਰਾਤੀ ਉਸਦੀ ਮੌਤ ਦੀ ਖ਼ਬਰ ਸੁਣੀ
ਮੈਂ ਇਕ ਬਿਜਲੀ ਦੇ ਝਟਕੇ ਨਾਲ ਝਟਕਿਆ ਗਿਆ।
ਮੂੰਹ ਉੱਤੇ ਰਜਾਈ ਖਿੱਚ ਸਾਲਾਂ ਦੀਆਂ ਟਿੰਡਾਂ ਤੇ ਪੱਬ ਧਰਦਾ
ਮੈਂ ਅਤੀਤ ਦੇ ਖੂਹ ਵਿਚ ਉੱਤਰ ਗਿਆ!
ਕੌਣ ਸਾਲ ਤੇ ਕੌਣ ਮਹੀਨਾ? ਇਸਦਾ ਨਹੀਂ ਖਿਆਲ!
ਇਕ ਦੁਪਹਿਰ ਬੂਹੀਂ ਪਹੁੰਚਾ ਇਕ ਭਾਰੀ ਅਖ਼ਬਾਰ!
ਐਡਰੈੱਸ ਵਾਲਾ ਪਟਾ ਪਾੜ ਅਖਬਾਰ ਖੋਹਲੀ
ਤਾਂ ਇਹ 'ਦੇਸ-ਪ੍ਰਦੇਸ' ਸੀ ਇੰਗਲੈਂਡ ਤੋਂ ਨਿਕਲਦਾ ਕੋਈ ਪਰਚਾ।
ਜਿਸ ਦੇ ਟਾਈਟਲ-ਪੇਜ਼ ਤੇ

ਹੂਰ ਜਿਹੀ ਕੁੜੀ ਦੀ ਮੀਂਹ 'ਚ ਭਿੱਜਦੀ ਦੀ ਤਸਵੀਰ ਸੀ
ਤੇ ਹੇਠਾਂ ਸ਼ਰਾਬ ਨਾਲ ਲਿਖੇ ਹਰਫ਼ਾਂ ਦੀ ਕੈਪਸ਼ਨ।
ਦੂਸਰੇ ਪੰਨੇ 'ਚ ਮੇਰੇ ਨਾਂ ਦਾ ਇਕ ਖ਼ਤ ਸੀ
ਜਿਸ 'ਚ ਰਚਨਾਵਾਂ ਭੇਜਣ ਦੀ ਤਾਕੀਦ ਸੀ
ਕਿਸੇ ਪੁਰੇਵਾਲ ਨੂੰ ਮੈਂ ਉਦੋਂ ਜਾਣਦਾ ਵੀ ਨਾ ਸਾਂ।
ਪਰ ਪੁਰੇਵਾਲ ਨੂੰ
ਆਪਣੇ ਕੰਮ ਦੇ ਬੰਦਿਆਂ ਦਾ ਖੁਰਾ ਖੋਜ ਲੈਣ ਦੀ ਅਜਬ ਸੂਝ ਸੀ!
ਉਸ ਸਮੇਂ ਤੋਂ ਲੈ ਕੇ ਬਹੁਤ ਅਰਸਾ
ਮੈਂ ਜੋ ਕੁਝ ਉਸਨੂੰ ਭੇਜਿਆ ਉਸਨੇ ਆਦਤਨ,
ਸਮੇਤ ਮੇਰੇ ਖਤਾਂ ਦੇ ਉਸਨੂੰ ਏਨੀ ਰੀਝ ਨਾਲ ਛਾਪਿਆ
ਜਿਵੇਹਾ ਕਦੇ ਕਿਸੇ ਨੇ ਛਾਪਿਆ ਨਾ ਸੀ!
ਇੰਝ ਅਸੀਂ ਇਕ ਦੂਸਰੇ ਵੱਲ ਸਰਕਦੇ
ਇਕ ਦੂਸਰੇ ਦੇ ਨੇੜ-ਨੇੜ ਹੋ ਗਏ!
ਦਰਅਸਲ ਸਾਨੂੰ ਮਿਲਾਉਣ ਵਾਲਾ ਇਕ ਬੰਦਾ
ਤਾਰਾ ਬੱਕਰੀਆਂ ਵਾਲਾ ਸੀ।
ਜਦ ਮੈਂ 'ਤਾਰਾ ਬੱਕਰਵਾਲ' ਲਿਖ ਕੇ ਉਸਨੂੰ ਭੇਜਿਆ
ਤਾਂ ਛਾਪਣ ਉਪਰੰਤ ਉਸ ਮੈਨੂੰ ਇਹ ਨਿਹਾਲ ਨਿਹਾਲ ਖ਼ਤ ਲਿਖਿਆ
"ਤੂੰ ਮੈਨੂੰ ਤਾਰੇ ਬੱਕਰਵਾਲ ਵਰਗਾ ਤਾਂ
ਬੱਸ ਕਦੇ-ਕਦੇ ਕੁਝ ਜ਼ਰੂਰ ਲਿਖਕੇ ਭੇਜਿਆ ਕਰ!"
ਤੇ ਇਹ ਕਹਿੰਦਿਆਂ ਉਹ ਮੈਨੂੰ ਤਾਰੇ ਬੱਕਰਵਾਲ ਵਰਗਾ ਹੀ ਲੁੱਚਾ ਕਿਸੇ ਥਾਂ ਦਾ
ਪਰ ਉੱਚਾ ਜਿਹਾ ਲੱਗਿਆ!
ਜਿਸਦੇ ਪਿੰਡੇ 'ਚ ਪੰਜਾਬ ਦੀ ਸੁੱਚੀ ਮਿੱਟੀ ਵਰਗੀ ਮਹਿਕ ਹੋਵੇ!
ਇਹ ਤਾਂ ਹੀ ਤਾਂ ਸੀ, ਕਿ ਉਹ 'ਦੇਸ-ਪ੍ਰਦੇਸ' 'ਚ
ਸੁਰਖੀਆਂ ਵਿਆਹ 'ਚ ਮੱਛਰੀਆਂ ਮੇਲਣਾਂ ਵਰਗੀਆਂ ਲਾਉਂਦਾ!
ਇਸਦੇ ਪੰਨਿਆਂ 'ਚ ਵਿਵਾਦ ਸਿੰਘਾਂ ਦੇ ਗੱਤਕੇ ਵਰਗਾ ਛੇੜਦਾ!
ਤੇ ਖ਼ਬਰਾਂ ਦੀ ਲਾ-ਲਵਾਈ ਲਈ ਦਾਅ ਗਾਮੇ ਭਲਵਾਨ ਵਰਗੇ ਵਰਤਦਾ!!!
ਪੰਜਾਬੀ ਪਰਚਿਆਂ ਦੀ ਭੀੜ 'ਚ
ਇਹ ਉਸਦਾ ਸਵਾ ਲੱਖ 'ਦੇਸ-ਪ੍ਰਦੇਸ' ਹੀ ਸੀ
ਜੋ ਐਡੀਟੋਰੀਅਲ ਦੇ ਸੀਸ ਤੋਂ ਵਿਹੂਣਾ
ਇਕੱਲੇ ਧੜ ਨਾਲ ਸੱਤ ਸਮੁੰਦਰਾਂ ਤੋਂ ਪਾਰ ਤੱਕ ਲੜਦਾ ਗਿਆ!
ਤੇਜ਼-ਤਿੱਖੀ ਵਾਢ ਕਰਦਾ ਰਿਹਾ!!
ਹਰ ਵਰ੍ਹੇ ਜਦ ਪੱਤਰਕਾਰੀ ਦੇ ਪਿੰਡ ਬਾਜ਼ੀ ਪੈਂਦੀ



ਤਾਂ ਉਹ ਆਪਣੇ ਚੀਨੇ 'ਦੇਸ-ਪ੍ਰਦੇਸ' ਨੂੰ
ਸਿਰੜ ਦੇ ਦੁੱਧ 'ਚ ਰੀਝਾਂ ਦੇ ਬਦਾਮ ਭਿਉਂ-ਭਿਉਂ ਚਾਰਦਾ
ਤੇ ਫਿਰ ਚਾਂਦੀ ਚਮਕਦੀਆਂ ਰਚਨਾਵਾਂ ਦੀਆਂ ਝਾਂਜਰਾਂ ਇਸਦੇ ਪੈਰੀਂ ਪਾ ਕੇ
ਜਦ ਆਪਣੀ ਮੋਰ ਦੀ ਡੋਰ ਛੱਡ ਦਿੰਦਾ
ਤਾਂ ਦੇਸ਼ਾਂ ਦੀਆਂ ਛੱਤਾਂ ਤੇ ਖੜ੍ਹੇ ਪੰਜਾਬੀ ਖੁਸ਼ੀ 'ਚ ਤਾੜੀਆਂ ਮਾਰਦੇ।
ਉਹ ਆਪਣੇ ਚੀਨੇ ਨੂੰ ਸਮੁੰਦਰੋਂ ਪਾਰ ਉੱਡਦਿਆਂ ਵੇਖਦਾ
ਤੇ ਫਿਰ ਜਿੱਤ ਦੇ ਵਿਸ਼ਵਾਸ ਤੇ ਅਹਿਸਾਸ ਨਾਲ ਨਸ਼ਿਆਇਆ
ਸੰਸਾਰ ਦੀ ਸੱਥ ਸਾਊਥਾਲ ਵਿਚ
ਆਪਣੀ ਕੁਰਸੀ ਦੇ ਖੂੰਢ ਤੇ ਬੈਠ ਕੇ
ਅਗਲੇ ਵਰ੍ਹੇ ਦੀ ਗੱਲ ਛੇੜ ਦਿੰਦਾ!
ਅੱਸੀ 'ਚ ਵਿਸ਼ਵ-ਪੰਜਾਬੀ ਕਾਨਫਰੰਸ ਤੇ
ਜਦ ਸਾਡਾ ਮਸਤ-ਮਲੰਗ ਲੇਖਕਾਂ ਦਾ ਕਾਫ਼ਲਾ
ਹੀਥਰੋ ਏਅਰਪੋਰਟ ਤੇ ਜਹਾਜ਼ੋਂ ਉਤਰਿਆ
ਤਾਂ ਉਹ ਗਲ 'ਚ ਕੈਮਰਾ ਪਾਈ ਤਸਵੀਰਾਂ ਖਿੱਚਦਾ ਸੀ।
ਉਹ ਖੰਡ ਦਾ ਖਿਡੌਣਾ ਜਿਹਾ ਯਾਰ ਮੇਰਾ
ਉਸ ਮੈਨੂੰ ਅਛੋਪਲੇ ਆ ਗਲਵਕੜੀ ਪਾ
ਜਦ ਪਹਿਲਾ ਹੀ ਪ੍ਰਸ਼ਨ ਕੀਤਾ ਸੀ -
'ਕਿਉਂ ਮੇਰਾ ਓਹੋ ਕੰਮ ਕੀਤਾ?'
ਤਾਂ ਮੈਨੂੰ ਪੱਕਾ ਪਤਾ ਸੀ
ਕਿ ਇਸ ਦਾ ਮਤਲਬ 'ਤਾਰੇ-ਬੱਕਰਵਾਲ' ਵਰਗਾ ਕੁਝ ਲਿਖਿਆ ਹੈ? ਹੀ ਹੈ!
ਉਹ ਮੇਰਾ ਪੁਲਿਸ-ਦਾਹੜੀਆ ਜਿਹਾ ਬੜਾ ਠਰਕੀ ਯਾਰ ਸੀ!
ਤੇ ਉਸਨੂੰ ਚੋਂਦੀਆਂ ਚੋਂਦੀਆਂ ਸੁਣਨ ਦਾ ਸੱਚੀਂ ਬੜਾ ਚਸਕਾ ਸੀ!
ਜਦੋਂ ਵੀ ਮਿਲਦੇ ਮਹਿਫ਼ਲ ਜੰਮਦੀ ਮੈਂ ਕੋਈ ਲਤੀਫਾ ਛੇੜਦਾ
ਤਾਂ ਉਸਦੀ ਕੁਰਸੀ ਮੇਰੇ ਨੇੜੇ ਸਰਕ ਆਉਂਦੀ
ਤੇ ਉਹ ਉੱਡਣ ਵਾਲੇ ਬਟੇਰੇ ਵਾਂਗ ਉਤਸੁਕਤਾ ਦਾ ਰੂਪ ਬਣਿਆ ਆਖਦਾ
'ਹਾਂ!' ਗਾਹਾਂ ਫੇਰ?'
ਮੈਂ ਉਸਦੀ ਉਤਸੁਕਤਾ ਦੀ ਅੱਗ ਭੜਕਾਉਣ ਲਈ
ਕਿਸੇ ਹੋਰ ਵੱਲ ਵੱਲ ਮੁੜਨ ਦਾ ਮਕਰ ਕਰਦਾ
ਤਾਂ ਉਸਦੀ ਕੁਰਸੀ ਛੜੱਪਾ ਮਾਰਦੀ ਤੇ ਉਹ ਫਿਰ ਬੋਲਦਾ -
'ਹਾਂ!' ਗਾਹਾਂ ਫੇਰ?'
ਤਾਂ ਲਤੀਫ਼ੇ 'ਚੋਂ ਵਿਚਰ ਜਾਣਾ ਹੀ ਬਣਦਾ!
ਤੇ ਲਤੀਫ਼ੇ ਦਾ ਤੋੜਾ ਝੜਨ ਤੇ

ਉਹ ਲਾਹੇ ਸੈਂਡਲਾਂ ਤੋਂ ਦੋਵੇਂ ਪੈਰ ਚੁੱਕ ਕੇ ਉੱਡਦੀ ਜਿਹੀ ਤਾੜੀ ਮਾਰ ਕੇ
ਤਿੜ ਤਿੜ ਕਰਕੇ ਤਿੜਕ ਜਾਂਦਾ!
ਸੰਘਣੀ ਕਹਾਣੀ ਤੇ ਸੰਘਣੀ ਐਨਕ ਵਾਲਾ ਪ੍ਰੀਤਮ ਸਿੱਧੂ
ਖਿੜ ਖਿੜ ਕਰਦਾ ਖਿੜ ਕੇ ਖਿਲਰ ਜਾਂਦਾ!
ਤੇ ਊਠ-ਕੱਦੇ 'ਸਾਥੀ' ਲੇਖਕ ਦੇ ਬੁੱਲ੍ਹਾਂ 'ਚੋਂ
ਹਾਸਾ ਗੁਆਰੇ ਦੇ ਬੁਰਕ ਵਾਂਗੂੰ ਬਿਖਰ ਜਾਂਦਾ!!
ਤੇ ਇੰਞ ਅਸੀਂ ਕਈ ਵੇਰ ਗਈ ਰਾਤ ਤੱਕ
ਲੋਹੜਿਆਂ ਦਾ ਲੁੱਚ-ਪਹੁ ਘੋਟਦੇ ਰਹਿੰਦੇ।
ਚੁਟਕਲਿਆਂ ਦੀਆਂ ਬਾਲੀਆਂ ਇਕ ਦੂਜੇ ਵੱਲ ਲਾਉਂਦੇ ਰਹਿੰਦੇ
ਤੇ ਤੇਜ਼ ਤਿੱਖੇ ਹੋਏ ਉਹਨਾਂ ਨੂੰ ਮੋੜਦੇ ਤੇ ਰੋਕਦੇ ਰਹਿੰਦੇ!
...ਤੇ ਫਿਰ ਜਦ ਆਪਰੇਸ਼ਨ ਬਲਿਊ ਸਟਾਰ ਮਗਰੋਂ ਉਸ
ਮੁੱਖ-ਮੰਤਰੀ ਬਣੇ ਬਰਨਾਲੇ ਦੀ ਇੰਟਰਵਿਊ ਛਾਪੀ
ਤਾਂ ਮੈਂ ਉਸ ਨੂੰ ਫ਼ੋਨ ਕੀਤਾ
'ਪੁਰੇਵਾਲ ਤੂੰ ਆਹ ਕਾਹਨੂੰ ਛਾਪਣੀ ਸੀ?'
ਉਸਦਾ ਉੱਤਰ ਸੀ
'ਤੂੰ ਹਰੇਕ ਗੱਲ 'ਚ ਐਵੇਂ ਪੰਥ ਦਾ ਫ਼ਾਨਾ ਨਾ ਠੋਕਿਆ ਕਰ!'
ਤੇ ਫਿਰ ਬੋਲਿਆ
'ਕੋਈ ਕੰਮ ਦੀ ਗੱਲ ਕਰਿਆ ਕਰ,
ਕੁਛ 'ਤਾਰੇ-ਬੱਕਰਵਾਲ' ਵਰਗਾ ਲਿਖਿਆ ਕਰ!
ਉਸਨੂੰ 'ਤਾਰਾ ਬੱਕਰਵਾਲ' ਵਿਸਰਿਆ ਨਾ ਸੀ।
ਪਰ ਸ਼ਾਇਦ ਇਹ ਮੇਰੀ ਗ਼ਲਤ-ਫ਼ਹਿਮੀ ਹੀ ਕਿਉਂ ਨਾ ਹੋਵੇ
ਮੈਨੂੰ ਮਹਿਸੂਸ ਹੋਇਆ ਸੀ ਜਿਵੇਂ ਉਸ ਨੂੰ ਪੰਥ ਵਿਸਰ ਗਿਆ ਹੋਵੇ।
ਤੇ ਇਸ ਟੈਲੀਫ਼ੋਨ ਤੋਂ ਮਗਰੋਂ ਅਸਾਂ ਇਕ ਦੂਸਰੇ ਵੱਲ ਕੰਡ ਜਿਹੀ ਕਰ ਲਈ।
ਤੂਫ਼ਾਨ ਮਗਰੋਂ ਅਸਮਾਨ ਵਾਂਗ ਚੁੱਪ ਜਿਹੇ ਹੋ ਗਏ!
ਮਿੱਤਰਾਂ ਦੇ ਮੋਢੀ ਚੜ੍ਹਕੇ ਕਦੇ ਖ਼ਬਰ ਪਹੁੰਚਦੀ
ਕਿ ਉਹ ਕਦੇ-ਕਦੇ ਮੈਨੂੰ ਤੇ ਤਾਰੇ ਬੱਕਰਵਾਲ ਨੂੰ ਯਾਦ ਕਰਦਾ ਹੈ।
ਮੈਂ ਵੀ ਉਸ ਨੂੰ ਮਨ 'ਚ ਇਵੇਂ ਕਈ ਵਾਰ ਚਿਤਵਦਾ।
ਮੁਹੱਬਤ ਮਗਰੋਂ ਅਸੀਂ ਤਾਂ ਚੁੱਪ ਹੋ ਗਏ ਸਾਂ
ਮੁਹੱਬਤ ਉੱਤੇ ਦੁਸ਼ਮਣੀ ਦੀ ਝਾਲ ਵੀ ਫਿਰ ਜਾਵੇ
ਤਾਂ ਮੁਹੱਬਤ ਦੇ ਹਰਫ਼ ਹੇਠਾਂ ਉਂਝ ਦੇ ਉਂਝ ਹੀ ਜਾਗਦੇ ਹਨ!
ਇੰਝ ਮੁਹੱਬਤ ਦੇ ਚਰਾਗ
ਜੁ ਦੋ ਦਿਲਾਂ 'ਚ ਕਦੇ ਜਗੇ ਸਨ



ਮੁੱਦਤ ਮਗਰੋਂ ਉਂਞ ਦੇ ਉਂਞ ਹੀ ਜਾਗਦੇ ਰਹੇ!
ਤੇ ਹੁਣ ਕੁਝ ਦਿਨ ਪਹਿਲੋਂ ਕੁਝ ਲਿਖਿਆ
ਤਾਂ ਉਸ ਦੇ ਨਾਂ ਇਕ ਨਿੱਕੇ ਜਿਹੇ ਖ਼ਤ ਸਮੇਤ ਉਸਨੂੰ ਪਾਇਆ।
ਤਾਂ ਜਵਾਬ ਤੋਂ ਪਹਿਲੋਂ
ਇਕ ਮਨਹੂਸ ਜਿਹੀ ਖ਼ਬਰ ਬਨੇਰੇ ਆ ਬੈਠੀ।
ਨਿੱਕਾ ਖ਼ਤ ਉਸ ਨੇ ਪੜ੍ਹ ਵੀ ਲਿਆ ਹੈ ਜਾਂ ਨਹੀਂ?
ਜਾਂਦਾ ਹੋਇਆ ਉਹ ਦੱਸ ਵੀ ਨਹੀਂ ਗਿਆ!
ਅੱਗੇ ਉਸ ਦੇ ਹੁੰਦਿਆਂ
ਜਦੋਂ ਲੰਡਨ ਉਤੋਂ ਦੀ ਉੱਡ ਕੇ ਅੱਗੇ ਜਾਣਾ
ਤਾਂ ਹੇਠਾਂ ਲੰਡਨ "ਦੇਸ ਪ੍ਰਦੇਸ ਪੁਰ' ਜਿਹਾ ਲੱਗਣਾ।
ਹੁਣ ਤਾਂ ਚਿੱਤ ਕਰਦਾ ਹੈ
ਜੇ ਵੱਸ ਚੱਲੇ ਤਾਂ ਲੰਡਨ ਦਾ ਨਾਂ ਬਦਲ ਦੇਈਏ।
ਤੇ ਉਹ ਯਾਦ ਹੀ ਨਾ ਆਵੇ।
ਪਰ ਯਾਦਾਂ ਦੀਆਂ ਛਿਲਤਾਂ
ਦਿਲਾਂ 'ਚੋਂ ਇਉਂ ਨਹੀਂ ਨਿਕਲਦੀਆਂ!
ਉਹ ਤਾਂ ਚੰਮ ਵਿਚੋਂ ਦੀ
ਚੰਦਰੀਆਂ ਰੂਹ ਤੱਕ ਸਗਲਾ ਆਪਾ ਵਿੰਨ੍ਹ ਜਾਂਦੀਆਂ ਹਨ।
ਹੁਣ ਤਾਂ ਲੰਡਨ ਖੰਡਰ ਵੀ ਬਣ ਜਾਵੇ
ਤਾਂ ਵੀ ਜਦ ਇਹ ਖੰਡਰ ਫੋਲਾਂਗੇ
ਤਾਂ ਤਰਸੇਮ ਦੇ ਨਾਂ ਦੀ ਕੋਈ ਇੱਟ ਨਿਕਲ ਆਏਗੀ।
ਫੇਰ ਕੀ ਕਰਾਂਗੇ?
ਫਿਰ ਰੋਣ ਆ ਜਾਏਗਾ!
ਅੱਥਰੂਆਂ ਨਾਲ ਉਹ ਇੱਟ ਸਿੱਲ੍ਹੀ ਹੋ ਜਾਏਗੀ। ਤੇ ਬੋਲੇਗੀ -
ਤੂੰ 'ਤਾਰੇ-ਬੱਕਰਵਾਲ' ਵਰਗਾ ਕੁਝ ਲਿਖ।
ਫਿਰ ਉਸ ਲੁੱਚੇ-ਉੱਚੇ ਜਿਹੇ ਯਾਰ ਦਾ ਮੋਹ ਆ ਜਾਵੇਗਾ!
ਤੇ ਦਿਲ ਲੰਡਨ ਤੇ ਧੁੰਦਲੇ ਮੌਸਮ ਵਰਗਾ ਉਦਾਸ ਹੋ ਜਾਵੇਗਾ!
ਜੇ ਹੁਣ 'ਦੇਸ-ਪ੍ਰਦੇਸ' ਨੂੰ ਫ਼ੋਨ ਘੁਮਾਂਵਾਂਗੇ।
ਕਿਸੇ ਅੱਗਿਓਂ 'ਮੈਂ ਪੁਰੇਵਾਲ ਬੋਲਦਾਂ' ਨਹੀਂ ਕਹਿਣਾ
ਉਸਦਾ ਟੈਲੀਫ਼ੋਨ ਤਾਂ ਡਿਸਕੁਨੈਕਟ ਹੋ ਗਿਆ ਹੈ!
ਆਲੀਓ-ਪਾਲੀਓ! ਡੰਗਰ-ਵੱਛੇ ਚਾਰੀਓ!!
ਸਾਨੂੰ ਪਤਾ ਹੈ
ਸੰਤ ਸਮੁੰਦਰਾਂ ਤੋਂ ਪਾਰ ਗਏ ਤਾਂ ਪਰਤ ਆਉਂਦੇ ਹਨ।

ਪਰ ਸੱਤ ਅਸਮਾਨਾਂ ਤੋਂ ਪਾਰ ਗਏ
ਜੰਗਲ ਗਏ ਜੋਗੀਆਂ ਵਾਂਗ ਨਹੀਂ ਬਹੁੜਦੇ!
ਪਰ ਫਿਰ ਵੀ ਜੇ ਕਿਧਰੇ
ਸਾਡੇ ਦਿਲਾਂ ਦੇ ਦੇਸ ਦਾ ਪ੍ਰਦੇਸੀ ਹੋਇਆ ਸਾਡਾ ਪੁਰੇਵਾਲ ਮਿਲੇ
ਤਾਂ ਕਹਿਣਾ ਕਿ ਉਸਦੀ ਗੈਰ-ਹਾਜ਼ਰੀ 'ਚ
ਹੁਣ ਜਦੋਂ ਅਸੀਂ ਕਦੇ ਇੰਗਲੈਂਡ ਆਇਆ ਕਰਾਂਗੇ
ਸਾਨੂੰ ਲੰਡਨ, ਲੰਡਨ ਵਰਗਾ ਨਹੀਂ ਲੱਗਣਾ
ਉਦਾਸ-ਉਦਾਸ ਫਿੱਕਾ ਫਿੱਕਾ ਲੱਗਿਆ ਕਰੇਗਾ
ਮਸਰੀ ਦੀ ਅਣਤੜਕੀ ਦਾਲ ਵਰਗਾ!!
ਜਿਸ 'ਚ ਸਾਡੇ ਪੁਰੇਵਾਲ ਵਰਗਾ ਮਸਾਲਾ ਨਾ ਹੋਵੇ!!!

(1995)

➢➢➢



# ਸਿਮਰਤੀ ਦੇ ਨਾਦ

## ਲੱਕੜ ਨਾ' ਘੁਣ

ਮੈਥੋਂ ਛੋਟੀਆਂ ਮੇਰੀਆਂ ਦੋਂਹ ਭੈਣਾਂ ਦੇ ਵਿਆਹ ਧਰੇ ਹੋਏ ਸਨ। ਦਾਜ-ਦਹੇਜ ਦੇ ਮਾਮਲੇ ਨੂੰ ਲੈ ਕੇ ਬਾਪੂ ਜੀ ਤੇ ਬੇਬੇ ਜੀ ਵਿਚਕਾਰ ਤਿੱਖੇ ਮੱਤਭੇਦ ਸਨ। ਘਰ ਦਾ ਮਾਹੌਲ ਅੰਤਾਂ ਦਾ ਵਿਗੜਿਆ ਹੋਇਆ ਸੀ। ਕਹਾਣੀ ਕਿਵੇਂ ਸੂਤ ਨਹੀਂ ਸੀ ਆ ਰਹੀ। ਬੇਬੇ ਜੀ ਨੇ ਆਪਣਾ ਸੰਦੂਕ ਖੋਲ੍ਹ ਕੇ ਪੰਜਾਂ ਦਾ ਨੋਟ ਮੇਰੀ ਮੁੱਠ 'ਚ ਦਿੰਦਿਆਂ ਕਿਹਾ 'ਤੂੰ ਆਵਦੇ ਮਾਮੇ ਨੂੰ ਪਰੋਜਪੁਰੋਂ ਲੈ ਕੇ ਆ।'

ਅਤਿ ਸ਼ਰੀਫ਼ ਸਾਊ ਮਾਮਾ ਜੀ ਉਹਨੀਂ ਦਿਨੀਂ ਫਿਰੋਜ਼ਪੁਰ ਰੇਲਵੇ ਦੇ ਮਹਿਕਮੇ ਵਿਚ ਹੈੱਡ ਕਲਰਕ ਹੁੰਦੇ ਸਨ। ਮੈਂ ਉਹਨਾਂ ਨੂੰ ਪਿੰਡ ਲੈ ਆਇਆ। ਦੁਪਹਿਰ ਦਾ ਸਮਾਂ ਸੀ। ਸਾਡਾ ਸਾਰਾ ਟੱਬਰ ਸਵਾਤ ਵਿਚ ਬੈਠਾ ਸੀ। ਮਾਮਾ ਜੀ ਦੇ ਆਉਣ ਦਾ ਮਕਸਦ ਵੀ ਸਭ ਨੂੰ ਉਜਾਗਰ ਸੀ। ਫ਼ੌਜੀ ਬਾਪੂ ਜੀ ਬਹੁਤ ਹੀ ਤਲਖ਼ ਤੇ ਰੋਹਬਦਾਰ ਜਿਹੇ ਬੰਦੇ ਸਨ। ਉਹਨਾਂ ਮੂਹਰੇ ਖੜ੍ਹ ਕੇ ਗੱਲ ਕਰਨੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ ਹੁੰਦਾ। ਚਾਹ ਪੀਣ ਉਪਰੰਤ ਮਾਮਾ ਜੀ ਉਹਨਾਂ ਨੂੰ ਬਾਹਰ ਲੈ ਤੁਰੇ। ਚੰਗਾ ਹੁੰਦਾ ਜੇ ਉਹ ਵੀਹੀ ਵਿਚ ਜਾ ਕੇ ਗੱਲ ਤੋਰਦੇ ਪਰ ਫ਼ਿਕਰਮੰਦ ਭੋਲੇ ਜਿਹੇ ਮਾਮਾ ਜੀ ਨੇ ਵਿਹੜੇ 'ਚ ਨਿਕਲਦਿਆਂ ਹੀ ਕਹਿ ਦਿੱਤਾ -

'ਚੰਨਣ ਸਿੰਆਂ, ਸਮਾਈ ਕਰੀਦੀ ਹੁੰਦੀ ਐ।'

ਬੱਸ ਮਾਮਾ ਜੀ ਦੇ ਏਨੀ ਗੱਲ ਕਹਿਣ ਦੀ ਹੀ ਦੇਰ ਸੀ ਕਿ ਫੌਜੀ ਬਾਪੂ ਜੀ ਦੇ ਪਲੀਤੇ ਨੂੰ ਅੱਗ ਲੱਗ ਗਈ। ਉਹ ਮੁੜ ਕੇ ਬੇਬੇ ਜੀ ਵੱਲ ਹੱਥ ਕਰਦਿਆਂ ਉੱਚਰੇ -

'ਮੈਂ ਸੋਹਣ ਸਿਆਂ ਏਹਦੀ ਮਾਂ ਦੀ...।

ਬਾਪੂ ਜੀ ਗਜ਼ ਲੰਬੀ ਇਕੋ ਗਾਲ੍ਹ ਨਾਲ ਬੇਬੇ ਤੇ ਮਾਮਾ ਜੀ ਨੂੰ ਭੁਗਤਾਅ ਗਏ ਸਨ। ਲੱਕੜ ਦੇ ਨਾਲ ਘੁਣ ਵੀ ਪਿਸ ਗਿਆ ਸੀ!

## ਜੁੱਤੀ ਦਾ ਪੈਰ

ਪੰਜਾਬ ਦੇ ਮੇਲਿਆਂ ਬਾਰੇ 'ਅਜੀਤ' ਵਿਚ ਮੇਰਾ ਕਾਲਮ ਛਪਦਾ ਹੁੰਦਾ ਸੀ। ਕਿਸ਼ਤ ਪਛੜੀ ਹੋਣ ਕਾਰਨ ਕਾਲਜੋਂ ਉਚੇਚੀ ਛੁੱਟੀ ਲੈ ਕੇ ਮੈਂ 'ਅਜੀਤ' ਦੇ ਦਫ਼ਤਰ ਜਲੰਧਰ ਗਿਆ। ਦਫ਼ਤਰ ਵੜ੍ਹਦਿਆਂ ਖੱਬੇ ਹੱਥ ਮੈਗਜ਼ੀਨ ਐਡੀਟਰ ਸ. ਬਲਦੇਵ ਗਰੇਵਾਲ ਦਾ ਮੇਜ਼ ਹੁੰਦਾ ਸੀ। ਮੈਂ ਮੇਲਾ ਦੇ ਕੇ ਉਸ ਨਾਲ ਹੱਥ

ਮਿਲਾਇਆ। ਪੰਜ-ਸੱਤ ਕਦਮ ਤੁਰਦਿਆਂ ਅੱਗੇ ਹਮਦਰਦ ਜੀ ਦਾ ਕਮਰਾ ਆ ਗਿਆ। ਸੇਵਾਦਾਰ ਨੇ ਮੈਨੂੰ ਅੰਦਰ ਲੰਘਾ ਦਿੱਤਾ।

ਹਮਦਰਦ ਜੀ ਪੰਜਾਬੀ ਪੱਤਰਕਾਰੀ ਦੇ ਸਮਰਾਟ ਸਨ। ਜਲੰਧਰ ਦੀ ਪੰਜਾਬੀ ਪੱਤਰਕਾਰੀ ਦੀਆਂ ਵੀ ਉਹਨੀਂ ਦਿਨੀਂ ਅਜੀਬ ਬਾਤਾਂ ਸਨ। 'ਅਕਾਲੀ-ਪਤ੍ਰਿਕਾ' ਨੇ ਅਕਾਲੀ ਝੰਡਾ ਚੁੱਕਿਆ ਹੁੰਦਾ ਸੀ ਤੇ 'ਅਜੀਤ' ਨੇ ਕਾਂਗਰਸੀ! ਪਰ ਪੰਥ ਤੇ ਪੰਜਾਬ ਦੇ ਮੁਫ਼ਾਦ ਲਈ ਇਹ ਦੋਵੇਂ ਅਖਬਾਰ ਵਿਰੋਧੀ ਹੁੰਦੇ ਹੋਏ ਵੀ ਰਲ ਕੇ ਵਹਿੜਕਿਆਂ ਵਾਂਗ ਵਗਦੇ ਸਨ। ਲਾਲਾ ਜਗਤ ਨਾਰਾਇਣ 'ਹਿੰਦ-ਸਮਾਚਾਰ' ਗਰੁੱਪ ਵਾਲਿਆਂ ਦੀ ਆਪਣੀ ਹੀ ਨਿਸ਼ਠਾ-ਆਸਥਾ ਸੀ। ਉਹ ਆਏ ਦਿਨ ਆਪਣੀ ਆਦਤ ਅਨੁਸਾਰ ਸਿੱਖ-ਗੁਰੂਆਂ ਬਾਰੇ ਨਵੀਂ ਛਛੂੰਦਰ ਛੱਡਦੇ ਰਹਿੰਦੇ ਸਨ। ਪਰ ਲਾਲਾ ਜੀ ਦੇ ਖਿਲਾਫ਼ 'ਅਜੀਤ' ਤੇ 'ਅਕਾਲੀ-ਪੱਤ੍ਰਿਕਾ' ਬਗਲਗੀਰ ਹੋ ਕੇ ਲੜਦੇ। ਕਿਸ਼ਤਵਾਰ ਲੇਖ-ਲੜੀਆਂ ਦੀਆਂ ਝੜੀਆਂ ਲੱਗੀਆਂ ਰਹਿੰਦੀਆਂ।

ਪਿਛਲੇ ਦਿਨ ਵੀ ਸ਼ਾਇਦ ਲਾਲਾ ਜੀ ਨੇ ਐਸਾ ਹੀ ਕੁਝ ਲਿਖ ਦਿੱਤਾ ਸੀ। ਜਦ ਮੈਂ ਅੰਦਰ ਲੰਘਿਆ ਹਮਦਰਦ ਜੀ ਨੇ ਆਪਣੀ ਨਿੱਕੀ ਬ੍ਰਾਊਨ-ਅਚਕਨ ਦੇ ਉਪਰਲੇ ਦੋ ਬਟਨ ਖੋਹਲੇ ਹੋਏ ਸਨ ਤੇ ਉਹ ਵਾਹੋ-ਦੂਹ ਲਿਖੀ ਜਾ ਰਹੇ ਸਨ। ਅਖ਼ਬਾਰਾਂ ਪੜ੍ਹ ਕੇ ਪਰ੍ਹੇ ਵਗਾਹ ਮਾਰ ਦੇਣੀਆਂ ਬਹੁਤ ਸੌਖੀਆਂ ਹਨ ਪਰ ਸੋਹਣੀਆਂ ਅਖ਼ਬਾਰਾਂ ਆਪ ਬਣਾਉਣੀਆਂ ਬਹੁਤ ਔਖੀਆਂ ਹੁੰਦੀਆਂ ਹਨ, ਪੱਤਰਕਾਰੀ ਦੇ ਖੇਤਰ 'ਚੋਂ ਵਿਚਰਦਿਆਂ ਮੈਨੂੰ ਅਨੁਭਵ ਹੋਇਆ ਹੈ। ਉਹਨਾਂ ਅੱਖ ਵੀ ਉਤਾਂਹ ਨਾ ਚੁੱਕੀ, ਲਿਖੀ ਗਏ। ਉਹਨਾਂ ਦੇ ਵੱਡੇ ਮੇਜ਼ ਸਾਹਵੇਂ ਡੱਠੀਆਂ ਕੁਰਸੀਆਂ 'ਚੋਂ ਇਕ ਤੇ ਮੈਂ ਇਕੱਲਾ ਹੀ ਬੈਠਾ ਸਾਂ। ਏਨੇ ਨੂੰ ਟੈਲੀਫ਼ੋਨ ਦੀ ਘੰਟੀ ਵੱਜੀ। ਰੈਸਟ ਹਾਊਸ 'ਚ ਸ਼ਾਇਦ ਮਾ. ਗੁਰਬੰਤਾ ਸਿੰਘ ਆਇਆ ਹੋਇਆ ਸੀ। ਹਮਦਰਦ ਸਾਹਿਬ ਐਡੀਟੋਰੀਅਲ ਲਿਖਦਿਆਂ ਕੁਝ ਲੇਟ ਸਨ। ਚਿੱਟੇ-ਚੂੜੀਦਾਰ ਪਜਾਮੇ ਨਾਲ ਉਹ ਹਮੇਸ਼ਾ ਘੋਨੀ-ਘੁੱਗੀ ਜਿਹੀ ਗੁਰਗਾਬੀ ਪਾਇਆ ਕਰਦੇ ਸਨ। ਜੁਆਨ ਹੋਣ ਲਈ ਉਹਨਾਂ ਵਸਮਾ ਵੀ ਲਾਇਆ ਹੁੰਦਾ ਸੀ।

ਟੈਲੀਫ਼ੋਨ ਦੀ ਘੰਟੀ ਕੀ ਖੜਕੀ ਕਿ ਉਹ ਸਪਰਿੰਗ ਵਾਂਗ ਬੁੜ੍ਹਕ ਕੇ ਕੁਰਸੀ ਤੋਂ ਉੱਠੇ। ਉਹਨਾਂ ਦੇ ਇਕ ਪੈਰ ਜੁੱਤੀ ਸੀ, ਦੂਜੇ ਪੈਰ 'ਚ ਨਹੀਂ। ਉਹਨਾਂ ਪੈਨ ਵਗਾਹ ਕੇ ਮੇਜ਼ 'ਤੇ ਮਾਰਿਆ। ਮੇਰੇ ਵਿਹੰਦਿਆਂ-ਵਿਹੰਦਿਆਂ ਉਹ ਮੇਜ਼ ਥੱਲੇ ਝੁਕੇ। ਸਾਰਾ ਆਲਾ-ਦੁਆਲਾ ਵੇਖਿਆ। ਨਾਲੇ ਤਾਂ ਉਹ ਆਪਣੀ ਜੁੱਤੀ ਦਾ ਪੈਰ ਲੱਭੀ ਜਾਣ ਤੇ ਨਾਲੇ ਕੂਕੀ ਜਾਣ-ਕਿੱਥੇ ਗਿਆ, ਓਏ! ਹਾਏ ਕਿਥੇ ਗਿਆ, ਓਏ! ਮੇਰੀ ਜੁੱਤੀ ਦਾ ਪੈਰ?

ਸਮੇਂ ਤੇ ਸਥਿਤੀ ਅਨੁਸਾਰ ਮੇਰਾ ਵੀ ਉਹਨਾਂ ਦੇ ਇਸ ਦੁੱਖ ਵਿਚ ਸ਼ਰੀਕ ਹੋਣਾ ਬਣਦਾ ਸੀ। ਇਸ ਦਫ਼ਤਰੀ ਹੱਲੇ-ਗੁੱਲੇ ਜਿਹੇ ਦੇ ਮਾਹੌਲ ਵਿਚ ਮੈਂ ਆਪਣੀ ਕੁਰਸੀ ਤੋਂ ਉੱਠ ਖੜ੍ਹਾ ਹੋਇਆ।



ਉਹ ਆਪਣੇ ਪੱਟਾਂ 'ਤੇ ਦੁਹੱਥੜ ਮਾਰ ਕੇ ਬੋਲੇ -

'ਕੋਈ ਮਿਲਣ ਆਇਆ, ਪਾ ਕੇ ਰਾਹ ਤੁਰਿਆ।'

'ਹਮਦਰਦ ਸਾਹਿਬ! ਕੋਈ ਇਕ ਪੈਰ ਪਾ ਕੇ ਤਾਂ ਇਉਂ ਨਹੀਂ ਜਾ ਸਕਦਾ। ਮੈਂ ਕਿਹਾ।

'ਤੇ ਇਕ ਪੈਰ ਪਾ ਕੇ ਮੈਂ ਵੀ ਦਫ਼ਤਰ ਨਹੀਂ ਆ ਸਕਦਾ।' ਭੋਲੇ ਜਿਹੇ ਉਹ ਬੋਲੇ।

ਲਾਲਾ ਜਗਤ ਨਾਰਾਇਣ ਦੀਆਂ ਦਲੀਲਾਂ ਕਟਦਿਆਂ ਦੀ ਸਪੀਡ ਬੱਝੀ ਹੋਣ ਕਾਰਨ ਉਹ ਮੇਰੀ ਗੱਲ ਵੀ ਕੱਟ ਗਏ ਸਨ।

ਮਗਰੋਂ ਉਹਨਾਂ ਦੀ ਗੁਰਗਾਬੀ ਦਾ ਪੈਰ ਸੇਵਾਦਾਰ ਨੂੰ ਡਸਟਬਿੰਨ 'ਚੋਂ ਲੱਭ ਗਿਆ ਸੀ!

**ਆਹ ਫੜ!**

ਮੈਂ ਕਾਲਜ ਆਫ਼ ਐਜੂਕੇਸ਼ਨ ਸੁਧਾਰ 'ਚ ਬੀ. ਐੱਡ ਦਾ ਵਿਦਿਆਰਥੀ ਸਾਂ। ਪ੍ਰਿੰ. ਬੀ. ਐਸ. ਬਾਜਵਾ ਤੇ ਪ੍ਰੋ. ਹਰਨੇਕ ਸਿੰਘ ਕੈਲੇ ਨੇ ਮੇਰੀ ਜ਼ਿੰਮੇਵਾਰੀ ਲਾਈ ਕਿ ਮੈਂ ਕਾਲਜ ਦੇ ਸਾਲਾਨਾ ਸਮਾਗਮ ਉਤੇ ਉਹਨੀਂ ਦਿਨੀਂ ਜਲੰਧਰ ਦੇ ਪੱਤਰਕਾਰ ਹਲਕਿਆਂ ਵਿਚ ਰਾਮ-ਲਛਮਣ ਭਰਾਵਾਂ ਦੀ ਜਾਣੀ ਜਾਂਦੀ ਜੋੜੀ ਸ. ਅਮਰ ਸਿੰਘ ਦੁਸਾਂਝ ਤੇ ਗਿ. ਸ਼ਾਦੀ ਸਿੰਘ 'ਚੋਂ 'ਅਕਾਲੀ-ਪੱਤ੍ਰਿਕਾ' ਦੇ ਮੈਨੇਜਿੰਗ ਐਡੀਟਰ ਸ. ਅਮਰ ਸਿੰਘ ਦੁਸਾਂਝ ਨੂੰ ਲੈ ਕੇ ਆਵਾਂ। ਉਹ ਸਿੱਖਾਂ ਦੇ ਇਕ ਉੱਤਮ-ਉਮਦਾ ਬੁਲਾਰੇ ਸਨ। ਆਪਣੀ ਉਮਰ ਵਿਚ ਪੰਥਕ-ਹਲਕਿਆਂ 'ਚ ਉਹਨਾਂ ਦੇ ਪਾਏ ਦੇ ਮੈਨੂੰ ਸਿਰਫ਼ ਇਕ ਹੋਰ ਬੁਲਾਰੇ ਨਜ਼ਰ ਆਏ ਹਨ। ਉਹ ਸਨ ਗਿਆਨੀ ਕਿਹਰ ਸਿੰਘ ਵੈਰਾਗੀ ਜੋ ਲੰਬਾ ਅਰਸਾ ਮਾਸਟਰ ਜੀ ਤੇ ਸੰਤਾਂ ਦੇ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਚਾਰ-ਸਕੱਤਰ ਰਹੇ। ਕਦੇ-ਕਦੇ ਲਿਖਤਾਂ ਭੇਜਣ ਕਾਰਨ ਦੁਸਾਂਝ ਜੀ ਤੇ ਗਿ. ਸ਼ਾਦੀ ਸਿੰਘ ਹੋਰਾਂ ਨਾਲ ਮੇਰੀ ਥੋੜ੍ਹੀ ਬਹੁਤ ਨੇੜਤਾ ਬਣੀ ਹੋਈ ਸੀ। ਜਲੰਧਰ ਪਹੁੰਚ 'ਅਕਾਲੀ-ਪੱਤ੍ਰਿਕਾ' ਦੇ ਦਫ਼ਤਰ ਦੀਆਂ ਪੌੜੀਆਂ ਚੜ੍ਹ ਮੈਂ ਸਿੱਧਾ ਨਿਊਜ਼-ਰੂਮ 'ਚ ਗਿਆ। ਖ਼ਬਰਾਂ ਲਿਖੀਆਂ ਜਾ ਰਹੀਆਂ ਸਨ। ਮੈਗਜ਼ੀਨ ਸੈਕਸ਼ਨ ਲੇਅ-ਆਊਟ ਕਰਦਿਆਂ ਸ. ਗੁਰਬਖਸ਼ ਸਿੰਘ ਵਿਰਕ ਦਾ ਮੇਜ਼ ਅਖ਼ਬਾਰੀ-ਕੱਤਰਾਂ ਦਾ ਬਾਜ਼ਾਰ ਬਣਿਆ ਹੋਇਆ ਸੀ। ਮੰਗਾਂ ਮੰਨਵਾਣ ਲਈ ਚਲਦੀ ਹੜਤਾਲ ਕਰਕੇ ਦੋ ਨਰਸਾਂ ਖ਼ਬਰਾਂ ਲੁਆਣ ਆਈਆਂ ਕੁਰਸੀਆਂ 'ਤੇ ਬੈਠੀਆਂ ਸਨ। ਮੈਂ ਵੀ ਇਕ ਕੁਰਸੀ 'ਤੇ ਬੈਠ ਗਿਆ। ਦਫ਼ਤਰ ਦੇ ਐਨ੍ਹ ਸਾਹਮਣੇ ਪਿਸ਼ਾਬਖ਼ਾਨਾ ਹੁੰਦਾ ਸੀ। ਗਲ਼-ਗਲ਼ ਤੱਕ ਹੀ ਉਸ ਦੀ ਕੰਧ ਆਉਂਦੀ ਸੀ। ਵਿਚ ਖੜ੍ਹਾ ਬੰਦਾ ਦਿੱਸਦਾ ਹੁੰਦਾ ਸੀ। ਅਖ਼ਬਾਰ ਦਾ ਐਡੀਟੋਰੀਅਲ ਅਮੂਮਨ ਖ਼ਬਰਾਂ ਤੋਂ ਮਗਰੋਂ ਤਾਜ਼ਾ-ਤਰੀਨ ਤੇ ਚਲਦੇ ਚਲੰਤ ਮਸਲੇ ਤੇ ਹੀ ਲਿਖਿਆ ਜਾਂਦਾ ਹੈ। ਗਿ. ਸ਼ਾਦੀ ਸਿੰਘ ਜੀ

ਐਡੀਟੋਰੀਅਲ ਲਿਖਣ ਹੀ ਲੱਗੇ ਸਨ ਕਿ ਉਹਨਾਂ ਨੂੰ ਪਿਸ਼ਾਬ ਦੀ ਹਾਜਤ ਹੋਈ। ਐਡੀਟੋਰੀਅਲ ਤੋਂ ਪਹਿਲਾਂ ਉਹ ਇਹ ਕੰਮ ਨਿਬੇੜਨ ਲਈ ਉਠੇ ਤੇ ਬਾਹਰ ਵਿਹੜੇ ਵਿਚ ਪਿਸ਼ਾਬਖਾਨੇ ਵੱਲ ਹੋ ਤੁਰੇ। ਉਹਨੀਂ ਦਿਨੀਂ ਹੁਣ ਵਾਂਗ ਅਖ਼ਬਾਰਾਂ ਕੰਪਿਊਟਰ ਜ਼ਰੀਏ ਨਹੀਂ ਸਨ ਛਪਦੀਆਂ ਹੁੰਦੀਆਂ। ਕੰਪੋਜ਼ੀਟਰ ਹੱਥਾਂ ਨਾਲ 'ਕੱਲਾ-'ਕੱਲਾ ਅੱਖਰ ਚੁੱਕ ਕੇ ਜੋੜਦੇ ਖਾਣਾਂ 'ਚ ਕੰਮ ਕਰਦੇ ਕਾਮਿਆਂ ਵਾਂਗ ਕਾਲ਼ੇ ਹੋ ਜਾਂਦੇ ਸਨ। ਆਪਣਾ ਕੰਮ ਕਰਦਾ ਕਾਲ਼ੀ ਹੋਈ ਨਿੱਕਰ ਤੇ ਕਾਲ਼ੇ ਹੋਏ ਹੱਥਾਂ ਵਾਲਾ ਇਕ ਕੰਪੋਜ਼ੀਟਰ ਵਿਹੜੇ 'ਚ ਗਿਆਨੀ ਜੀ ਦੇ ਮਗਰ ਭੱਜਦਿਆਂ ਬੋਲਿਆ –

"ਗਿਆਨੀ ਜੀ! ਐਡੀਟੋਰੀਅਲ?"

'ਮੈਂ ਦਿਨਾਂ!' ਕਹਿ ਕੇ ਗਿਆਨੀ ਜੀ ਪਿਸ਼ਾਬਖਾਨੇ 'ਚ ਪ੍ਰਵੇਸ਼ ਕਰ ਗਏ। ਚੂੜੀਦਾਰ ਪਜਾਮਾ! ਹੇਠਾਂ ਸਿੰਘਵੀ ਕਛਹਿਰਾ!! ਕਿੰਨਾ ਹੀ ਕੁਛ!!! ਗਿਆਨੀ ਜੀ ਨੂੰ ਰਤਾ ਦੇਰ ਹੋ ਗਈ। ਅਖ਼ਬਾਰ ਪਛੜਦਾ ਸੀ, ਕੰਪੋਜ਼ੀਟਰ ਫੇਰ ਪੌੜੀਆਂ ਚੜ੍ਹ ਆਇਆ –

'ਗਿਆਨੀ ਜੀ ਐਡੀਟੋਰੀਅਲ?'

'ਤੈਨੂੰ ਕਿਹੈ! ਵਈ ਮੈਂ ਦਿੰਨਾਂ!'

ਗਿਆਨੀ ਜੀ ਸ਼ਕਲ ਸੂਰਤ ਤੋਂ ਜਿੰਨੇ ਗੁਰਮੁਖ ਜਿਹੇ ਲੱਗਦੇ ਹੁੰਦੇ ਸਨ। ਗਾਲ੍ਹ ਵੀ ਓਨੀ ਹੀ ਗੱਡ ਕੇ ਵਾਹੁੰਦੇ ਸਨ।

ਕੰਪੋਜ਼ੀਟਰ ਸੁਣ ਕੇ ਥੱਲੇ ਚਲਿਆ ਗਿਆ।

ਮਾੜੀ ਕਿਸਮਤ! ਫੇਰ ' 'ਤਾਹਾਂ ਪੌੜੀਆਂ ਚੜ੍ਹ ਆਇਆ।'

'ਗਿਆਨੀ ਜੀ! ਮੱਖ, ਐਡੀਟੋਰੀਅਲ ਦੇ ਦਿੰਦੇ।'

ਗਿਆਨੀ ਜੀ ਅਜੇ ਸਾਮਾਨ ਸਮੇਟਦੇ ਨਾਲ਼ਾ ਹੀ ਬੰਨ੍ਹਦੇ ਸਨ। ਆਪਣੀ ਆਦਤ ਤੋਂ ਮਜ਼ਬੂਰ ਨਾਲ਼ਾ ਬੰਨ੍ਹਦਿਆਂ ਹੋਇਆਂ ਬੋਲੇ –

'ਤੈਨੂੰ ਕਿਹੈ ਵਈ ਮੈਂ ਦਿੰਨਾਂ! ਮੈਂ ਦਿੰਨਾਂ। ਜੇ ਐਨਾ ਈ ਕਾਹਲਾ ਐਂ ਤਾਂ ਆਹ ਫੜ ਲੈ!'

ਅਸੀਂ ਅੰਦਰ ਬੈਠਿਆਂ ਸਾਰਿਆਂ ਨੇ ਗਿਆਨੀ ਜੀ ਦੇ ਇਹ ਪ੍ਰਵਚਨ ਸੁਣ ਲਏ ਸਨ। ਨਰਸਾਂ ਮੈਥੋਂ ਸੰਗਦੀਆਂ ਸਨ ਤੇ ਮੈਂ ਨਰਸਾਂ ਤੋਂ!

## ਟਪਲਾ

ਮੇਰੀ ਦਾਹੜੀ ਚਿੱਟੀ ਹੋ ਗਈ ਸੀ। ਕਦੇ ਦਾਹੜੀ ਬੰਨ੍ਹ ਕੇ ਤੇ ਕਦੀ ਛੁੱਟੀ ਵਾਲੇ ਦਿਨ ਖੁੱਲ੍ਹੀ ਛੱਡ ਕੇ ਮੈਂ ਆਪਣੇ ਵਿਹੜੇ ਦੇ ਬਗੀਚੇ 'ਚ ਕੰਮ ਕਰਦਾ ਹੁੰਦਾ। ਗੁਆਂਢ ਗੋਰਿਆਂ ਦਾ ਘਰ ਹੈ। ਸ਼ਾਮ ਸਵੇਰੇ ਗੁਆਂਢੀ ਗੋਰੇ ਦੇ ਵਿਹੜੇ 'ਚ ਖੇਡਦੇ ਬੱਚਿਆਂ ਦੀ ਬਾਲ ਮੇਰੇ ਵਿਹੜੇ ਆਣ ਡਿੱਗਦੀ ਤਾਂ ਮੈਂ ਲੱਗਦੇ ਹੱਥ ਉਹਨਾਂ ਵੱਲ ਵਗਾਹ ਮਾਰਦਾ। ਨਿਆਣੇ ਬਹੁਤ ਖੁਸ਼ ਹੁੰਦੇ। ਉਹਨਾਂ ਦਾ ਗੋਰਾ ਬਾਪ ਵੀ ਮੈਨੂੰ ਦੂਰੋਂ-ਨੇੜਿਓਂ 'ਮਾਰਨਿੰਗ-ਈਵਨਿੰਗ' ਕਰਦਾ।



ਆਪਣੀ ਚਿੱਟੀ ਹੋ ਗਈ ਦਾਹੜੀ ਦਾ ਝੋਰਾ ਪਿਛਲੇ ਛੇ-ਸੱਤ ਸਾਲਾਂ ਤੋਂ ਅੰਦਰੇ-ਅੰਦਰ ਮੈਨੂੰ ਘੁਣ ਵਾਂਗ ਖਾ ਰਿਹਾ ਸੀ। ਵਿਸ਼ੇਸ਼ਕਰ ਜਦੋਂ ਮੈਂ ਸ਼ੀਸ਼ੇ ਸਾਹਵੇਂ ਹੁੰਦਾ ਤਾਂ ਆਪਣਾ ਬੁਢਾਪਾ ਮੈਥੋਂ ਹਰਗਿਜ਼ ਸਹਾਰਿਆ-ਸਵੀਕਾਰਿਆ ਨਾ ਜਾਂਦਾ। ਇਸ ਚਾਅਲ਼ੇ ਜਿਹੀ ਸਥਿਤੀ 'ਚੋਂ ਮੈਂ ਸ਼ਕਤੀ ਨਾਲ ਹੰਭਲਾ ਮਾਰ ਨਿਕਲਣਾ ਹੀ ਉੱਚਿਤ ਸਮਝਿਆ ਤੇ ਇਕ ਦਿਨ ਆਪਣੀ ਦਾਹੜੀ ਕਾਲ਼ੀ ਕਰ ਲਈ।

ਅਜੇ ਦਾਹੜੀ ਰੰਗਿਆਂ ਮੈਨੂੰ ਮਹੀਨਾ ਕੁ ਹੀ ਹੋਇਆ ਸੀ ਕਿ ਹੁਨਾਲ ਹੁੰਦੇ ਮੈਂ ਆਪਣੇ ਬਗੀਚੇ ਵਿਚ ਗਮਲੇ-ਕਿਆਰੀਆਂ ਸੂਤ-ਸਾਤ ਕਰਨ ਦੇ ਕਾਰਜ ਵਿਚ ਰੁੱਝਾ ਹੋਇਆ ਸਾਂ। ਘਰ ਦੀ ਵਾੜ ਦੇ ਅਗਲੇ ਪਾਸੇ ਮੇਰਾ ਗਵਾਂਢੀ-ਗੋਰਾ ਵੀ ਇਹੋ ਜਿਹਾ ਹੀ ਕੁਝ ਕਰ ਰਿਹਾ ਸੀ। ਕੰਮ ਕਰਦਿਆਂ ਅਸੀਂ ਇਤਫ਼ਾਕਨ 'ਕੱਠੇ ਉੱਠੇ ਤਾਂ ਅੱਖਾਂ ਚਾਰ ਹੁੰਦੇ ਉਸਨੇ ਮੈਨੂੰ ਸ਼ਿਸ਼ਟਾਚਾਰ ਵਜੋਂ ਹੈਲੋ-ਹਾਏ ਕੀਤੀ ਤੇ ਆਪਣੀ ਖੁਰਪੀ ਫੜੀ ਵਾੜ 'ਤੇ ਬਾਹਾਂ ਰਖਦਿਆਂ ਮੈਨੂੰ ਪੁੱਛਣ ਲੱਗਿਆ –

'ਉਹ ਜਿਹੜਾ ਓਲਡ ਮੈਨ ਅੱਗੇ ਤੁਹਾਡੇ ਘਰ ਹੁੰਦਾ ਸੀ। ਹੁਣ ਕਿੱਥੇ ਚਲਿਆ ਗਿਆ?'

'ਉਹ ਮੇਰੇ ਫਾਦਰ ਸਨ। ਹੁਣ ਇੰਡੀਆ ਚਲੇ ਗਏ ਹਨ।' ਮੈਂ ਉਸਨੂੰ ਭੁਲੇਖੇ ਦੀਆਂ ਭੂਲ-ਭੁਲੱਈਆਂ ਵਿਚ ਪਾਉਂਦਿਆਂ ਕਿਹਾ।

'ਬਹੁਤ ਭਲਾ ਆਦਮੀ ਸੀ। ਜਦੋਂ ਡੇਵਿਡ ਹੋਨਾਂ ਦੀ ਬਾਲ ਤੁਹਾਡੇ ਵਿਹੜੇ ਜਾ ਡਿੱਗਣੀ, ਝਬਦੇ ਹੀ ਪਰਤਾਅ ਦਿੰਦਾ ਸੀ।' ਉਸ ਕਿਹਾ।

'ਕੋਈ ਨਾ, ਉਸਦੀ ਇਹ ਡਿਊਟੀ ਹੁਣ ਮੈਂ ਭੁਗਤਾਅ ਦਿਆ ਕਰਾਂਗਾ।' ਮੈਂ ਮੋੜਾ ਦਿੱਤਾ।

'ਥੈਂਕ ਯੂ' ਕਹਿਕੇ ਆਪਣੇ ਲਾਅਨ ਵਿਚੋਂ ਦੀ ਉਹ ਤਾਂ ਆਪਣੇ ਘਰ ਨੂੰ ਹੋ ਤੁਰਿਆ ਪਰ ਆਪਣਾ ਹਾਸਾ ਰੋਕਦਿਆਂ ਮੈਂ ਸੋਚ ਰਿਹਾ ਸਾਂ ਕਿ ਮੇਰੇ ਭੋਲੇ ਜਿਹੇ ਗਵਾਂਢੀ ਗੋਰੇ ਨੂੰ ਕਿੱਡਾ ਵੱਡਾ ਟਪਲਾ ਲੱਗ ਗਿਆ ਸੀ।

(2001)

➢➢➢

### ਖਾਲਸਾ-ਪੰਥ ਦੇ ਨਿਰਮੋਲਕ ਹੀਰੇ

# ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ

ਗੁਰਬਾਣੀ ਵਿਚ ਕੀਰਤਨ ਨੂੰ ਪੰਚਮ ਸਤਿਗੁਰਾਂ 'ਕੀਰਤਨ ਨਿਰਮੋਲ ਹੀਰਾ' ਕਿਹਾ ਹੈ। ਜੇ ਸਾਹਿਬਾਂ ਦੇ ਮੁਖਾਰਬਿੰਦ ਥੀਂ ਝਰੇ ਇਹਨਾਂ ਸ਼ਬਦਾਂ ਅਨੁਸਾਰ ਕੀਰਤਨ ਨਿਰਮੋਲਕ ਹੀਰਾ ਹੈ ਤਾਂ ਵਰਤਮਾਨ ਸਮਿਆਂ 'ਚ ਗੁਰਬਾਣੀ ਦਾ ਅਤਿ ਸੁੰਦਰ ਗਾਇਨ ਕਰਨ ਵਾਲੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਨਿਰਸੰਦੇਹ ਪੰਥ ਦੇ ਨਿਰਮੋਲਕ ਹੀਰੇ ਹਨ।

ਵਾਸਤਵ ਵਿਚ ਹੀਰਾ ਵੀ ਇਕ ਸਾਧਾਰਨ ਪੱਥਰ ਹੀ ਹੁੰਦਾ ਹੈ ਪਰ ਉਸ ਵਿਚ ਇਕ ਐਸੀ ਸੁੰਦਰਤਾ ਵਸਦੀ ਹੁੰਦੀ ਹੈ ਜੋ ਵੇਖਣ ਵਾਲੀ ਪਾਰਖੂ-ਅੱਖ ਦੀ ਪਹਿਲੀ ਤੱਕਣੀ ਤੋਂ ਹੀ ਆਪਣੀ ਜਲਵਾਗਿਰੀ ਦਾ ਲੋਹਾ ਮੰਨਵਾ ਲੈਂਦੀ ਹੈ। ਸ਼ਾਇਦ ਸਾਧਾਰਨਤਾ ਅਥਵਾ ਸਾਦਗੀ ਵਿਚ ਵਸਦੀ ਇਸੇ ਸੁੰਦਰਤਾ ਪ੍ਰਥਾਇ ਹੀ ਦਾਗ਼ ਨੇ ਕਦੇ ਲਿਖਿਆ ਹੋਣਾ ਹੈ -

*ਇਸ ਸਾਦਗੀ ਪੇ ਕੌਨ ਨਾ ਮਰ ਜਾਏ ਏ ਖ਼ੁਦਾ*
*ਲੜਤੇ ਹੈਂ ਔਰ ਹਾਥ ਮੇਂ ਤਲਵਾਰ ਭੀ ਨਹੀਂ!*

ਐਸੇ ਹੀ ਲੱਗੇ ਭਾਈ ਹਰਜਿੰਦਰ ਸਿੰਘ ਜਦੋਂ ਮੈਂ ਉਹਨਾਂ ਨੂੰ ਪਹਿਲੀ ਵਾਰ ਡਿੱਠਾ।

ਉਂਝ ਭਾਈ ਸਾਹਿਬ ਨਾਲ ਮੇਰੀ ਜਾਣ-ਪਹਿਚਾਣ ਪਿਛਲੇ ਕਈ ਵਰ੍ਹਿਆਂ ਤੋਂ ਸੀ। ਮਿਲਿਆ ਭਾਵੇਂ ਮੈਂ ਉਹਨਾਂ ਨੂੰ ਕਦੇ ਵੀ ਨਹੀਂ ਸਾਂ ਪਰ ਉਹਨਾਂ ਦੇ ਕੀਰਤਨ ਦੀਆਂ ਟੇਪਾਂ ਮੈਂ ਡਾਢੇ ਸ਼ੌਕ-ਸ਼ਰਧਾ ਨਾਲ ਢੇਰ ਚਿਰ ਤੋਂ ਸੁਣਦਾ ਚਲਿਆ ਆ ਰਿਹਾ ਸਾਂ। ਜਦੋਂ ਕਦੇ ਮੈਂ ਉਹਨਾਂ ਦੀ ਕੋਈ ਟੇਪ ਸੁਣਦਾ ਤਾਂ ਮੇਰੇ ਜ਼ਿਹਨ 'ਚ ਪੰਚਮ ਪਾਤਸ਼ਾਹ ਦੇ ਸ਼ਬਦ ਗੂੰਜ ਪੈਂਦੇ- 'ਭਲੋ ਭਲੋ ਰੇ ਕੀਰਤਨੀਆ...!' ਤੇ ਫਿਰ ਉਹਨਾਂ ਦੀ ਇਕ ਟੇਪ ਆਈ ਜਿਸ ਨੇ ਮੈਨੂੰ ਕੀਲ ਕੇ ਪਟਾਰੀ ਵਿਚ ਹੀ ਪਾ ਲਿਆ। ਟੇਪ ਸੀ- 'ਗਲੀ ਜੋਗ ਨਾ ਹੋਈ।' ਇਹ ਸ਼ਬਦ ਪਹਿਲੇ ਸ਼ਹਿਨਸ਼ਾਹਾਂ ਰਾਗ ਸੂਹੀ 'ਚ ਉਚਾਰਿਆ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 730 ਉੱਤੇ ਦਰਜ ਹੈ। ਜਿਸ ਕਦਰ ਸਾਡੇ ਇਨਕਲਾਬੀ ਬਾਬੇ ਨੇ ਇਸ ਸ਼ਬਦ 'ਚ ਭੇਖੀ ਜੋਗੀਆਂ ਦੀ ਖਿਚਾਈ ਕੀਤੀ ਸੀ ਉਸੇ ਹੀ ਸ਼ਿੱਦਤ ਨਾਲ ਇਸ ਟੇਪ 'ਚ ਭਾਈ ਸਾਹਿਬ ਨੇ ਇਸ ਨੂੰ ਗਾਵਿੰਆ ਸੀ। ਮੈਂ ਆਪਣੀ ਇਸ ਪਸੰਦੀਦਾ ਟੇਪ ਨੂੰ ਬਾਰ-



ਬਾਰ ਹੀ ਨਹੀਂ ਹਜ਼ਾਰ ਵਾਰ ਸੁਣਿਆ ਸੀ ਤੇ ਇਹੀ ਟੇਪ ਸੀ ਜਿਸ ਨੇ ਭਾਈ ਸਾਹਿਬ ਤੇ ਮੇਰੇ ਦਰਮਿਆਨ ਜਾਣੋਂ ਕੋਈ ਅਕਹਿ ਤੇ ਅਦ੍ਰਿੱਸ਼ ਜਿਹਾ ਰਿਸ਼ਤਾ ਕਾਇਮ ਕਰ ਦਿੱਤਾ ਸੀ।

ਕਹਿੰਦੇ ਹਨ- ਰੱਬ ਸਬੱਬ ਬਣਾ ਦਿੰਦਾ ਹੈ। ਮੇਰੇ ਮੋਹ-ਖੋਰੇ ਮਿੱਤਰ ਰਣਜੀਤ ਸਿੰਘ ਦਾ ਕੈਲੀਫੋਰਨੀਆ ਤੋਂ ਫ਼ੋਨ ਆਇਆ। ਸਾਡੇ ਭਾਣਜੇ ਨਵਪ੍ਰੀਤ ਦੇ ਵਿਆਹ ਦੀ ਤਰੀਕ ਪੱਕੀ ਹੋ ਗਈ ਸੀ। ਰਣਜੀਤ ਨੇ ਉਚੇਚੀਆਂ ਕੋਸ਼ਿਸ਼ਾਂ ਨਾਲ ਇੰਡੀਆ, ਇੰਗਲੈਂਡ ਫ਼ੋਨ ਕਰ-ਕਰ ਕੇ ਭਾਈ ਸਾਹਿਬ ਨੂੰ ਇਸ ਵਿਆਹ ਤੇ ਬੁਲਾਇਆ ਸੀ। ਚਿੱਤ 'ਚ ਘਨੇਰਾ ਚਾਅ ਸੀ। ਅਹੁਲ ਕੇ ਚਾਈਂ-ਚਾਈਂ ਅਸੀਂ ਗੁਰਦੁਆਰਾ ਸ਼੍ਰੋਮਣੀ ਸਿੱਖ ਸੰਗਤ ਮਿਸੀਸਾਗਾ (ਕੈਨੇਡਾ) ਪਹੁੰਚੇ।

ਦੀਵਾਨ ਹਾਲ ਵਿਚ ਸਟੇਜ ਮੂਹਰੇ ਸੱਜੇ ਪਾਸੇ ਮੈਂ ਇਕ ਥੰਮਲੇ ਨਾਲ ਬੈਠਾ ਸਾਂ। ਉੱਚੇਚੀ ਚਾਹਨਾਂ-ਉਤਕੰਠਾ ਕਰਕੇ ਅਨੰਦ-ਕਾਰਜ ਦੇ ਇਸ ਨਜ਼ਾਰੇ ਵਿਚ ਮੇਰੀ ਨਜ਼ਰ ਭਾਈ ਸਾਹਿਬ ਨੂੰ ਨੀਝ ਨਾਲ ਨਿਹਾਰ ਰਹੀ ਸੀ। ਭਾਈ ਸਾਹਿਬ ਆਪਣੇ ਦੋ ਸਹਿਯੋਗੀਆਂ ਸਹਿਤ ਮੱਥਾ ਟੇਕ ਕੇ ਸਹਿਜਤਾ ਜਿਹੀ ਨਾਲ ਬੈਠ ਕੇ ਸਾਜ਼ ਸੰਭਾਲ ਰਹੇ ਸਨ। ਅਨੰਦ-ਕਾਰਜ ਦੀ ਰਸਮ ਹੋਣ ਲੱਗੀ। ਭਾਈ ਸਾਹਿਬ ਮਰਿਆਦਾ ਅਨੁਸਾਰ ਵਿਚ-ਵਿਚ ਸ਼ਬਦ ਪੜ੍ਹਦੇ। ਉਹਨਾਂ ਇਕ ਸ਼ਬਦ ਪੜ੍ਹਿਆ- 'ਹਰਿ ਪ੍ਰਭ ਮੇਰੇ ਬਾਬਲਾ ਹਰਿ ਦੇਵਹੁ ਨਾਮ ਮੈਂ ਦਾਜੋ।' ਚੌਥੇ ਪਾਤਸ਼ਾਹਾਂ ਉਚਾਰੀ ਬਾਣੀ! ਸਮੇਂ ਅਨੁਸਾਰ ਢੁੱਕਵੇਂ ਸ਼ਬਦ ਦੀ ਚੋਣ ਤੇ ਆਵਾਜ਼ ਗੁਰੂ-ਵਰੋਸਾਏ ਭਾਈ ਹਰਜਿੰਦਰ ਸਿੰਘ ਦੀ!! ਦੀਵਾਨ ਹਾਲ ਵਿਚ ਸੰਗਤਾਂ ਕਣਕਾਂ ਵਾਂਗੂੰ ਝੂੰਮਣ ਲੱਗ ਪਈਆਂ। ਅਨੰਦ ਹੋ ਗਏ। ਹੁਣ ਸਾਰਿਆਂ ਨੇ ਬੇਸਮੈਂਟ ਵਿਚ ਲੰਗਰ ਛਕਣਾ ਸੀ। ਭਾਈ ਸਾਹਿਬ ਦੇ ਵਰਤਾਰੇ-ਵਿਹਾਰ ਨੂੰ ਵੇਖਣ ਦਾ ਇਹ ਵਧੀਆ ਢੋਅ-ਮੇਲ ਜਾਣ ਮੈਂ ਲੰਗਰ ਦੀਆਂ ਪੌੜੀਆਂ ਉੱਤਰ ਗਿਆ। ਮੈਨੂੰ ਜਾਣੂੰ-ਮਿੱਤਰ ਮਿਲਦੇ ਰਹੇ ਪਰ ਮੇਰੀ ਇਕ ਅੱਖ ਉਹਨਾਂ ਨਾਲ ਸੀ ਤੇ ਇਕ ਭਾਈ ਸਾਹਿਬ ਵੱਲ। ਮੈਂ ਭਾਈ ਸਾਹਿਬ ਦੀ ਜ਼ਿੰਦਗੀ ਦੀ ਤਰਜ਼ ਦੇਖਣ ਦਾ ਤਲਬਗਾਰ ਸਾਂ। ਉਹ ਆਪਣੇ ਸਹਿਯੋਗੀਆਂ ਭਾਈ ਮਨਿੰਦਰ ਸਿੰਘ (ਭਰਾ) ਤੇ ਭਾਈ ਜਤਿੰਦਰ ਸਿੰਘ (ਤਬਲਾ-ਵਾਦਕ) ਨਾਲ ਲੰਗਰ ਛੱਕ ਕੇ ਹਟੇ ਹੀ ਸਨ ਕਿ ਸਿਰ 'ਤੇ ਪਟਕਾ ਬੰਨ੍ਹੀ ਇਕ ਰੋਡ-ਭੋਡ ਜਿਹਾ ਬੰਦਾ ਉਠਾਲ ਕੇ ਉਹਨਾਂ ਨੂੰ ਆਪਣੇ ਨਾਲ ਲੈ ਗਿਆ ਅਤੇ ਉਹ ਇਕ ਥੰਮਲੇ ਕੋਲ ਖਲੋਤੇ ਪੰਜ-ਚਾਰ ਮਿੰਟ ਉਸ ਨਾਲ ਗੱਲਾਂ ਕਰਦੇ ਰਹੇ। ਏਨੇ ਨੂੰ ਰਣਜੀਤ ਵੀ ਆ ਗਿਆ ਤੇ ਲੰਗਰ-ਹਾਲ ਵਿਚ ਮਿਲਦਿਆਂ ਤੇ ਹੱਥ ਮਿਲਾਉਂਦਿਆਂ ਭਾਈ ਸਾਹਿਬ ਨਾਲ-ਮੇਰੀ ਸੰਖਿਪਤ ਜਿਹੀ ਇਹ ਪਹਿਲੀ ਮੁਲਾਕਾਤ ਹੋਈ। ਪਰ ਅੰਦਰੋਂ ਮੈਂ ਉਹਨਾਂ ਨੂੰ ਡੂੰਘੀ ਨੀਝ ਨਾਲ ਨਿਹਾਰ ਰਿਹਾ ਸਾਂ। ਮੈਨੂੰ ਉਹ ਬਹੁਤ ਹੀ ਸਾਊ-ਸਾਧਾਰਨ ਜਿਹੇ ਲੱਗੇ। ਦਰਅਸਲ ਸੁੰਦਰਤਾ ਸਾਧਾਰਨਤਾ ਵਿਚ ਹੀ ਵਸਦੀ ਹੈ।

ਜੰਗਲੀ ਫੁੱਲ ਸੋਹਣੇ ਹੁੰਦੇ ਹਨ। ਭੋਲੀਆਂ ਪੇਂਡੂ ਕੁੜੀਆਂ ਸੁੰਦਰ ਹੁੰਦੀਆਂ ਹਨ ਤੇ ਜਿਹਨਾਂ ’ਤੇ ਖ਼ੁਦਾ ਦੀ ਨਜ਼ਰ ਸਵੱਲੀ ਹੋ ਜਾਵੇ ਉਹ ਪਸ਼ੂ ਪੰਛੀ ਤੇ ਪੌਦੇ ਬਿਨਾ-ਯਤਨ ਵੀ ਅਤਿ ਸੁੰਦਰ ਹੋ ਜਾਂਦੇ ਹਨ।

ਮੈਂ ਵੇਖਿਆ ਹੈ ਕਿ ਹਰ ਧਰਮ ਦੇ ਪ੍ਰਚਾਰਕ ਆਪਣੇ ਲੋਕਾਂ ਸਾਹਵੇਂ ਇਕ ਦੰਭ ਦੇ ਪਰਦੇ ਵਿਚ ਵਿਚਰਦੇ ਹਨ। ਉਹ ਲੋਕਾਂ ਨੂੰ ਪ੍ਰਭਾਵਿਤ ਕਰਨ ਖਾਤਰ ਆਪਣੇ ਧਰਮ ਦੇ ਬਾਹਰੀ ਦੰਭ-ਸ਼ਿੰਗਾਰ ਸਹਿਤ ਆਪਣੇ ਆਪ ਨੂੰ ਸ਼ਿੰਗਾਰ-ਸੁਆਰ ਕੇ ਆਪਣੇ ਲੋਕਾਂ ਸਾਹਵੇਂ ਪੇਸ਼ ਕਰਦੇ ਹਨ। ਭਾਰਤੀ-ਸਭਿਆਚਾਰ ਦੇ ਸੰਦਰਭ ਵਿਚ ਅਜਿਹੇ ਧਾਰਮਿਕ-ਪਖੰਡੀਆਂ ਦੇ ਪਾਖੰਡ ਦੇ ਪਰਖਚੇ ਪ੍ਰਥਮ ਸਤਿਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਖ਼ੂਬ ਉਡਾਏ ਹਨ ਪਰ ਅੱਜ ਸਿੱਖਾਂ ਦੀ ਪ੍ਰਚਾਰਕ-ਸ਼੍ਰੇਣੀ ਨੂੰ ਉਕਤ ਦੋਸ਼ ਤੋਂ ਹਰਗਿਜ਼ ਬਰੀ ਨਹੀਂ ਕੀਤਾ ਜਾ ਸਕਦਾ। ਅੱਜ ਸਿੱਖ ਦਾਇਰਿਆਂ ਵਿਚ ਅਜਿਹੇ ਪਖੰਡੀ ਅਥਵਾ ਅਖੌਤੀ ਸੰਤ-ਬਾਬਿਆਂ, ਕਥਾ-ਵਾਚਕਾਂ ਤੇ ਕੀਰਤਨੀਆਂ ਦੀ ਭਰਮਾਰ ਹੈ ਪਰ ਭਾਈ ਸਾਹਿਬ ਨੂੰ ਪਹਿਲੀ ਨਜ਼ਰ ਵੇਖਦਿਆਂ ਉਹ ਮੈਨੂੰ ਗੁਰੂ ਕੇ ਇਕ ਸਾਧਾਰਨ ਸਿੱਖ ਜਿਹੇ ਲੱਗੇ। ਕਬੀਰ ਦੇ ਆਸਾ ’ਚ ਕਹੇ ‘...ਗਲੀ ਜਿਨਾ ਜਪਮਾਲੀਆ...’ ਵਰਗੀ ਉਹਨਾਂ ਵਿਚ ਕੋਈ ਗੱਲ ਹੀ ਨਹੀਂ ਸੀ। ਉਹਨਾਂ ਤੇ ਉਹਨਾਂ ਦੇ ਸਾਥੀਆਂ ਦੇ ਗਲੀ ਨਾ ਮਾਲਾਵਾਂ ਸਨ ਨਾ ਕਢਾਈਦਾਰ ਕੁੜਤੇ। ਨਾ ਹੀ ਗੱਲਾਂ ’ਚ ਚਿੱਟੇ-ਦੁੱਧ ਤਹਿਦਾਰ ਪਰਨੇ ਤੇ ਨਾ ਬਹੁ-ਕਲੀਏ ਚੋਲੇਦਾਰ ਕੁੜਤਿਆਂ ਉੱਤੋਂ ਦੀ ਚੌੜੇ ਕਾਲੇ ਗਾਤਰਿਆਂ ਵਿਚ ਪਾਈਆਂ ਲਿਸ਼ਕਦੀਆਂ ਸਜਾਉਟੀ ਕਿਰਪਾਨਾਂ। ਭਾਈ ਸਾਹਿਬ ਦੀਆਂ ਸੁਰਾਂ ਤੇ ਮੇਲ੍ਹਣ ਵਾਲੀਆਂ ਉਂਗਲੀਆਂ ਵਿਚ ਮੈਨੂੰ ਕੋਈ ਨਗ-ਨਗੀਨਿਆਂ ਨਾਲ ਜੜੀ ਮੁੰਦਰੀ ਵੀ ਨਜ਼ਰ ਨਾ ਆਈ। ਕੀਰਤਨ ਕਲਾ ਦੀ ਸਿਖਰ ’ਤੇ ਸਾਦਗੀ ਦੀ ਇੰਤਹਾ! ਭਾਈ ਜੀ!! ਵਾਹ!!! ਮੇਰੇ ਅੰਦਰਲੇ ਨੇ ਕਿਹਾ। ਲੰਗਰ-ਹਾਲ ’ਚ ਫਿਰਦੇ ਉਸ ਦਿਨ ਉਹ ਤਿੰਨੇ ਮੈਨੂੰ ਇੰਞ ਦੇ ਗੁਰੂ ਕੇ ਗੋਲੇ ਆਲੇ-ਭੋਲੇ ਸਿੱਖ ਜਿਹੇ ਨਜ਼ਰੀਂ ਆਏ ਜਿਵੇਂ ਉਹ ਅੱਜ ਦੇ ਸਿੱਖ-ਆਕਾਸ਼ ਵਿਚ ਸ਼ੈਤਾਨੀਆਂ ਦੀਆਂ ਬਾਜ਼ੀਆਂ ਲਾਉਂਦੇ ਸੈਅ ਦੁੱਧ-ਚਿੱਟੇ ਚੀਨਿਆਂ ਤੋਂ ਸੈਅ ਗੁਣਾਂ ਚੰਗੇ ਤੇ ਪਿਆਰੇ ਹੋਵਣ। ਮੈਂ ਨਿਹਾਰਿਆ ਉਹਨਾਂ ਤਿੰਨਾਂ ਦੇ ਸਿਰੀਂ ਸਲੀਕੇ ਨਾਲ ਬੰਨ੍ਹੀਆਂ ਸਿੰਘ- ਫੌਜੀ ਪੱਟੀਦਾਰ ਨੀਲੀਆਂ ਦਸਤਾਰਾਂ ਤੇ ਨਿੰਮ੍ਹੇ ਚਾਰ-ਖਾਨੇ ਜਿਹੇ ਕਰੀਮ-ਕੱਲਰੀ ਕੁੜਤੇ-ਪਜਾਮੇ ਪਾਏ ਹੋਏ ਸਨ। ਮੈਨੂੰ ਓਦਣ ਉਹ ਜ਼ਿੰਦਗੀ ਦੀ ਝੀਲ ’ਚ ਵਿਚਰਦੇ ਵਡਹੰਸ ਜਿਹੇ ਜਾਪੇ ਜੋ ਤੀਸਰੇ ਪਾਤਸ਼ਾਹਾਂ ਦੇ ਵਡਹੰਸ ’ਚ ਕਥੇ ‘ਬਗੁ’ ਬਪੁੜਿਆਂ ਤੋਂ ਬਿਲਕੁਲ ਵੱਖਰੇ-ਵਡੇਰੇ ਸਨ।

ਬਚਪਨ ਤੋਂ ਆਪਣੇ ਪਿੰਡ ਦੇ ਕੀਰਤਨੀ-ਜਥੇ ਨਾਲ ਜੁੜੇ ਹੋਣ ਸਦਕਾ ਕੀਰਤਨ ’ਚ ਮੇਰੀ ਅਗਾਧ ਸ਼ਰਧਾ ਹੁਣ ਤੱਕ ਨਿਰੰਤਰ ਬਣੀ ਰਹੀ ਹੈ। ਮੈਂ ਅਨੁਭਵ



ਕਰਦਾ ਹਾਂ ਕਿ ਕੀਰਤਨ ਕਰਤਾਰ ਦੁਆਰਾ ਸਿੱਖਾਂ ਨੂੰ ਬਖਸ਼ੀ ਇਕ ਉਹ ਅਲੌਕਿਕ-ਦਾਤ ਅਥਵਾ ਕਲਾ ਹੈ ਜਿਸ ’ਤੇ ਸਿੱਖਾਂ ਨੂੰ ਮਣਾਂ-ਮੂੰਹੀਂ ਮਾਣ ਹੋਣਾ ਚਾਹੀਦਾ ਹੈ। ਸਿੱਖ ਸਭਿਆਚਾਰ ’ਚ ਕੀਰਤਨ ਦਾ ਮੁੱਢ ਇੰਞ ਬੱਝਾ ਕਿ ਸਿੱਖ ਧਰਮ ਦੇ ਸੰਸਥਾਪਕ ਪ੍ਰਥਮ ਪਾਤਸ਼ਾਹ ਗੁਰੂ ਨਾਨਕ ਤੇ ਮਰਦਾਨਾ ਮੀਰਾਸੀ ਦੋਨੋਂ ਉਮਰੋਂ ਹੀ ਨਹੀਂ ਰੂਹੋਂ ਵੀ ਹਾਣੀ-ਪ੍ਰਮਾਣੀ ਸਨ। ਸੰਸਾਰਿਕ-ਵਿਰੋਧਾਂ ਦੇ ਬਾਵਜੂਦ ਵੀ ਉਹ ਇਕ ਦੂਜੇ ਦੀ ਬਾਂਹ ’ਚ ਬਾਂਹ ਪਾ ਤੁਰਦੇ ਰਹੇ। ਗੁਰੂ ਜੀ ਨੂੰ ਜੋ ਇਲਹਾਮ ਹੁੰਦਾ- ਉਤਰਦਾ ਉਹ ਉਚਾਰਦੇ ਤੇ ਉਹਨਾਂ ਦੀ ਰੂਹ ਦੇ ਹਾਣੀ ਭਾਈ ਮਰਦਾਨਾ ਇਸ ਨੂੰ ਰਬਾਬ ਦੀਆਂ ਤਾਰਾਂ ਵਿਚ ਬੰਨ੍ਹ ਲੈਂਦੇ। ਇਹੀ ਸਿੱਖ-ਸਭਿਆਚਾਰ ਵਿਚ ਕੀਰਤਨ ਦਾ ਆਰੰਭ ਅਥਵਾ ਆਗਾਜ਼ ਸੀ। ਉਪਰੰਤ ਸਭ ਗੁਰ-ਜੋਤਾਂ ਨੇ ਬਾਣੀ ਨਿਰਧਾਰਤ ਰਾਗਾਂ ’ਚ ਉਚਾਰੀ ਤੇ ਗੁਰੂ ਘਰ ਦੇ ਕੀਰਤਨੀਏ, ਵਿਸ਼ੇਸ਼ਕਰ ਪ੍ਰਥਮ ਗੁਰਾਂ ਦੇ ਦੋਸਤ ਮਰਦਾਨੇ ਦੇ ਮਿਰਾਸੀ ਉਤਰਾਧਿਕਾਰੀ ਗੁਰੂ-ਘਰ ਕੀਰਤਨ ਕਰਦੇ ਰਹੇ। ਪਰ ਪੰਚਮ ਪਾਤਸ਼ਾਹ ਦੇ ਸਮੇਂ ਗੁਰੂ-ਦਰਬਾਰ ’ਚ ਵਹਿੰਦੀ ਇਸ ਕੀਰਤਨ-ਧਾਰਾ ਵਿਚ ਖੜੋਤ ਦਾ ਇਕ ਚੰਦਰਾ-ਛਿੰਨ ਆ ਖੜੋਤਾ ਕਿ ਸੱਤਾ-ਬਲਵੰਡ ਰਬਾਬੀ ਇਕ ਦਿਨ ਕੀਰਤਨ ਦੀ ਥੋੜ੍ਹੀ ਚੜ੍ਹੌਤ ਕਾਰਨ ਹੰਕਾਰ-ਵੱਸ ਕੀਰਤਨ ਕਰਨ ਤੋਂ ਹੀ ਵੀਹਰ ਖਲੋਤੇ। ਅਗਲੀ ਸਵੇਰ ਗੁਰੂ-ਦਰਬਾਰ ਕੀਰਤਨ ਕਰਨ ਆਏ ਹੀ ਨਾ। ਗੁਰੂ ਜੀ ਆਪ ਵੀ ਸੱਦਣ ਗਏ। ਆਏ ਨਾ। ਕੋਹੜੀ ਹੋ ਗਏ। ਫੇਰ ਭਾਈ ਲੱਧਾ ਜੀ ਦੇ ਗੁਰਾਂ ਦੇ ਹੁਕਮ ਦੀ ਪੂਰਤੀ ਵਸ ਆਪਣਾ ਮੂੰਹ ਕਾਲ਼ਾ ਕਰਵਾਣ ਮਗਰੋਂ ਬਖਸ਼ੇ ਗਏ। ਉਸੇ ਹੰਕਾਰੀ-ਜੀਭ ਨਾਲ ਗੁਰੂ-ਦਰਬਾਰ ਕੀਰਤਨ ਵੀ ਕਰਨ ਲੱਗੇ ਤੇ ਗੁਰਾਂ ਦੀ ਕੀਤੀ ਨਿੰਦਿਆ ਬਦਲੇ ਉਹਨਾਂ ਦੀ ਕੀਰਤੀ ਵੀ ਕੀਤੀ ਜੋ ਸੱਤੇ ਬਲਵੰਡ ਦੀ ਵਾਰ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਪਰ ਹਾਲਾਤ ਵੇਖ ਪੰਚਮ ਪਾਤਸ਼ਾਹ ਜੀ ਨੇ ਆਪਣੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਕੀਰਤਨ ਕਿਸੇ ਖਾਸ ਤਬਕੇ ਦੀ ਪਰੰਪਰਾ-ਪਰਿਪਾਟੀ ਨਹੀਂ ਇਹ ਸਭ ਸਿੱਖਾਂ ਦੀ ਸਾਂਝੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਬੋਲਾਂ ਨੂੰ ਫੁੱਲ ਤੇ ਫ਼ਲ ਕੀ ਲੱਗੇ ਕਿ ਕੀਰਤਨ ਦੀ ਇਕ ਤਰੰਗ ਹੀ ਸਾਰੇ ਸਿੱਖ-ਸੰਸਾਰ ’ਚ ਫਿਰ ਗਈ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਸਿੱਧੀਆਂ ਧਾਰਨਾਵਾਂ ਤੋਂ ਸ਼ੁਰੂ ਹੋਇਆ ਕੀਰਤਨ, ਸਿੱਖ-ਸਭਿਆਚਾਰ ’ਚ ਰਾਗ ਦੀ ਉੱਚ-ਪੱਧਤੀ ਤੱਕ ਪ੍ਰਵਾਨ ਚੜ੍ਹ ਗਿਆ। ਗੁਰਾਂ ਦੀ ਇਸੇ ਸੁੰਦਰ ਕੀਰਤਨ-ਫੁਲਵਾੜੀ ਦੇ ਸੁੰਦਰ ਸਰਬੋਤਮ ਫੁੱਲ ਭਾਈ ਹਰਜਿੰਦਰ ਸਿੰਘ ਜੀ ਨੇ ਅਗਲੇ ਦਿਨ ਮੇਰੇ ਆਂਗਣ ਨੂੰ ਭਾਗ ਲਾਉਣੇ ਸਨ। ਲੱਸੀਆਂ ਕੁ ਵੇਲੇ ਰੇਨਬੋ-ਬਰਿੱਜ, ਇਮੀਗਰੇਸ਼ਨ ਤੋਂ ਫ਼ਾਰਗ ਹੁੰਦਿਆਂ ਹੀ ਘਰ ਦਾ ਰਸਤਾ ਪੁੱਛਣ ਲਈ ਉਹਨਾਂ ਦਾ ਫ਼ੋਨ ਆਇਆ। ਫ਼ੋਨ ਬਾਰੇ ਮੇਰੇ ਦਸਦਿਆਂ ਹੀ ਸਿੰਘਣੀ ਮੇਥੀ ਵਾਲੇ ਪਰਾਉਂਠੇ ਪਕਾਉਣ ਦੇ ਆਹਰ ਵਿਚ ਰੁੱਝ ਗਈ। ਫਿਰ ਉਹ ਆ ਗਏ। ਬਾਹਰ

ਨਿਕਲ ਮਿਲ ਕੇ ਫ਼ਤਹਿ ਵਟਾਂਦਿਆਂ ਅਸੀਂ ਅੰਦਰ ਆ ਸਿੱਧੇ ਖਾਣੇ ਦੇ ਮੇਜ਼ ’ਤੇ ਬਹਿ ਗਏ। ਨਿੱਕੀਆਂ-ਨਿੱਕੀਆਂ ਗੱਲਾਂ ਸ਼ੁਰੂ ਹੋਈਆਂ। ਕੋਈ ਹਾਸੇ ਵਾਲੀ ਗੱਲ ਹੁੰਦੀ ਤਾਂ ਭਾਈ ਸਾਹਿਬ ਮਿਸਰੀ-ਮਿਸ਼ਰਤ ਜਿਹਾ ਮੁਸਕਰਾਉਂਦੇ ਜਾਂ ਨਿੱਕੀ-ਨਿੱਕੀ ਕਣੀ ਦੇ ਮੀਂਹ ਵਰਗਾ ਹਾਸਾ ਹੱਸਦੇ। ਬਹੁਤੀਆਂ ਗੱਲ ਦਾ ਜਵਾਬ ਮਨਿੰਦਰ ਸਿੰਘ ਹੀ ਦਿੰਦਾ। ਏਨੇ ਨੂੰ ਸਤਵੰਤ ਨੇ ਨਾਸ਼ਤਾ ਮੇਜ਼ ’ਤੇ ਪਰੋਸ ਦਿੱਤਾ। ਮੈਂ ਅਜੇ ਦਹੀਂ ਦੇ ਡੌਂਘੇ ਵਿਚ ਪਈ ਕੜਛੀ ਨੂੰ ਹੱਥ ਪਾ ਕੇ ਭਾਈ ਸਾਹਿਬ ਵੱਲ ਤੱਕਿਆ ਹੀ ਸੀ ਕਿ ਮਨਿੰਦਰ ਸਿੰਘ ਬੋਲ ਉੱਠਿਆ- ਇਹ ਦਹੀਂ ਨਹੀਂ ਖਾਂਦੇ।

ਮੈਂ ਭਾਈ ਸਾਹਿਬ ਵੱਲ ਵੇਖ ਕੇ ਪੁੱਛਿਆ- ਕਿਉਂ ? ਦਹੀਂ ਵੀ ਛੱਡਿਆ ਹੋਇਐ ?

ਉਹ ਮੇਰੇ ਵੱਲ ਵੇਖ ਕੇ ਮੁਸਕਰਾਏ।

ਇਸ ਤੋਂ ਪਹਿਲੋਂ ਕਿ ਮੈਂ ਆਚਾਰ ਬਾਰੇ ਪੁੱਛਦਾ, ਮਨਿੰਦਰ ਸਿੰਘ ਹੋਰੀਂ ਬੋਲੇ -

‘ਦਹੀਂ’ ਗਲ਼ੇ ਵਾਸਤੇ ਚੰਗਾ ਨਹੀਂ ਹੁੰਦਾ।

‘ਫੇਰ ਪਰਾਉਂਠਿਆਂ ਨਾਲ ਚੱਲੂਗਾ ਕੀ ? ’ ਬਟਰ ਬਾਰੇ ਸੰਕੁਚਦਿਆਂ ਮੈਂ ਪੁੱਛਿਆ।

“ਇਹ ਦਾਲ਼ ਖਾ ਲੈਂਦੇ ਹਨ।’ ਮਨਿੰਦਰ ਨੇ ਮੋੜ ਦਿੱਤਾ।

‘ਕਾਹਦੀ ਦਾਲ਼ ? ’ ਮੈਂ ਪੁੱਛਿਆ।

‘ਮੂੰਗੀ ਦੀ।’ ਮਨਿੰਦਰ ਸਿੰਘ ਬੋਲੇ।

ਮਾਹਾਂ ਮੋਠਾਂ ਦੀ ਦਾਲ ਮੇਰੀ ਸਦਾ ਮਨ-ਭਾਵਣੀ ਰਹੀ ਹੈ। ਮੂੰਗੀ-ਮਸਰ ਦੀ ਦਾਲ ਸਾਡੇ ਘਰ ਕਦੇ-ਕਦਾਈਂ ਭਾਵ ਬਹੁਤ ਹੀ ਘੱਟ ਬਣਦੀ ਹੈ ਪਰ ਸੁਣ ਕੇ ਸਤਵੰਤ ਰਸੋਈ ’ਚੋਂ ਬੋਲੀ- ‘ਮੂੰਗੀ ਦੀ ਦਾਲ਼ ਤਾਂ ਫਰਿੱਜ਼ ’ਚ ਪਈ ਐ।’

ਖ਼ਬਰੇ ਧੋਵੀਂ ਮੂੰਗੀ ਦੀ ਇਹ ਦਾਲ਼ ਭਾਈ ਸਾਹਿਬ ਲਈ ਹੀ ਸਪੈਸ਼ਲ ਬਣ ਕੇ ਮੇਰੇ ਘਰ ’ਚ ਸਾਂਭੀ ਪਈ ਸੀ। ਉਸ ਦਿਨ ਅਸੀਂ ਸਾਰਿਆਂ ਨੇ ਉਸ ਧੋਵੀਂ ਮੂੰਗੀ ਨਾਲ ਪਰਾਉਂਠੇ ਖਾਧੇ।

ਫਿਰ ਅਸੀਂ ਬਾਹਰ ਆ ਕੁਰਸੀਆਂ ਖਿੱਚ ਕੇ ਲਾਅਨ ਵਿਚ ਬੈਠ ਗਏ। ਸਵੇਰ ਦੀ ਚਿਤਰ-ਮਿੱਤਰੀ ਚਿੱਤਕਬਰੀ ਜਿਹੀ ਧੁੱਪ-ਛਾਂ ਅਤੇ ਸ਼ਾਂਤ ਰੰਗਲਾ ਜਿਹਾ ਸਮਾਂ ਸੀ। ਚਿੱਤ ਚਾਹੁੰਦਾ ਸੀ ਕਿ ਜੋ ਵੀ ਮੈਂ ਇਹਨਾਂ ਸੁਨਹਿਰੀ ਪਲਾਂ ’ਚ ਉਹਨਾਂ ਤੋਂ ਪੁੱਛਾਂ, ਉਹ ਦੱਸਣ ਇਹ ਲੋਕਾਂ ਤੱਕ ਪਹੁੰਚੇ। ਮੈਂ ਪੁੱਛਣਾ ਸ਼ੁਰੂ ਕੀਤਾ -

ਤੁਹਾਡੇ ਪਿਤਾ ਜੀ ਦਾ ਨਾਮ ?

- ਸ. ਬੇਅੰਤ ਸਿੰਘ। ਉਹ ਬੋਲੇ।



ਮਾਤਾ ਜੀ ਦਾ ਨਾਮ ?

- ਤੇਜ ਕੌਰ। ਅਸੀਂ ਚਾਰ ਭਰਾ ਹਾਂ ਤੇ ਦੋ ਭੈਣਾਂ। ਪਿੰਡ ਸਾਡਾ ਬੱਲ੍ਹੜਵਾੜ ਹੈ, ਜ਼ਿਲ੍ਹਾ ਗੁਰਦਾਸਪੁਰ ’ਚ। ਉਹ ਇਕੋ ਸਾਹੇ ਸ਼ਾਰਟ-ਕੱਟ ਕੱਟ ਗਏ।

ਤੁਹਾਡਾ ਜਨਮ ? ਮੈਂ ਪੁੱਛਿਆ।

ਜਨਮ ਮੇਰਾ ਇਕ ਅਪ੍ਰੈਲ ਸੰਨ ਅਠਵੰਜਾ ’ਚ ਹੋਇਆ ਸੀ। ਮੇਰੇ ਪਿਤਾ ਜੀ ਮਿਲਟਰੀ ’ਚ ਹੁੰਦੇ ਸਨ। ਮਾਮਾ ਜੀ ਮੇਰੇ ਮਿਲਟਰੀ ’ਚ ਕੀਰਤਨ ਕਰਦੇ ਹੁੰਦੇ ਸਨ। ਉਹ ਬੋਲੇ।

ਪਿੰਡ ਤੁਹਾਡਾ ਬੱਲ੍ਹੜਵਾਲਾ ਹੈ ਤੇ ਇਹ ਸ੍ਰੀਨਗਰ ਕਿੱਥੋਂ ਨਾਲ ਆ ਲੱਗਾ ? ਮੈਂ ਪੁੱਛਿਆ।

ਅਸਲ ’ਚ ਰਹਿਣ ਤਾਂ ਅਸੀਂ ਲੁਧਿਆਣੇ ਲੱਗ ਪਏ ਸੀ ਪਰ ਵਿਚੋਂ ਦੋ ਕੁ ਸਾਲ ਸ੍ਰੀਨਗਰ ਚਲੇ ਗਏ। ਲੁਧਿਆਣੇ ਓਦੋਂ ਕਈ ਕੀਰਤਨੀ ਜਥੇ ਹੁੰਦੇ ਸਨ। ਜਦੋਂ ਕਦੇ ਕੋਈ ਕੀਰਤਨ-ਦਰਬਾਰ ਜਾਂ ਪ੍ਰੋਗਰਾਮ ਹੋਣਾ ਤਾਂ ਪ੍ਰਬੰਧਕਾਂ ਸਾਡੀ ਪਛਾਣ ਹੀ ਸੰਗਤਾਂ ਨੂੰ ‘ਸ੍ਰੀਨਗਰ ਵਾਲੇ’ ਕਹਿ ਕੇ ਕਰਵਾਉਣੀ ਸ਼ੁਰੂ ਕਰ ਦਿੱਤੀ ਤੇ ਓਦੋਂ ਤੋਂ ਸ੍ਰੀਨਗਰ ਸਾਡੇ ਨਾਲ ਜੁੜ ਗਿਆ। ਮੁਸਕਰਾਉਂਦਿਆਂ ਉਹ ਬੋਲੇ।

ਤੁਹਾਨੂੰ ਸੰਗੀਤ ਦੀ ਇਹ ਚੇਟਕ ਕਿੱਥੋਂ ਲੱਗੀ ? ਮੈਂ ਪ੍ਰਸ਼ਨ ਕੀਤਾ।

ਗਿਆਨੀ ਭਗਤ ਸਿੰਘ ਜੀ ਮੇਰੇ ਪਿਤਾ ਜੀ ਦੇ ਇਕ ਸਾਥੀ ਹੁੰਦੇ ਸਨ। ਇਕ ਮਾਸਟਰ ਦੀਦਾਰ ਸਿੰਘ ਤੇ ਇਕ ਹੁੰਦੇ ਸਨ ਸੁਰਿੰਦਰ ਕੁਮਾਰ ਜੀ, ਇਹਨਾਂ ਤੋਂ ਮੈਨੂੰ ਇਹ ਪ੍ਰੇਰਨਾ ਮਿਲੀ। ਮਾੜੀ ਬੁੱਚੀਆਂ ਸਰਕਾਰੀ ਹਾਈ ਸਕੂਲ ’ਚ ਪੜ੍ਹਦਿਆਂ ਹਾਸਰਸ ਕਵੀ ਚਮਨ ਗੋਬਿੰਦਪੁਰੀ ਤੋਂ ਪੜ੍ਹਨ ਕਾਰਨ ਵੀ ਰੁਝਾਨ ਇੱਧਰ ਹੋਇਆ।

‘ਕੀਤਰਨ ਦੀ ਇਹ ਜੋਤ ਕਿਵੇਂ ਜਾਗੀ ਤੇ ਉੱਚੀ ਹੋਈ ? ’ ਮੈਂ ਪੁੱਛਿਆ।

‘ਗਿਆਨੀ ਭਗਤ ਸਿੰਘ ਜੀ ਦੇ ਜਥੇ ਨਾਲ ਪਹਿਲੋ-ਪਹਿਲ ਪਿੰਡ ਸ਼ਬਦ ਪੜ੍ਹਨੇ ਸ਼ੁਰੂ ਕੀਤੇ। ਦੋ ਕੁ ਸਾਲ ਇਹ ਸਿਲਸਿਲਾ ਚਲਦਾ ਰਿਹਾ। ਤਬਲਾ ਮੇਰੇ ਨਾਲ ਮਨਿੰਦਰ ਵੱਜਾ ਲੈਂਦਾ ਸੀ। ਫੇਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਦੋ ਸਾਲ ਦਾ ਗੁਰਮਤਿ-ਸੰਗੀਤ ਦਾ ਕੋਰਸ ਕੀਤਾ। ਕੀਰਤਨ ਦੀ ਪੁੰਗਰ ਰਹੀ ਵੇਲ ਵਧਣੀ ਸ਼ੁਰੂ ਹੋਈ। ਉੱਨੀ ਸੌ ਪਚਾਸੀ ’ਚ ‘ਸਭ ਦੇਸ ਪਰਾਇਆ’ ਕੈਸੇਟ ਕੱਢੀ। ਫੇਰ ਕੀਰਤਨ ਕਰਨ ਦੇ ਨਾਲ-ਨਾਲ ਕੈਸਿਟਾਂ ਨਿਕਲਦੀਆਂ ਚਲੀਆਂ ਗਈਆਂ। ‘ਗਲੀ ਜੋਗ ਨਾ ਹੋਈ’ ਤਾਂ ਬਹੁਤ ਸੰਗਤਾਂ ਤੱਕ ਗਈ। ਕੋਈ 85 ਕੈਸੇਟਾਂ ਰਿਕਾਰਡ ਹੋ ਗਈਆਂ। ‘ਗੱਲੀ ਜੋਗ ਨਾ ਹੋਈ’ ਤੁਹਾਡੀ ਟੇਪ ਨੇ ਤਾਂ ਸਿੱਖ-ਹਲਕਿਆਂ ਵਿਚ ਤਹਿੱਲਕਾ ਹੀ ਮਚਾ ਦਿੱਤਾ ਸੀ। ਉੱਚ ਸਿੱਖ-ਸੰਸਥਾਵਾਂ ਨੇ ਇਸ ਦਾ ਕਿੰਨਾ ਕੁ ਨੋਟਿਸ ਲਿਆ ? ਮੈਂ ਪੁੱਛਿਆ।

'ਆਮ ਸਿੱਖਾਂ ਨੇ ਤਾਂ ਬਹੁਤ ਲਿਆ ਪਰ ਸਿੱਖ-ਸੰਸਥਾਵਾਂ ਨੇ ਓਨਾਂ ਨਹੀਂ।' ਉਹ ਸਨਿੱਮਰ ਬੁਝੇ-ਬੁਝੇ ਜਿਹੇ ਬੋਲੇ।

'ਫੇਰ ਵੀ ਕਿਸੇ ਸਿੱਖ-ਸੰਸਥਾ ਨੇ ਤਾਂ ਤੁਹਾਡੀ ਕੀਰਤਨ-ਕਲਾ ਦੀ ਕਦਰ ਪਾਈ ਹੋਵੇਗੀ।'

'ਆਹੋ। ਆਏਂ ਤਾਂ ਨਹੀਂ। ਦਿੱਲੀ ਗੁਰਦੁਆਰਾ ਕਮੇਟੀ ਨੇ ਮੈਨੂੰ ਸਨਮਾਨ ਦਿੱਤਾ। ਸੰਨ 92 'ਚ ਪ੍ਰੋ. ਮੋਹਨ ਸਿੰਘ ਐਵਾਰਡ ਵੀ ਮਿਲਿਆ ਸੀ। ਆਖ ਕੇ ਉਹ ਖਾਮੋਸ਼ ਜਿਹੇ ਹੋ ਗਏ।

ਸ਼੍ਰੋਮਣੀ ਕਮੇਟੀ ਵੱਲੋਂ ਕੋਈ ਉਤਸ਼ਾਹ? ਪ੍ਰਸ਼ਨ ਕਰਦਿਆਂ ਹੀ ਮੈਂ ਮਹਿਸੂਸ ਕੀਤਾ ਕਿ ਕਿਉਂ ਮੈਂ ਉਹਨਾਂ ਦੀ ਦੁਖਦੀ ਰਗ 'ਤੇ ਹੱਥ ਰੱਖ ਦਿੱਤਾ ਸੀ।

'ਨਹੀਂ! ਇਹ ਤਾਂ ਤਦੇ ਈ ਹੋ ਸਕਦਾ ਹੈ ਨਾ ਜੇ ਸੰਜੀਦਾ ਬੰਦੇ ਕੌਮ ਦੇ ਲੀਡਰ ਹੋਣ।'

ਸੁਣ ਕੇ ਮੈਂ ਵੀ ਆਪਣੇ ਅਨੁਭਵ ਦੇ ਆਧਾਰ ਅਨੁਸਾਰ ਖਾਮੋਸ਼ ਹੋ ਗਿਆ। ਖਾਮੋਸ਼ੀ ਦੇ ਇਸ ਖੂਹ 'ਚੋਂ ਹੰਭਲਾ ਮਾਰ ਕੇ ਨਿਕਲਣ ਲਈ ਮੈਂ ਭੋਟੂ ਸ਼ਾਹ ਦੀ ਟੇਪ ਦੀ ਗੱਲ ਟੋਰ ਲਈ। ਗੱਲ ਟੁਰੀ... ਅਸੀਂ... ਹੱਸਦੇ ਰਹੇ... ਬਹੁਤ ਹੱਸੇ ਪਰ ਫਿਰ ਚੁੱਪ ਹੋ ਗਏ ਕਿਉਂਕਿ ਇਸ ਹਾਸੇ ਦਾ ਵਿਸਥਾਰ ਵਧੀਆ ਨਹੀਂ ਸੀ ਹੋ ਸਕਦਾ। ਗੱਲਬਾਤ ਦਾ ਵਹਿਣ ਮੋੜਨ ਲਈ ਮੈਂ ਪੁੱਛਿਆ- 'ਤੁਸੀਂ ਹੁਣ ਤੱਕ ਕਿਹੜੇ-ਕਿਹੜੇ ਮੁਲਕਾਂ 'ਚ ਗਏ ਓ?'

'ਆਸਟ੍ਰੇਲੀਆ ਤੇ ਨਿਊਜ਼ੀਲੈਂਡ ਨੂੰ ਛੱਡ ਕੇ ਮੋਟੇ-ਮੋਟੇ ਸਾਰੇ ਮੁਲਕਾਂ 'ਚ ਈ।' ਉਹ ਬੋਲੇ।

'ਤੁਸੀਂ ਆਪੂੰ ਆਸਟ੍ਰੇਲੀਆ, ਨਿਊਜ਼ੀਲੈਂਡ ਤਾਂ ਨਹੀਂ ਗਏ ਪਰ ਤੁਹਾਡੀ ਗੁਰਬਾਣੀ-ਗੁੱਧੀ ਮਧੁਰ ਆਵਾਜ਼ ਤਾਂ ਓਥੋਂ ਦੇ ਹਰ ਸ਼ਹਿਰ-ਘਰ 'ਚ ਪਹੁੰਚ ਹੀ ਚੁੱਕੀ ਹੋਵੇਗੀ, ਭਾਈ ਸਾਹਿਬ।' ਮੈਂ ਮਨ ਹੀ ਮਨ ਵਿਚ ਕਿਹਾ।

'ਕੀਰਤਨੀਆਂ ਦੀ ਕੋਈ ਸਭਾ-ਸੁਸਾਇਟੀ ਵੀ ਹੈ ਤੇ ਤੁਸੀਂ ਕਿਸੇ ਦੇ ਅਹੁਦੇਦਾਰ ਵੀ ਹੋ? ਜਾਨਣਾ ਚਾਹੁੰਦੇ ਮੈਂ ਕਿਹਾ।

'ਹਾਂ। ਹੈ ਇਕ ਇੰਟਰਨੈਸ਼ਨਲ ਕੀਰਤਨ- ਕੌਂਸਲ ਤੇ ਮੈਂ ਇਸ ਦਾ ਉਪ-ਚੇਅਰਮੈਨ ਰਿਹਾ ਹਾਂ।' ਉਹਨਾਂ ਦੇ ਲਹਿਜ਼ੇ ਤੋਂ ਹੀ ਪ੍ਰਤੱਖ ਸੀ ਕਿ ਇਸ ਪ੍ਰਸੰਗ ਵਿਚ ਉਹਨਾਂ ਦਾ ਤਜਰਬਾ ਸੁਖਾਵਾਂ ਨਹੀਂ ਸੀ। ਖੈਰ-

ਉੱਠ ਕੇ ਅਸੀਂ ਮੇਰੇ ਨਿੱਕੇ ਜਿਹੇ ਬਗੀਚੇ 'ਚ ਘੁੰਮਣ ਲੱਗੇ। ਅਸਾਂ ਸਾਰਿਆਂ ਮੇਰੀਆਂ ਲੰਮੀਆਂ ਤੋਰੀਆਂ ਨਾਲ ਮੂਰਤਾਂ ਲੁਹਾਈਆਂ।

- ਤੁਸੀਂ ਇਹਨਾਂ ਦੀ ਸਬਜ਼ੀ ਵੀ ਬਣਾਉਂਦੇ ਓਂ ਕਿ ਇਹਨਾਂ ਨੂੰ ਵਧਾਉਂਦੇ ਈ ਓ? ਜਥੇ ਦੇ ਇਹਨਾਂ ਤਿੰਨਾਂ 'ਚੋਂ ਗੱਲਬਾਤ ਦੀ ਕਲਾ 'ਚ ਚਿਤੰਨ ਮਨਿੰਦਰ ਸਿੰਘ ਨੇ ਪ੍ਰਸ਼ਨ ਕੀਤਾ। 'ਦੋਵੇਂ ਕੰਮ ਈ ਕਰ ਲੈਨੇ ਆਂ।' ਮੈਂ ਮੋੜ ਦਿੱਤਾ।



ਫਿਰ ਤੁਰਦੇ-ਫਿਰਦੇ ਅਸੀਂ ਅੰਦਰ ਆ ਗਏ। ਗੱਲਾਂ ਵੀ ਬਹੁਤ ਹੋ ਗਈਆਂ ਸਨ। ਹੱਸੇ ਵੀ ਬੜਾ ਸਾਂ ਪਰ ਅੰਦਰ ਮੇਰਾ ਖਾਲੀ-ਖਾਲੀ ਜਿਹਾ ਸੀ। ਮੈਂ ਊਣਾ-ਊਣਾ ਜਿਹਾ ਮਹਿਸੂਸ ਕਰ ਰਿਹਾ ਸਾਂ ਜਿਵੇਂ ਕਈ ਗੱਲਾਂ ਉਹਨਾਂ ਤੋਂ ਪੁੱਛਣ ਵਾਲੀਆਂ ਰਹਿ ਗਈਆਂ ਹੋਣ। ਅਸੀਂ ਡਾਈਨਿੰਗ-ਟੇਬਲ 'ਤੇ ਆ ਬੈਠੇ। ਸ਼ਾਇਦ ਇਹ ਉਹਨਾਂ ਦੇ ਜਾਣ ਵਾਲੀ ਚਾਹ ਦਾ ਸਮਾਂ ਸੀ।

ਮੈਨੂੰ ਪਤਾ ਹੈ ਕਿ ਜਦ ਕੋਈ ਬੰਦਾ ਪ੍ਰਸਿੱਧੀ ਦੀ ਸਿਖ਼ਰ 'ਤੇ ਪਹੁੰਚ ਜਾਵੇ ਤਾਂ ਉਸ ਦੇ ਕੋਈ ਗੋਤ-ਜਾਤ ਨਹੀਂ ਰਹਿੰਦੇ। ਸਾਡੇ ਸੋਹਣੇ ਸਤਿਗੁਰਾਂ ਤਾਂ ਇਸ ਪ੍ਰਸੰਗ ਵਿਚ ਗੱਲ ਏਨੀ ਪੱਧਰੀ ਕਰ ਦਿੱਤੀ ਹੈ ਕਿ ਸਾਰੇ ਮਨੁੱਖਾਂ ਦੀ ਜਾਤ ਇਕੋ ਹੀ ਹੈ।

ਪਰ ਮੇਰੀ ਇਹ ਇਤਿਹਾਸ-ਮੁਖੀ ਚੇਸ਼ਟਾ 'ਚ ਪੁੱਛੇ ਪ੍ਰਸ਼ਨ ਵਜੋਂ ਉਹ ਬੋਲੇ 'ਮੈਂ ਲੁਬਾਣਾ ਸਿੰਘ ਹਾਂ। ਨਾਨਕੇ ਮੇਰੇ ਬਰਾੜ ਜੱਟ ਹਨ ਤੇ ਸਹੁਰੇ ਮੇਰੇ ਭਾਪੇ ਅਰੋੜੇ ਹਨ।

ਸਹੁਰਿਆਂ ਦੀ ਗੱਲ ਸੁਣ ਕੇ ਪੁੱਛਿਆ -

ਫਿਰ ਇਹ ਤੁਹਾਡਾ ਵਿਆਹ ਕਿਵੇਂ ਹੋਇਆ?

'ਬੱਸ, ਦਿਲਜੀਤ ਮੇਰਾ ਕੀਰਤਨ ਸੁਣ ਕੇ ਈ ਮੇਰੇ ਮਗਰ ਆਗੀ।' ਸਹਿਜ ਸੁਭਾਅ- ਉਹ ਬੋਲੇ।

ਪਰ ਤੁਸਾਂ ਤਾਂ ਆਪਣੇ ਕੀਰਤਨ ਨਾਲ ਸਮੁੱਚੇ ਸਿੱਖ-ਸੰਸਾਰ ਦੇ ਦਿਲ ਹੀ ਜਿੱਤ ਲਏ ਹਨ ਸਾਡੇ ਭੋਲੇ ਭਾਈ ਸਾਹਿਬ ਜੀਓ। ਮੇਰਾ ਮਨ ਕਹਿ ਰਿਹਾ ਸੀ।

ਉਹਨਾਂ ਦੇ ਜਾਣ ਉਪਰੰਤ ਇਕ ਦਿਨ ਮੈਂ ਇਕ ਅਖ਼ਬਾਰ ਚੁੱਕੀ ਤਾਂ ਇਕ ਖਬਰ ਸੀ ਕਿ ਉਹਨਾਂ ਨੂੰ 'ਅਕਾਲ ਪੁਰਖ ਕੀ ਫ਼ੌਜ' ਜਥੇਬੰਦੀ ਵੱਲੋਂ ਇਕ ਨਾਮਵਰ ਸਾਬਤ-ਸੂਰਤ ਸਿੱਖ ਵਜੋਂ 'ਸਿੱਖ ਗੌਰਵ ਸਨਮਾਨ' ਨਾਲ ਸਨਮਾਨਿਆ ਗਿਆ ਹੈ। ਖ਼ਬਰ ਪੜ੍ਹ ਕੇ ਮੇਰੇ ਮਨ ਨੂੰ ਕੁਝ ਧਰਵਾਸ ਹੋਇਆ ਕਿ ਸ਼ੁਕਰ ਹੈ ਅਜੇ ਵੀ ਸਿੱਖ-ਸਫ਼ਾਂ 'ਚ ਕੁਝ ਅਜਿਹੀਆਂ ਸਿੱਖ-ਜਥੇਬੰਦੀਆਂ ਹਨ ਜੋ ਸ਼੍ਰੋਮਣੀ ਕਮੇਟੀ ਦਾ ਕਾਰਜ ਨਿਭਾਅ ਰਹੀਆਂ ਹਨ।

ਭਾਈ ਸਾਹਿਬ ਦੇ ਜਾਣ ਦਾ ਵਕਤ ਹੋ ਗਿਆ ਸੀ। ਉਹ ਮੁੜ-ਮੁੜ ਘੜੀ ਵੇਖ ਰਹੇ ਸਨ। ਟਾਈਮ ਤੇ ਕਿਤੇ ਜਾਣਾ ਹੋਵੇਗਾ। ਤਦੇ ਹੀ ਤਾਂ ਉਹ ਮੁੜ-ਘਿੜ ਘੜੀ ਵੇਖੀ ਜਾ ਰਹੇ ਸਨ। ਉਹਨਾਂ ਨੂੰ ਘੜੀ ਵੇਖਦਿਆਂ ਵੇਖ ਕਬੀਰ ਜੀ ਦਾ ਇਕ ਸਲੋਕ ਬੱਦਲ ਵਾਂਗ ਮੇਰੇ ਮਨ ਦੇ ਆਕਾਸ਼ ਵਿਚੋਂ ਦੀ ਗੁਜ਼ਰ ਗਿਆ -

*'ਏਕ ਘਰੀ ਆਧੀ ਘਰੀ ਆਧੀ ਤੇ ਭੁਨਿ ਆਧ।*
*ਸੰਤਨ ਸੇਤੀ ਗੋਸ਼ਟੇ ਜੋ ਕੀਨੋ ਸੋ ਲਾਭ।'*

ਪਰ ਮੈਂ ਉਹਨਾਂ ਦੀ ਸੰਗਤ ਦਾ ਕੁਝ ਲਾਭ ਲਾਹਾ ਤਾਂ ਲੈ ਹੀ ਲਿਆ ਸੀ। ਤੇ ਫਿਰ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਨਿੱਕੇ ਜਿਹੇ ਪਰ ਬਹੁਤ ਵੱਡੇ ਚਲੇ ਜਾਣ ਲਈ ਡਰਾਈਵ-ਵੇਅ 'ਚ ਆ ਗਏ। ਸਾਡੇ ਦੋਹਾਂ ਜੀਆਂ ਦੇ ਦੋਨੋਂ ਨਿੱਕੇ-ਨਿੱਕੇ ਹੱਥ ਜੁੜੇ ਹੋਏ ਸਨ। ਸਾਨੂੰ ਤਾਂ ਪਤਾ ਵੀ ਨਾ ਲੱਗਾ ਕਿ ਕਦੋਂ ਉਹ ਵਡਹੰਸ ਜਿਹੇ ਸਾਡੇ ਹੱਥਾਂ 'ਚੋਂ ਉਡਾਰੀ ਮਾਰ ਗਏ!

(2004)

➢➢➢



# ਡਾ. ਬਰਜਿੰਦਰ ਸਿੰਘ ਹਮਦਰਦ ਤੇ ਉਸਦੀ ਗਇਕੀ

ਇੰਡੀਆ ਤੋਂ ਆਏ ਇਕ ਮਿੱਤਰ ਦਾ ਫ਼ੋਨ ਸੀ। ਹਾਲ-ਚਾਲ ਪੁੱਛਣ ਉਪਰੰਤ ਕਹਿਣ ਲੱਗਾ—

"ਮਖ ਵੇਖਲਾ ਆਹ ਬਰਜਿੰਦਰ ਨੇ ਵੀ ਕੈਸਿਟ ਕੱਢ ਦਿੱਤੀ ਐ।"

'ਕਿਸੇ ਨਵੇਂ ਮੁੰਡੇ ਨੇ ਕੋਈ ਕੈਸਿਟ ਕੱਢ ਦਿੱਤੀ ਹੋਵੇਗੀ। ਪੰਜਾਬੀ ਵਿੱਚ ਅੱਜ-ਕੱਲ੍ਹ ਬੜਾ ਖੇਹ-ਸੁਆਹ ਗਾਇਆ ਜਾ ਰਿਹਾ ਹੈ।' ਮੈਂ ਗੱਲ ਆਈ-ਗਈ ਜਿਹੀ ਕਰ ਦਿੱਤੀ। ਫਿਰ ਜਦ ਉਸ ਬਰਜਿੰਦਰ ਨਾਲ 'ਅਜੀਤ' ਦਾ ਨਾਂ ਲਿਆ ਤਾਂ ਇਕਦਮ ਮੇਰੇ ਮਨ ਵਿਚ ਆਇਆ ਕਿ ਬਰਜਿੰਦਰ ਵਰਗਾ ਸੰਜੀਦਾ ਬੰਦਾ ਕਦੇ ਐਸੀ ਹਰਕਤ ਨਹੀਂ ਕਰ ਸਕਦਾ। ਮੈਨੂੰ ਯਕੀਨ ਨਹੀਂ ਸੀ ਆ ਰਿਹਾ ਪਰ ਟੈਲੀਫ਼ੋਨ ਵਾਲਾ ਮਿੱਤਰ ਵੀ ਝੂਠ ਬੋਲਣ ਵਾਲਾ ਨਹੀਂ ਸੀ। ਜੱਕੋ-ਤੱਕੀ ਜਿਹੀ ਦੇ ਆਲਮ ਵਿਚ ਮੇਰੇ ਮੂੰਹੋਂ ਨਿਕਲਿਆ—

"ਇਹ ਕਦੇ ਹੋ ਹੀ ਨਹੀਂ ਸਕਦਾ।"

"ਤੇ ਇਹ ਹੋ ਗਿਆ ਹੈ।" ਮੇਰੇ ਮਿੱਤਰ ਨੇ ਅੱਗੋਂ ਮੋੜਾ ਦਿੱਤਾ। "ਮੈਂ ਕੱਲ੍ਹ ਈ ਤੈਨੂੰ ਕੈਸਿਟ ਭੇਜਾਂਗਾ", ਉਸ ਨੇ ਨਾਲ ਹੀ ਕਿਹਾ।

ਚਾਰ-ਪੰਜ ਦਿਨਾਂ ਬਾਅਦ ਜਦ ਮੈਂ ਟੋਰਾਂਟੋ ਗਿਆ ਤਾਂ ਲਗਭਗ ਸਾਰੇ ਅਖ਼ਬਾਰਾਂ ਵਿਚ ਹੀ ਬਰਜਿੰਦਰ ਦੀ ਇਸ ਕੈਸਿਟ ਦੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੱਲੋਂ ਰਿਲੀਜ਼ ਕਰਨ ਦੀ ਖ਼ਬਰ ਤੇ ਤਸਵੀਰ ਲੱਗੀ ਹੋਈ ਸੀ। ਮੈਂ ਸੋਚਦਾ ਸਾਂ ਕਿ ਉਹ ਏਨਾ ਮਸਰੂਫ਼ ਆਦਮੀ ਹੈ। ਉਸ ਨੂੰ ਤਾਂ 'ਅਜੀਤ' ਦੇ ਕੰਮ 'ਚੋਂ ਹੀ ਸਿਰ ਖੁਰਕਣ ਦੀ ਵਿਹਲ ਨਹੀਂ, ਉਸ ਨੇ ਕੀ ਗਾਇਆ ਹੋਵੇਗਾ? ਕਿਵੇਂ ਤੇ ਕਿਸ ਤਰ੍ਹਾਂ ਗਾਇਆ ਹੋਵੇਗਾ? ਉਂਜ ਉਸ ਦੀ ਚੋਣ ਤੇ ਮਿਆਰ ਦਾ ਮੈਂ ਉਸ ਦੇ 'ਦ੍ਰਿਸ਼ਟੀ' ਕੱਢਣ ਵੇਲੇ ਤੋਂ ਹੀ ਕਾਇਲ ਸਾਂ। ਹੁਣ ਮੈਨੂੰ ਕੈਸਿਟ ਸੁਣਨ ਦੀ ਉਤਕੰਠਾ ਤੇ ਉਤਸੁਕਤਾ ਸੀ। ਕੈਸਿਟ ਦਾ ਇੰਤਜ਼ਾਰ ਸੀ। ਆਖ਼ਰ ਚਾਰ ਕੁ ਦਿਨ ਮਗਰੋਂ ਕੈਸਿਟ ਡਾਕ ਵਿਚ ਆਣ ਪਹੁੰਚੀ। ਕੰਮ 'ਤੇ ਹੁਣ ਸਵੇਰੇ ਹੀ ਜਾਵਾਂਗਾ—ਮੈਂ ਸੋਚਿਆ ਤੇ ਟੇਪ ਲਾ ਦਿੱਤੀ। ਮੈਂ ਸੁਣਦਾ ਗਿਆ......ਸੁਣਦਾ ਰਿਹਾ। ਬਰਜਿੰਦਰ ਨੇ ਤਾਂ ਸੱਚਮੁੱਚ ਅਚੰਭਾ ਵਰਤਾ ਦਿੱਤਾ ਸੀ। ਪਹਿਲੀ ਕੈਸਿਟ ਉਹ ਵੀ ਏਨੇ ਉੱਚ-ਪਾਏ ਦੀ। ਇਸ ਦਾ ਨਾਂ, ਚੋਣ ਤੇ ਉਸ ਦੀ ਗਾਇਕੀ ਸਭ ਉੱਚ-ਪਾਏ ਦੇ! ਨਿਰਸੰਦੇਹ ਬਰਜਿੰਦਰ ਅਜੋਕੇ ਪੰਜਾਬੀ ਪੱਤਰਕਾਰੀ-ਯੁੱਗ ਦਾ ਇਕ

ਨਿਰਵਿਵਾਦੀ ਸ੍ਰੇਸ਼ਟ-ਸੰਪਾਦਕ ਹੈ ਪਰ ਉਸ ਦਾ ਉਮਰ ਦੇ ਇਸ ਦੌਰ ਵਿਚ ਆਪਣੀ ਇਸ ਪਹਿਲੀ ਹੀ ਉੱਚ-ਪਾਏ ਦੀ ਕੈਸਿਟ 'ਜਜ਼ਬਾਤ' ਨਾਲ ਗਾਇਕੀ ਦੇ ਖੇਤਰ ਵਿੱਚ ਵੀ ਅਚਾਨਕ ਇੰਜ ਉਤਰ ਆਉਣਾ ਇਕ ਕ੍ਰਿਸ਼ਮਾ ਹੀ ਤਾਂ ਸੀ। ਉਹ ਤਾਂ ਗਾਇਕੀ ਵਿਚ ਵੀ ਇਕ ਛੁਪਿਆ ਰੁਸਤਮ ਹੋ ਨਿਕਲਿਆ ਸੀ। ਕੈਸਿਟ ਦਾ ਆਗਾਜ਼ ਬਰਜਿੰਦਰ ਦੇ ਬੋਲਾਂ ਅੰਮ੍ਰਿਤਾ ਦੀ ਰਚਨਾ ਤੇ ਗੁਰਦੀਪ ਸਿੰਘ ਦੇ ਸੰਗੀਤ ਦੀਆਂ ਧੁੰਨਾਂ ਨਾਲ ਹੁੰਦਾ ਹੈ। ਆਰੰਭ ਵਿਚ ਮਿਸਿਜ਼ ਸਰਿਤਾ ਤਿਵਾੜੀ ਨੇ ਬਰਜਿੰਦਰ ਦੀ ਐਨ੍ਹ ਢੁੱਕਵੀਂ-ਫਬਵੀਂ ਜਾਣ-ਪਹਿਚਾਣ ਕਰਵਾਈ। ਉਸ ਦੀ ਸਰਬ-ਪੱਖੀ ਸ਼ਖ਼ਸੀਅਤ ਦੇ ਵਿਭਿੰਨ ਰੰਗ ਤੇ ਫਿਰ ਜਜ਼ਬਿਆਂ ਦੇ ਇਸ ਦਰਿਆ ਵੱਲੋਂ ਕਿਨਾਰੇ ਤੋੜਨ ਦੀ ਗਾਥਾ। ਕੈਸਿਟ ਦੀ ਆਪਣੀ ਪਹਿਲੀ ਚੋਣ ਅਬਦੁੱਲ ਹਮੀਦ ਆਦਮ ਦੀ ਗ਼ਜ਼ਲ :

ਮੈਕਦਾ ਥਾ ਚਾਂਦਨੀ ਥੀ ਮੈਂ ਨਾ ਥਾ।
ਇਕ ਮੁਜੱਸਮ ਬੇਖ਼ੁਦੀ ਥੀ ਮੈਂ ਨਾ ਥਾ।

ਨੂੰ ਬਰਜਿੰਦਰ ਜਦ ਆਪਣੀ ਭਰਵੀਂ ਸੋਜ਼ਮਈ ਆਵਾਜ਼ ਵਿਚ ਮਸਤ ਹੋ ਕੇ ਗਾਉਂਦਾ ਹੈ ਤਾਂ ਸੁਣ ਕੇ ਮੈਂ ਅਚੰਭਿਤ ਤੇ ਆਨੰਦਤ ਜਿਹਾ ਹੁੰਦਾ ਜਾ ਰਿਹਾ ਹਾਂ। ਫਿਰ ਫ਼ੈਜ਼ ਅਹਿਮਦ ਫ਼ੈਜ਼ ਦੀ ਗ਼ਜ਼ਲ :

ਦੋਨੋਂ ਜਹਾਨ ਤੇਰੀ ਮੁਹੱਬਤ ਮੇਂ ਹਾਰ ਕੇ।
ਵੁਹ ਜਾ ਰਹਾ ਹੈ ਕੋਈ ਸ਼ਬੇ-ਗ਼ਮ ਗੁਜ਼ਾਰ ਕੇ।

ਨੂੰ ਉਸ ਨੇ ਜਿਸ ਕਦਰ ਗਾਇਆ ਹੈ ਇਸ 'ਚੋਂ ਉਸ ਦੀ ਕਲਾਸੀਕਲ ਸੰਗੀਤਕ ਸੂਝ ਦੇ ਪ੍ਰਤੱਖ ਦਰਸ਼ਨ-ਦੀਦਾਰੇ ਹੁੰਦੇ ਹਨ।

'ਮਰਨਾ ਤੇਰੀ ਗਲੀ ਮੇਂ, ਜੀਨਾ ਤੇਰੀ ਗਲੀ ਮੇਂ....' ਵਿਚ ਵੀ ਉਹ ਸੁਰਾਂ ਨਾਲ ਇਕਸੁਰ ਹੀ ਤਾਂ ਹੋ ਗਿਆ ਹੈ।

'ਦੁਨੀਯਾ ਕਰੇ ਸੁਆਲ.....' ਤੇ 'ਹਮ ਸੇ ਆਯਾ ਨਾ ਗਯਾ' ਤੇ 'ਦਿਲ ਦਾ ਮਾਨ ਸਰੋਵਰ ਭਰਿਆ' ਸੁਣਦਿਆਂ ਮੈਂ ਉਸ ਦੀ ਚੋਣ-ਵਿਧਾ ਤੇ ਇਸ ਨੂੰ ਖ਼ੂਬਸੂਰਤੀ ਨਾਲ ਨਿਭਾਉਣ ਦੇ ਯਤਨ ਪ੍ਰਤੀ ਨਾਲ ਹੀ ਨਾਲ ਵਿਚਾਰਦਾ ਰਿਹਾ ਪਰ ਕੈਸਿਟ ਦੇ ਅੰਤ ਉੱਤੇ ਤਾਂ ਭਾਵੁਕਤਾ ਦੀ ਇਕ ਛੱਲ ਹੀ ਆਣ ਛਲਕੀ।

ਰੰਗ-ਰੰਗੀਲੀ ਡੋਲੀ ਮੇਰੀ ਬਾਬਲ ਅੱਜ ਨਾ ਤੋਰ।
ਰੱਖ ਲੈ ਇਕ ਦਿਨ ਹੋਰ............................!

ਇਸ ਨੂੰ ਤਾਂ ਉਸ ਨੇ ਭਾਵੁਕਤਾ ਦੇ ਪਾਣੀਆਂ ਵਿਚ ਹੜ੍ਹ ਕੇ ਹੀ ਗਾਇਆ ਸੀ। ਸੁਣ ਕੇ ਕਿਸ ਦੀਆਂ ਅੱਖਾਂ ਵਿਚ ਹੰਝੂ ਨਹੀਂ ਉੱਤਰ-ਉੱਮਡ ਆਉਣਗੇ? ਇਸ ਗੀਤ ਨੂੰ ਇਕ ਦੋ ਤਿੰਨ ਵਾਰ ਸੁਣਦਾ ਗਿਆ। ਇਸ ਗੀਤ ਦੀ ਗਾਇਕੀ ਵਿਚ ਉਸਨੇ ਜਿਵੇਂ ਆਪਣਾ ਦਿਲ ਹੀ ਡੋਲ੍ਹ ਦਿੱਤਾ ਸੀ। ਮੈਨੂੰ ਉਸ ਰਾਤੀਂ ਬਰਜਿੰਦਰ



ਬਹੁਤ ਸ਼ਿੱਦਤ ਨਾਲ ਯਾਦ ਆਇਆ। ਉਸ ਦੀ ਅਕਤੂਬਰ 82 ਨੂੰ ਮੇਰੇ ਨਾਂ ਲਿਖ ਕੇ ਦਿੱਤੀ ਉਸ ਦੀ 'ਧਰਤੀਆਂ ਦੇ ਗੀਤ' ਯਾਦ ਆਈ, ਜੋ ਕਿੰਨੇ ਪਿਛਲੇ ਵਰ੍ਹਿਆਂ ਵਿਚ ਆਪਣੀ ਲਾਇਬਰੇਰੀ ਵਿਚ ਪੁਸਤਕਾਂ ਭਾਲਦਿਆਂ-ਫਰੋਲਦਿਆਂ ਮੇਰੇ ਸਾਹਵੇਂ ਆ ਮੈਨੂੰ ਉਸ ਦੀ ਯਾਦ ਦਿਵਾ ਜਾਂਦੀ ਸੀ। ਉਹ ਪਲ ਯਾਦ ਆਏ ਜਦ ਉਸ ਦੇ 'ਦ੍ਰਿਸ਼ਟੀ' ਕੱਢਦਿਆਂ ਮੈਂ (ਸ਼ਾਇਦ ਇਹ ਜਲੰਧਰ ਦਾ ਆਦਰਸ਼ ਨਗਰ ਸੀ) ਉਸ ਦੇ ਫ਼ਲੈਟ ਦੀ ਦੂਸਰੀ ਮੰਜ਼ਿਲ 'ਤੇ ਉਸ ਨੂੰ ਆਪਣੀ ਕਵਿਤਾ 'ਸਿਰਜਣਾ ਦੇ ਪਲ' 'ਦ੍ਰਿਸ਼ਟੀ' ਲਈ ਦੇਣ ਗਿਆ ਸਾਂ। ਫਿਰ ਮੈਨੂੰ ਉਸ ਤੋਂ ਥੋੜ੍ਹੀ ਵਿੱਥ 'ਤੇ ਰਹਿੰਦਾ ਸਾਡਾ ਸਾਂਝਾ ਸ਼ਾਇਰ ਯਾਰ ਮਰਹੂਮ ਮੀਸ਼ਾ ਚੇਤੇ ਆਇਆ। ਵੱਡੇ ਹਮਦਰਦ ਜੀ ਤੇ ਜਲੰਧਰ ਦੇ ਕਿੰਨੇ ਹੀ ਪੱਤਰਕਾਰ ਚਿਹਰੇ ਤੇ ਨਿੱਕੀਆਂ-ਨਿੱਕੀਆਂ ਗੱਲਾਂ ਯਾਦ ਆਈਆਂ। ਭਾਵੁਕ ਰਾਤ ਸਿਸਕ ਸਿਸਕ ਕੇ ਸੌਂ ਗਈ ਸੀ—ਮੈਂ ਵੀ ਸੌਂ ਗਿਆ।

ਟੇਪ ਸੁਣਨ ਉਪਰੰਤ ਇਕ ਦਿਨ ਮੈਂ ਮੁਬਾਰਕਬਾਦ ਦੇਣ ਲਈ ਫ਼ੋਨ ਕੀਤਾ। ਮੈਂ ਇਸ ਬਾਰੇ ਜਦ ਕੋਈ ਆਪਣਾ ਅਨੁਭਵ ਕਹਾਂ, ਆਦਤ ਅਨੁਸਾਰ ਉਹ ਅੱਗਿਉਂ 'ਥੈਂਕ ਯੂ.....ਥੈਂਕ ਯੂ' ਹੀ ਕਹੀ ਜਾਵੇ। ਇਹ ਬਰਜਿੰਦਰ ਦਾ ਸਲੀਕਾ ਹੈ। ਉਹ ਇਤਨਾ ਨਫ਼ੀਸ ਇਨਸਾਨ ਹੈ ਕਿ ਅਦਬ ਦਾ ਦਾਮਨ ਕਦੇ ਨਹੀਂ ਛੱਡਦਾ। ਉਹ ਇਕ ਸੰਤੁਲਿਤ ਸ਼ਖ਼ਸੀਅਤ ਦਾ ਸੁਆਮੀ ਹੈ। ਭਾਵੁਕਤਾ ਦਾ ਇਕ ਗਹਿਰ-ਗੰਭੀਰ ਵਗਦਾ ਰੰਗਲਾ ਦਰਿਆ ਜੋ ਭਾਵੁਕਤਾ ਉਤੇ ਸਦਾ ਬੁੱਧੀ ਦਾ ਅੰਕੁਸ਼ ਰੱਖਦਾ ਹੈ। ਉਸ ਦਿਨ ਮੈਂ ਉਸ ਦੇ ਗੰਭੀਰ ਪਾਣੀਆਂ ਵਿਚ ਇਕ ਕੰਕਰ ਮਾਰਨ ਦੇ ਮੂਡ ਵਿਚ ਸਾਂ। ਜਦ ਉਹ 'ਥੈਂਕ ਯੂ.....ਥੈਂਕ ਯੂ' ਕਹੀ ਹੀ ਜਾਵੇ ਤਾਂ ਮੈਂ ਕਿਹਾ, "ਮੈਂ ਯਾਰ ਕੈਸਿਟ ਸੁਣਨ ਮਗਰੋਂ ਸੱਚ ਹੀ ਕਹਿ ਰਿਹਾਂ ਤੂੰ ਮੂਹਰਿਓਂ ਇਹ ਮੈਨੂੰ ਈ ਦਾਦ ਜਿਹੀ ਦੇਈ ਜਾਨੈਂ।"

"ਮੈਂ ਦਾਦ ਨਹੀਂ ਦਿੰਦਾ ਤੇਰਾ ਧੰਨਵਾਦ ਕਰਦਾਂ ਧੰਨਵਾਦ," ਉਹ ਬੋਲਿਆ।

ਉਸ ਦਿਨ ਉਸਦਾ ਮੈਨੂੰ 'ਤੇਰਾ' ਕਹਿਣਾ ਚੰਗਾ ਚੰਗਾ ਲੱਗਾ। ਵਰਨਾ ਉਸ ਦੇ ਮੂੰਹੋਂ 'ਤੂੰ' 'ਤੇਰਾ' ਸ਼ਬਦ ਬਹੁਤ ਘੱਟ ਤੇ ਕਦੇ ਕਦਾਈਂ ਹੀ ਨਿਕਲਦੇ ਹਨ। ਗੱਲਾਂ ਗੱਲਾਂ 'ਚ ਮੇਰੇ ਮੂੰਹੋਂ ਨਿਕਲਿਆ—"ਇਕ ਮਿੱਤਰ ਨੇ ਤੁਹਾਡੀ ਇਹ ਕੈਸਿਟ ਭੇਜ ਦਿੱਤੀ, ਰੰਗ ਬੱਝ ਗਿਆ।"

"ਕੀ ਗੱਲ ਮੇਰੇ ਨਾਲ ਹੁਣ ਕੋਈ ਦੋਸਤੀ ਨਹੀਂ? ਮੈਨੂੰ ਨਾ ਕਿਹਾ?" ਉਸ ਗਿਲਾ ਕੀਤਾ।

"ਨਹੀਂ ਐਸੀ ਤਾਂ ਗੱਲ ਨਹੀਂ। ਉਨ੍ਹਾਂ ਆਪ ਹੀ ਭੇਜ ਦਿੱਤੀ ਸੀ।" ਮੈਂ ਗੱਲ ਸੰਤੋਖ ਦਿੱਤੀ।

"ਹੁਣ ਇੰਡੀਆ ਕਦੋਂ ਚੱਕਰ ਮਾਰਨੈਂ? ਆਪਾਂ 82 ਦੇ ਮਿਲੇ ਆਂ," ਉਹ ਬੋਲਿਆ।

"ਵੇਖੋ ਕਦੋਂ ਬਿਧ ਬਣਦੀ ਐ," ਮੈਂ ਕਿਹਾ।

"ਓ, ਤੁਸੀਂ ਮੇਰੇ ਨਾਲ ਦੇ ਸਾਰੇ ਬੁੜ੍ਹੇ ਹੋ ਗਏ ਓਂ। ਮੈਂ ਓਸੇ ਤਰ੍ਹਾਂ ਜੁਆਨ ਪਿਆਂ ਹਾਂ।" ਲੱਗਿਆ, ਉਸ ਨੂੰ ਆਪ ਬਣਾਈ ਰੱਖੀ ਜਵਾਨੀ 'ਤੇ ਅਜੇ ਮਾਣ ਸੀ। ਕਿਸੇ ਹੋਰ ਨੂੰ ਤਾਂ ਪਤਾ ਨਹੀਂ ਪਰ ਮੇਰੇ ਵਾਂਗੂੰ ਬਰਜਿੰਦਰ ਵੀ ਰੱਬ ਨੂੰ ਧੋਖਾ ਦੇਣ ਦਾ ਯਤਨ ਕਰਦਾ ਹੈ :

*ਰੱਬ, ਰੰਨ, ਸਰਕਾਰ ਨੂੰ ਦੇਣ ਧੋਖਾ,*
*ਵਾਰਸ ਸ਼ਾਹ ਜੋ ਰੰਗਦੇ ਦਾੜ੍ਹੀਆਂ ਜੀ।*

ਪੱਤਰਕਾਰੀ ਵਾਂਗ ਵਸਮਾ ਵੀ ਬਰਜਿੰਦਰ ਨੂੰ ਵਿਰਸੇ ਵਿਚ ਮਿਲਿਆ ਹੈ। ਵੱਡੇ ਹਮਦਰਦ ਜੀ ਵੀ ਵਸਮਾ ਲਾਉਂਦੇ ਹੁੰਦੇ ਸਨ। ਪਿਛਲੀ ਉਮਰ ਵਿਚ ਉਹ ਦਾੜ੍ਹੀ ਭੂਰ-ਕਚੂਰੀ ਜਿਹੀ ਕਰਦੇ ਹੁੰਦੇ ਸਨ। ਤਸਵੀਰਾਂ 'ਚ ਬਰਜਿੰਦਰ ਦੀ ਵੀ ਹੁਣ ਇਹੀ ਤਰਜ਼ ਝਲਕਣ ਲੱਗੀ ਹੈ। ਉਸ ਦਾ ਜਨਮ ਸੰਨ ਚੁਤਾਲੀ ਦਾ ਹੈ। ਮੇਰਾ ਕਾਗ਼ਜ਼ਾਂ 'ਚ ਸੰਨ ਤਰਤਾਲੀ ਦਾ ਹੈ। ਪਰ ਮੇਰੀ ਮਾਂ ਦੱਸਦੀ ਹੁੰਦੀ ਸੀ ਕਿ ਮੇਰਾ ਜਨਮ ਇਸ ਤੋਂ ਇਕ ਸਾਲ ਮਗਰੋਂ ਦਾ ਹੈ। ਇੰਞ ਬਰਜਿੰਦਰ ਤੇ ਮੈਂ ਹਾਣੀ ਹਾਂ। ਸ਼ਾਇਦ ਇਸੇ ਹਮ-ਉਮਰੀ ਦੇ ਅਹਿਸਾਸ ਸਦਕਾ ਉਸ ਨੇ 'ਤੁਸੀਂ ਮੇਰੇ ਨਾਲ ਦੇ ਸਾਰੇ ਬੁੜ੍ਹੇ ਹੋ ਗਏ ਓਂ' ਕਿਹਾ ਸੀ। ਮੈਂ ਦਸ ਕੁ ਸਾਲ ਦਾੜ੍ਹੀ ਕਰੜ-ਬਰੜੀ ਤੇ ਚਿੱਟੀ ਰੱਖ ਕੇ ਫਿਰ ਰੰਗਣੀ ਸ਼ੁਰੂ ਕਰ ਦਿੱਤੀ ਸੀ। ਪਰ ਬਰਜਿੰਦਰ ਖ਼ਬਰੇ ਅਖ਼ਬਾਰਾਂ ਵਿਚ ਕਿਧਰੇ ਮੇਰੀ ਚਿੱਟੀ ਦਾੜ੍ਹੀ ਨਾਲ ਛਪੀ ਤਸਵੀਰ ਵੇਖ ਕੇ ਬੁੜ੍ਹੇ ਹੋਣ ਦੀ ਗੱਲ ਕਰ ਕੇ ਆਪਣੀ ਜੁਆਨੀ ਮੇਰੇ 'ਤੇ ਚਮਕਾ ਰਿਹਾ ਸੀ।

"ਇਹ ਤਾਂ ਕਦੇ ਮਿਲੇਂ ਤਾਂ ਪਤਾ ਲੱਗੂ ਬਈ ਆਪਣੇ 'ਚੋਂ ਬੁੱਢਾ ਕੌਣ ਲੱਗਦੈ," ਮੈਂ ਕਿਹਾ।

ਉਸ ਵਿਚਲਾ ਪੱਤਰਕਾਰ ਮੇਰੀ ਗੱਲ ਤਾੜ ਕੇ ਕੁਝ ਝੇਂਪ ਜਿਹਾ ਗਿਆ।

"ਟੇਪ ਮੈਨੂੰ ਬਹੁਤ ਪਸੰਦ ਆਈ ਹੈ ਪਰ ਹੁਣ 'ਅਜੀਤ' ਦਾ ਖ਼ਿਆਲ ਰੱਖਿਓ ਕਿਤੇ 'ਖਾੜੇ ਈ ਨਾ ਲਾਉਣ ਲੱਗ ਜਾਇਓ," ਮੈਂ ਕਿਹਾ।

ਜਦ ਮੈਂ 'ਖਾੜੇ ਲਾਉਣ ਲੱਗਣ ਦੀ ਗੱਲ ਕਹੀ ਤਾਂ ਉਹ ਉੱਚੀ ਉੱਚੀ ਹੱਸਣ ਲੱਗਾ। ਉਸ ਦਾ ਅਮੁੱਲਾ ਹਾਸਾ ਮੈਂ ਕਿੰਨੇ ਵਰ੍ਹਿਆਂ ਬਾਅਦ ਪ੍ਰਦੇਸ 'ਚ ਸੁਣ ਰਿਹਾ ਸਾਂ। ਇਹ ਹਕੀਕਤ ਹੈ ਕਿ ਪੂਰਬ ਤੋਂ ਪੱਛਮ ਗਾਹ ਕੇ ਮੈਂ ਬਰਜਿੰਦਰ ਵਰਗਾ ਠਹਾਕੇਦਾਰ ਤੇ ਠੁਕਦਾਰ ਹਾਸਾ ਕਿਸੇ ਹੋਰਸ ਦਾ ਨਹੀਂ ਸੁਣਿਆ। ਉਹ ਜਦ ਹੱਸਦਾ ਹੈ ਤਾਂ ਉੱਚੀ ਉੱਚੀ ਇਉਂ ਹੱਸਦਾ ਹੈ ਜਿਵੇਂ ਕਿਸੇ ਚਾਨਣੀ ਰਾਤ ਪਹਾੜਾਂ ਦੀ ਚੁੱਪ ਵਿਚ ਕੋਈ ਉੱਚੀ ਉੱਚੀ ਹੱਸਦਾ ਹੋਵੇ। ਗ਼ਲਤੀ ਮੈਥੋਂ ਉਸ ਦਿਨ ਇਹ ਹੋਈ ਕਿ ਮੈਂ ਉਸ ਨੂੰ ਆਪਣੇ ਢਿੱਡ ਦੀ ਗੱਲ ਕਹਿ ਬੈਠਾ ਕਿ ਉਸ



ਦਾ ਇਹ ਹਾਸਾ ਮੈਨੂੰ ਬਹੁਤ ਚੰਗਾ ਲੱਗਦਾ ਹੈ। ਪਰ ਟੈਲੀਫ਼ੋਨ ਰੱਖਦਿਆਂ ਹੀ ਮੈਨੂੰ ਇਕ ਅਜੀਬ ਫ਼ਿਕਰ ਜਿਹੇ ਨੇ ਆਣ ਘੇਰਿਆ ਤੇ ਮੈਨੂੰ ਪਛਤਾਵਾ ਜਿਹਾ ਹੋਣ ਲੱਗਾ ਕਿ ਮੈਂ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਲਿਆ ਹੈ। ਹੁਣ ਬਰਜਿੰਦਰ ਮੇਰੇ ਨਾਲ ਉਸ ਤਰ੍ਹਾਂ ਕਦੇ ਨਹੀਂ ਹੱਸਣ ਲੱਗਾ। ਮੈਂ ਉਸ ਨੂੰ ਚਿਤੰਨ ਜੁ ਕਰ ਬੈਠਾ ਹਾਂ!

ਕੁਝ ਮਹੀਨੇ ਗੁਜ਼ਰੇ। ਡਾਕ ਵਿਚ ਇਕ ਪੈਕਟ ਜਿਹਾ ਆਇਆ। ਇਹ ਬਰਜਿੰਦਰ ਵੱਲੋਂ ਸੀ। ਉਸ ਦੀ ਗਾਈ ਹੋਈ ਸੀ.ਡੀ.। ਨਾਂ ਤਾਂ ਵਧੀਆ ਹੋਣਾ ਹੀ ਸੀ। ਨਾਂ ਸੀ ਇਸ ਦਾ 'ਸਿਜਦਾ'।

ਇਸ ਨੂੰ ਸੁਣਨ ਲਈ ਸ਼ਾਮ ਮਸੀਂ ਹੀ ਆਈ। ਲਾਈ ਤਾਂ ਪਹਿਲੀ ਗ਼ਜ਼ਲ ਵੱਡੇ ਹਮਦਰਦ ਜੀ ਦੀ ਸੀ :

ਮਿਲ ਗਿਆ ਇਕ ਤੂੰ ਤੇ ਸਭ ਕੁਝ ਮਿਲ ਗਿਆ।
ਬਾਗ਼ ਆਸਾਂ ਮੇਰੀਆਂ ਦਾ ਖਿਲ ਗਿਆ।

ਸ਼ਾਇਰੀ, ਗਾਇਕੀ ਤੇ ਸੰਗੀਤ ਭਾਵੇਂ ਸਾਧਾਰਨ ਕਿਸਮ ਦੇ ਸਨ ਪਰ ਇਕ ਸੁਲੱਗ ਪੁੱਤ ਨੇ ਆਪਣੇ ਪਿਆਰੇ ਪਿਉ ਦੀ ਸ਼ਾਇਰੀ ਨੂੰ ਪੂਰੀ ਤਰ੍ਹਾਂ ਉਸ ਦੇ ਮੋਹ ਵਿਚ ਡੁੱਬ ਕੇ ਗਾਇਆ ਸੀ। ਇਹੀ ਇਸ ਦੀ ਵਿਸ਼ੇਸ਼ਤਾ ਸੀ। ਇਸ ਤੋਂ ਅੱਗੇ ਪ੍ਰੋ. ਮੋਹਨ ਸਿੰਘ ਦੀ ਬਿਹਤਰ ਗ਼ਜ਼ਲ :

ਆ ਕਿ ਮੁਕਟੀ ਇਸ਼ਕ ਦੀ ਅੱਜ ਸੀਸ ਤੇਰੇ ਧਰ ਦਿਆਂ।
ਆ ਕੇ ਤੇਰੇ ਹੁਸਨ ਨੂੰ ਅੱਜ ਜੀਣ ਜੋਗਾ ਕਰ ਦਿਆਂ।

ਨੂੰ ਬਰਜਿੰਦਰ ਨੇ ਧੀਮੇ-ਮੱਧਮ ਸੰਗੀਤ ਦੀਆਂ ਲਹਿਰਾਂ ਤੇ ਉੱਡਦਿਆਂ-ਤਰਦਿਆਂ ਇਸ ਤਰ੍ਹਾਂ ਗਾਇਆ ਸੀ ਕਿ ਸ਼ਾਇਰ ਦੀ ਰੰਗੀਨ ਸ਼ਾਇਰੀ ਹੋਰ ਵੀ ਹੁਸੀਨ, ਰੰਗੀਨ ਹੋ ਨਿਬੜੀ ਸੀ। ਸੁਣਦਾ ਸੁਣਦਾ ਮੈਂ ਸੋਚ ਰਿਹਾ ਸਾਂ ਕਿ ਪੰਜਾਬੀ ਦੇ ਇਸ ਮਹਾਨ ਸ਼ਾਇਰ ਦੀ ਇਸ ਖ਼ੂਬਸੂਰਤ ਗ਼ਜ਼ਲ ਨੂੰ ਚੁਣ ਕੇ ਤੇ ਮਾਨੋਂ ਆਪਣੇ ਦਿਲ ਦੇ ਸਾਜ਼ 'ਤੇ ਹੀ ਗਾ ਕੇ ਬਰਜਿੰਦਰ ਨੇ ਪੰਜਾਬੀਆਂ ਦਾ ਧਿਆਨ ਉਸ ਮਹਾਨ ਸ਼ਾਇਰ ਦੀ ਅਨੂਠੀ-ਪ੍ਰਤਿਭਾ ਤੇ ਦੇਣ ਵੱਲ ਖਿੱਚਣ ਦਾ ਇਕ ਭਰਪੂਰ ਉਪਰਾਲਾ ਕਰ ਵਿਖਾਇਆ ਹੈ। ਵਰਨਾ ਸਾਡੇ ਇਸ ਮਹਾਨ ਸ਼ਾਇਰ ਦੇ ਨਾਂ ਨੂੰ ਤਾਂ ਰਾਜਨੀਤੀ ਦੀ ਲੀਹੋਂ-ਲੱਥੇ ਤੇ ਪੰਜਾਬੀ-ਸਭਿਆਚਾਰ ਦੇ ਦਾਇਰੇ ਵਿਚ ਸੁਆਰਥ ਲਈ ਆਪੂੰ ਲੱਗੇ ਬਣੇ— 'ਬਾਬਾ ਬੋਹੜ' ਤੇ ਉਸ ਦੇ ਪੜ੍ਹੇ ਲਿਖੇ ਡਫਲੀਬਾਜ਼ਾਂ ਨੇ ਵੇਚ ਕੇ ਹੀ ਖਾ ਲਿਆ ਸੀ। ਭਲਾ ਹੋਵੇ ਹੰਸ ਰਾਜ ਹੰਸ, ਗੁਰਦਾਸ ਮਾਨ, ਬਰਜਿੰਦਰ ਸਿੰਘ ਤੇ ਕੁਝ ਹੋਰ ਪੰਜਾਬੀ ਸਭਿਆਚਾਰ ਦੇ ਸ਼ੁਭਚਿੰਤਕ ਗਾਇਕਾਂ ਦਾ ਜਿਨ੍ਹਾਂ ਅਸ਼ਲੀਲਤਾ ਦੀਆਂ ਵਦੀਆਂ ਛੱਲਾਂ ਨੂੰ ਆਪਣੇ ਮਿਆਰੀ ਸਿਦਕ ਦੇ ਜ਼ੋਰ ਨਾਲ ਠੱਲ੍ਹਿਆ ਹੈ।

ਖ਼ੈਰ, ਅੱਗੇ ਸੀ. ਡੀ. ਵਿਚ ਸਾਡੇ ਇਸੇ ਮਹਾਨ ਸ਼ਾਇਰ ਦੀ ਰਚਨਾ :

ਅੱਜ ਕੋਈ ਆਇਆ ਸਾਡੇ ਵਿਹੜੇ।
ਤੱਕਣ ਚੰਨ ਸੂਰਜ ਢੁਕ ਢੁਕ ਨੇੜੇ!

ਦਾ ਗਾਇਣ ਹੈ। ਇਸ ਵਿਚੋਂ ਮੈਨੂੰ ਬਰਜਿੰਦਰ ਦੀ ਗਾਇਕੀ ਦੇ ਮੋਹ-ਮੁਹੱਬਤ ਦੇ ਦੀਦਾਰ ਹੁੰਦੇ ਹਨ।

ਲੱਗੇ ਨੀਂ ਉਹਦਾ ਮੱਥਾ ਤਾਰਿਆਂ ਵਾਂਗੂੰ
ਆਇਆ ਨੀ ਖੌਰੇ ਅੰਬਰ
ਘੁੰਮ ਘੁੰਮ ਕਿਹੜੇ!

ਜਦ ਉਹ ਇਹ ਸਤਰਾਂ ਧੀਮੇ ਸੰਗੀਤ ਨਾਲ ਇਕ ਸੁਰ ਹੋ ਕੇ ਮੰਤਰ-ਮੁਗਧ ਹੋ ਕੇ ਗਾਉਂਦਾ ਹੈ ਤਾਂ ਮੈਨੂੰ ਇਹ ਉਸ ਦੀ ਗਾਇਕੀ ਦੀ ਇੰਤਹਾ ਹੀ ਦਿੱਸ ਆਉਂਦੀ ਹੈ। ਇਸ 'ਚ ਉਸ ਦੀ ਇਕਾਗਰਤਾ ਪੂਰੀ ਤਰ੍ਹਾਂ ਉਜਾਗਰ ਹੁੰਦੀ ਹੈ। ਜੁਆਲਾ ਪ੍ਰਸਾਦ ਦਾ ਸੰਗੀਤ ਵੀ ਇਸ 'ਚ ਕਮਾਲ ਦਾ ਹੈ।

ਦਰਦ ਵਿਛੋੜੇ ਦਾ ਹਾਲ.....

ਵਿਚ ਉਸ ਦੇ ਸੂਫ਼ੀਆਨਾ ਸ਼ਾਇਰੀ ਦੇ ਖ਼ੂਬਸੂਰਤ ਗਾਇਨ ਨੂੰ ਉਭਾਰਨ ਵਿਚ ਭਿੰਨੇ ਸੰਗੀਤ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ ਹੈ।

ਤੇ ਫਿਰ ਸ਼ਿਵ ਕੁਮਾਰ ਦੀ ਰਚਨਾ 'ਮਾਏ ਨੀ ਮਾਏ! ਮੇਰੇ ਗੀਤਾਂ ਦੇ ਨੈਣਾਂ ਵਿਚ.....' ਨੂੰ ਜਿਵੇਂ ਮਧੁਰਤਾ-ਮਸਤੀ ਨਾਲ ਅਤੇ 'ਜ਼ਿੰਦਗੀ ਭਰ ਜੀ ਲਿਆ ਫਿਰ ਮਰ ਲਿਆ। ਕਰ ਲਿਆ ਹਰ ਕੰਮ ਅਸਾਂ ਨੇ ਕਰ ਲਿਆ।' ਆਪਣੇ ਪਿਤਾ ਸ. ਸਾਧੂ ਸਿੰਘ ਦੀ ਸਾਧੂਆਂ ਵਰਗੀ ਸਪੱਸ਼ਟ ਤੇ ਸਪਾਟ-ਸੱਚ ਕਹਿੰਦੀ ਗ਼ਜ਼ਲ ਨੂੰ ਜਿਸ ਸੋਜ਼ ਨਾਲ ਗਾਇਆ ਹੈ, ਇਹ ਬਰਜਿੰਦਰ ਦੀ ਗਾਇਕੀ ਦੇ ਉਡਾਣ ਦੇ ਵਿਭਿੰਨ ਸੁੰਦਰ ਨਮੂਨੇ ਹਨ।

ਸੀ. ਡੀ. ਦੇ ਅੰਤ ਉੱਤੇ ਤੁਫ਼ੈਲ ਹੁਸ਼ਿਆਰਪੁਰੀ ਦੀ ਰਚਨਾ :

ਝੂਠ ਏਥੇ ਜਿੱਤਦਾ ਹੈ ਸੱਚ ਏਥੇ ਹਾਰਦਾ।
ਕਰੇ ਨਾ ਭਰੋਸਾ ਕੋਈ ਦੁਨੀਆਂ ਦੇ ਪਿਆਰ ਦਾ।

ਨੂੰ ਬਰਜਿੰਦਰ ਨੇ ਜਿਸ ਤਰ੍ਹਾਂ ਟਿਕਾਅ ਦੇ ਆਲਮ ਵਿਚ ਵਿਚਰ ਕੇ ਗਾਇਆ ਹੈ, ਇਹ ਉਸ ਦੀ ਗਾਇਕੀ ਦੀ ਇਕ ਪ੍ਰਤੀਨਿਧ ਕ੍ਰਿਤ ਹੀ ਹੋ ਨਿਬੜੀ ਹੈ। ਜਿਵੇਂ ਲੇਖਕ ਨੇ ਜ਼ਿੰਦਗੀ ਦੇ ਯਥਾਰਥ ਨੂੰ ਅੱਖਰਾਂ ਦੁਆਰਾ ਉੱਕਰਿਆ ਹੈ ਉਵੇਂ ਹੀ ਗਾਇਕ ਨੇ ਆਪਣੀ ਗਾਇਕੀ ਨਾਲ ਇਸ ਰਚਨਾ ਵਿਚ ਜਿੰਦ ਧੜਕਾਅ ਦਿੱਤੀ ਹੈ। ਬਰਜਿੰਦਰ ਦੀ ਗਾਇਕੀ ਇਸ 'ਚ ਰਾਹ ਜਾਂਦੇ ਰਾਹੀਆਂ ਦੇ ਵੀ ਦਿਲ ਖੋਂਹਦੀ ਤੇ ਮਨ ਮੋਹਦੀ ਹੈ।



ਪਿਛਲੇ ਸਮੇਂ ਮੈਂ 53 ਇੰਚ ਲੰਮੀਆਂ ਤੋਰੀਆਂ ਪੈਦਾ ਕਰ ਕੇ 'ਗਿਨੀਜ਼ ਵਰਲਡ ਰਿਕਾਰਡਜ਼' ਵਿਚ ਨਾਂ ਦਰਜ ਕਰਾਉਣ ਉਪਰੰਤ 2003 ਵਿਚ 76 ਇੰਚ ਲੰਮੀ ਤੋਰੀ ਪੈਦਾ ਕਰ ਕੇ ਤੇ ਆਪਣਾ ਹੀ ਰਿਕਾਰਡ ਤੋੜ ਕੇ ਦੁਬਾਰਾ ਗਿਨੀਜ਼ ਵਿਚ ਨਾਂ ਦਰਜ ਕਰਵਾਇਆ ਤੇ ਅਗਲੇ ਸਾਲ2004 ਵਿਚ 82 ਇੰਚ ਲੰਮੀ ਤੋਰੀ ਪੈਦਾ ਕਰਨ ਦੀ ਮੇਰੀ ਖ਼ਬਰ ਅਖ਼ਬਾਰਾਂ 'ਚ ਛਪੀ ਤਾਂ ਮੈਨੂੰ ਕਈ ਫ਼ੋਨ ਆਏ ਕਿ ਮੈਂ ਲਿਖਣਾ ਛੱਡ ਕੇ ਕਿਹੜੇ ਕੰਮ 'ਚ ਪੈ ਗਿਆ ਹਾਂ।

ਇਕ ਦਿਨ ਬਰਜਿੰਦਰ ਦਾ ਫ਼ੋਨ ਆਇਆ ਤਾਂ ਮੈਂ ਆਏ ਫ਼ੋਨਾਂ 'ਚੋਂ ਇਕ ਘਟਨਾ ਉਸ ਨੂੰ ਸੁਣਾਈ :

'ਮਖ, ਇਕ ਦਿਨ ਕੈਨੇਡਾ 'ਚੋਂ ਮੈਨੂੰ ਫ਼ੋਨ ਆਇਆ। ਫ਼ੋਨ ਕਰਨ ਵਾਲਾ ਅੱਗਿਉਂ ਕਹਿਣ ਲੱਗਾ :

'ਤੁਸੀਂ ਓਹੀ ਸ਼ੇਰ ਸਿੰਘ ਓ, ਜਿਹੜੇ ਕਵਿਤਾ ਕੁਵਤਾ ਵੀ ਲਿਖਦੇ ਓ?'

'ਹਾਂ ਜੀ! ਮੈਂ ਕਦੇ ਕਦੇ ਕਵਿਤਾ ਵੀ ਲਿਖਦਾਂ।' ਮੈਂ ਕਿਹਾ।

'ਤੇ ਫੇਰ ਆਹ ਤੋਰੀਆਂ ਲੰਮੀਆਂ ਕਰਨ ਦਾ ਸ਼ੌਕ ਕਿਵੇਂ ਜਾਗ ਪਿਆ?' ਉਸ ਪੁੱਛਿਆ।

'ਜਿਵੇਂ ਬਰਜਿੰਦਰ ਸਿੰਘ ਨੂੰ ਪੱਤਰਕਾਰੀ ਕਰਦੇ ਕਰਦੇ ਗਾਉਣ ਦਾ ਜਾਗਿਐ।' ਮੈਂ ਕਿਹਾ ਉਹ ਬੰਦਾ ਅਖ਼ਬਾਰਾਂ ਪੜ੍ਹਨ ਵਾਲਾ ਤੇ ਖ਼ਬਰਾਂ ਦਾ ਖ਼ਬਰਸਾਰ ਰੱਖਣ ਵਾਲਾ ਸੀ। ਸੁਣ ਕੇ ਹੱਸੀ ਹੀ ਜਾਵੇ ਤੇ ਜਦ ਇਹ ਘਟਨਾ ਮੈਂ ਬਰਜਿੰਦਰ ਨੂੰ ਫ਼ੋਨ 'ਤੇ ਸੁਣਾਈ, ਉਹ ਮੇਰੇ ਪਸੰਦੀਦਾ ਆਪਣੇ ਪਹਾੜੀ-ਹਾਸੇ ਵਿਚ ਬਹੁਤ ਹੱਸਿਆ। ਉਸ ਨੂੰ ਇੰਜ ਹੱਸਦੇ ਸੁਣ ਕੇ ਮੈਨੂੰ ਇਕ ਅਜੀਬ ਸਕੂਨ ਮਿਲਿਆ ਤੇ ਮੇਰਾ ਫ਼ਿਕਰ ਲੱਥਾ ਕਿ ਉਸ ਦੇ ਸੁੰਦਰ ਹਾਸੇ ਪ੍ਰਤੀ ਉਸ ਨੂੰ ਕਹੀ ਮੇਰੀ ਗੱਲ ਵਿਸਰ ਗਈ ਹੈ ਤੇ ਉਹ ਇਸ ਤੋਂ ਕਦੇ ਮੈਨੂੰ ਵਿਰਵਾ ਨਹੀਂ ਕਰੇਗਾ।

ਕੁਝ ਬੰਦਿਆਂ ਨਾਲ ਤੁਸੀਂ ਦੋ ਪਲ ਵੀ ਬਿਤਾਓ, ਉਹ ਤੁਹਾਨੂੰ ਜ਼ਿੰਦਗੀ ਭਰ ਯਾਦ ਰਹਿੰਦੇ ਹਨ ਤੇ ਤੁਹਾਡੇ ਉੱਤੇ ਸਦਾ ਲਈ ਆਪਣੀ ਮੁਹਰ-ਛਾਪ ਛੱਡ ਜਾਂਦੇ ਹਨ ਪਰ ਕਈਆਂ ਨਾਲ ਤੁਸੀਂ ਵਰ੍ਹੇ ਵੀ ਬਿਤਾਵੋ, ਉਹ ਤੁਹਾਨੂੰ ਭੁੱਲ-ਭੁਲ ਜਾਂਦੇ ਹਨ। ਬਰਜਿੰਦਰ ਇਹਨਾਂ 'ਚੋਂ ਪਹਿਲੀ ਸ਼੍ਰੇਣੀ ਦੇ ਬੰਦਿਆਂ ਵਿੱਚੋਂ ਹੈ। ਸ਼ਾਇਦ ਇਸੇ ਕਾਰਨ ਹੀ ਸਮੇਂ ਤੇ ਸਥਾਨ ਦੀ ਲੰਮੇਰੀ ਦੂਰੀ ਦੇ ਬਾਵਜੂਦ ਵੀ ਪਿਆਰ ਦੀ ਇਕ ਮਹੀਨ ਤੰਦ ਸਦਾ ਸਾਡੇ ਦਰਮਿਆਨ ਬਣੀ ਰਹੀ। ਮਹਾਨਤਾ ਮਹੀਨਤਾ ਵਿਚ ਵਸਦੀ ਹੈ। ਬਰਜਿੰਦਰ ਇਸੇ ਗੱਲੋਂ ਮਹਾਨ ਹੈ ਕਿ ਉਸ ਵਿਚ ਅੰਤਾਂ ਦੀ ਮਹੀਨਤਾ ਹੈ। ਗੱਲ ਜਜ਼ਬਿਆਂ ਅਥਵਾ ਰਿਸ਼ਤਿਆਂ ਦੀ ਹੋਵੇ, ਸਾਹਿਤਕਾਰੀ ਜਾਂ ਪੱਤਰਕਾਰੀ ਦੀ ਹੋਵੇ ਜਾਂ ਹੁਣ ਗਾਇਕੀ ਦੀ, ਮੈਂ ਵੇਖਿਆ ਹੈ ਕਿ ਉਹ ਇਹਨਾਂ ਦੀ ਮਹੀਨਤਾ ਵਿਚ ਉਤਰਦਾ ਹੈ। ਉਸ ਦੀ ਇਹੀ ਪ੍ਰਵਿਰਤੀ ਉਸ ਨੂੰ ਮਹਾਨ

ਬਣਾਉਂਦੀ ਹੈ। ਉਸ ਦੀ ਇਸੇ ਪ੍ਰਵਿਰਤੀ ਨੇ ਉਸ ਨੂੰ ਇਕ ਮਿਕਨਾਤੀਸੀ-ਸ਼ਖ਼ਸੀਅਤ ਬਣਾ ਦਿੱਤਾ ਹੈ। ਇਸ ਕਾਰਨ ਹੀ ਉਹ ਆਪਣੇ ਸੰਪਰਕ 'ਚ ਆਇਆਂ 'ਤੇ ਆਪਣੀ ਅਮਿੱਟ ਛਾਪ ਛੱਡਦਾ ਹੈ।

ਡਾ. ਬਰਜਿੰਦਰ ਸਿੰਘ ਇਕ ਪੜ੍ਹਿਆ ਤੇ ਗੁੜ੍ਹਿਆ ਵਿਅਕਤੀ ਹੈ। ਉਹ ਵਿਦਿਆ ਦੇ ਖੇਤਰ 'ਚੋਂ ਵਿਚਰ ਕੇ ਤੇ ਗਿਆਨ 'ਚੋਂ ਗੁਜ਼ਰ ਕੇ ਪ੍ਰਚੰਡ ਹੋਇਆ ਤੇ ਸੁਲਝਿਆ ਇਨਸਾਨ ਹੈ। ਆਪਣੇ ਸਰਕਾਰੀ ਤੇ ਗ਼ੈਰ-ਸਰਕਾਰੀ ਦੌਰਿਆਂ ਦੌਰਾਨ ਉਸ ਨੇ ਦੁਨੀਆਂ ਗਾਹੀ ਤੇ ਵੇਖੀ ਹੈ। ਦੇਸ਼-ਦਿਸ਼ਾਂਤਰਾਂ ਦੇ ਭਰਮਣ ਨੇ ਉਸ ਨੂੰ ਗਿਆਨ ਦੀ ਭਰਪੂਰਤਾ ਤੇ ਉਸ ਦੇ ਦਿਲਦ੍ਰਿਸ਼ਟੀਕੋਣ ਨੂੰ ਵਿਸ਼ਾਲਤਾ ਪ੍ਰਦਾਨ ਕੀਤੀ ਹੈ। ਤਦੇ ਹੀ ਉਸ ਦੇ ਅਨੁਭਵ ਵਿਚੋਂ ਉਸ ਦੀਆਂ 'ਧਰਤੀਆਂ ਦੇ ਗੀਤ', 'ਕੁਝ ਪੱਤਰੇ', 'ਛੋਟੇ ਛੋਟੇ ਦਾਇਰੇ', 'ਮਿੱਟੀ ਦਾ ਮੋਹ', 'ਮੋਮਬੱਤੀਆਂ ਦੀ ਲੋਅ', 'ਜੋਤ ਜਗਦੀ ਰਹੇਗੀ' ਤੇ 'ਤਰਕਸ਼ੀਲਤਾ ਦਾ ਚਾਨਣ' ਆਦਿ ਪੁਸਤਕਾਂ ਜਨਮੀਆਂ ਹਨ। 'ਕੁਝ ਪੱਤਰੇ' ਤਾਂ ਗੁਜਰਾਤੀ ਵਿਚ ਅਨੁਵਾਦਿਤ ਹੋ ਕੇ ਵੀ ਛਪਿਆ ਤੇ 1991 ਵਿਚ ਜਲੰਧਰ ਦੂਰਦਰਸ਼ਨ ਤੋਂ ਅੱਠ ਭਾਗਾਂ ਦੇ ਇਕ ਸੀਰੀਅਲ ਵਜੋਂ ਟੈਲੀਕਾਸਟ ਵੀ ਹੋਇਆ। ਪੱਤਰਕਾਰੀ ਖੇਤਰ ਵਿਚ ਤਾਂ ਉਹ ਸਾਡਾ 'ਹੰਸ-ਸੰਪਾਦਕ' ਹੈ ਹੀ। ਦੁੱਧੋਂ ਪਾਣੀ ਤੇ ਸੱਚੋਂ ਝੂਠ ਨਿਤਾਰਨ ਵਾਲਾ! ਕਲਾਕਾਰ ਲੋਕ ਆਮ ਕਰਕੇ ਦੁਨਿਆਵੀ ਕੰਮਾਂ ਵੱਲੋਂ ਅਵੇਸਲੇ ਤੇ ਲਾ-ਪ੍ਰਵਾਹ ਜਿਹੇ ਹੁੰਦੇ ਹਨ ਪਰ ਬਰਜਿੰਦਰ ਕਲਾਕਾਰ ਹੋ ਕੇ ਵੀ ਇਕ ਕੁਸ਼ਲ-ਪ੍ਰਬੰਧਕ ਹੈ। ਉਹ ਆਪਣੇ ਬਾਪੂ ਜੀ ਦੇ ਲਾਏ ਬੂਟੇ 'ਅਜੀਤ' ਨੂੰ ਉਹਨਾਂ ਵਾਂਗੂੰ ਹੀ ਖ਼ੂਨ ਨਾਲ ਪਾਲ ਹੀ ਨਹੀਂ ਰਿਹਾ ਸਗੋਂ ਇਸ ਨੂੰ ਉਸ ਨੇ ਹੋਰ ਵੀ ਖ਼ੂਬਸੂਰਤੀ ਤੇ ਮਕਬੂਲੀਅਤ ਪ੍ਰਦਾਨ ਕੀਤੀ ਹੈ। ਉਸ ਨੇ ਇਸ ਦੇ ਕਾਫ਼ਲੇ ਨੂੰ ਬੰਨ੍ਹ ਕੇ ਤੋਰਿਆ ਹੋਇਆ ਹੈ। ਇਹ ਉਸ ਦੇ ਪ੍ਰਬੰਧਕੀ ਗੁਣਾਂ ਦਾ ਹੀ ਨਤੀਜਾ ਹੈ ਕਿ ਉਸ ਨੇ 'ਅਜੀਤ' ਦੀ ਇਸ਼ਾਇਤ ਤਿੰਨ ਗੁਣਾਂ ਕਰ ਵਿਖਾਈ ਹੈ।

ਜਦ ਉਹ ਸੰਨ '78 ਵਿਚ 'ਪੰਜਾਬੀ ਟ੍ਰਿਬਿਊਨ' ਵਿਚ ਗਿਆ ਤਾਂ ਉਸ ਨੇ ਇਸ ਨਵੇਂ ਨਵੇਂ ਨਿਕਲੇ ਅਖ਼ਬਾਰ ਨੂੰ ਵੀ ਖੰਭ ਲਾ ਦਿੱਤੇ ਸਨ। 'ਦ੍ਰਿਸ਼ਟੀ', 'ਅੰਨਦਾਤਾ','ਅਪਸਰਾ' ਤੇ 'ਤਸਵੀਰ' ਮੈਗਜ਼ੀਨਾਂ ਦੇ ਅੰਕ ਅੱਜ ਵੀ ਉਸ ਦੀ ਸੰਪਾਦਕੀ-ਕਲਾ-ਕੌਸ਼ਲਤਾ ਦੀ ਗਵਾਹੀ ਭਰਦੇ ਹਨ। ਸੰਨ 83-84 'ਚ ਉਸ ਨੂੰ ਪੰਜਾਬ ਸਰਕਾਰ ਨੇ 'ਸ਼੍ਰੋਮਣੀ ਪੱਤਰਕਾਰ' ਵਜੋਂ ਸਨਮਾਨਿਆ ਤੇ ਪੰਜਾਬੀ ਪੱਤਰਕਾਰੀ 'ਚ ਉੱਘੀਆਂ ਸੇਵਾਵਾਂ ਲਈ 1992 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨਿਤ ਕੀਤਾ। ਇਸ ਤੋਂ ਪਹਿਲੋਂ ਸੰਨ '90 ਵਿਚ ਭਾਰਤ ਸਰਕਾਰ ਵੱਲੋਂ 'ਪਦਮ ਸ਼੍ਰੀ' ਦੇ ਖਿਤਾਬ ਨਾਲ ਨਿਵਾਜਿਆ ਗਿਆ ਤੇ 2001 ਵਿਚ ਸਾਹਿਤ ਤੇ ਪੱਤਰਕਾਰੀ ਦੇ ਖੇਤਰ ਵਿਚ ਉਸ ਦੀਆਂ ਉੱਘੀਆਂ ਸੇਵਾਵਾਂ ਲਈ ਪੰਜਾਬੀ



ਯੂਨੀਵਰਸਿਟੀ, ਪਟਿਆਲਾ ਵਲੋਂ ਉਸ ਨੂੰ ਡੀ.ਲਿਟ ਦੀ ਉੱਚ-ਉਪਾਧੀ ਪ੍ਰਦਾਨ ਕੀਤੀ ਗਈ। 1990 ਵਿਚ ਯੂ. ਐਨ.ਓ. ਦੀ ਜਨਰਲ ਅਸੈਂਬਲੀ ਦੇ 45ਵੇਂ ਸੈਸ਼ਨ ਨੂੰ ਸੰਬੋਧਨ ਕਰਨ ਦਾ ਸ਼ਰਫ਼ ਵੀ ਉਸ ਨੂੰ ਹਾਸਲ ਹੈ। ਇਤਨੇ ਮਾਣ ਜਿਸ ਮਨੁੱਖ ਦੀ ਝੋਲੀ ਵਿਚ ਪੈ ਜਾਣ, ਮਹਾਨ ਤਾਂ ਉਹ ਹੋ ਹੀ ਜਾਂਦਾ ਹੈ ਪਰ ਇਤਨਾ ਮਹਾਨ ਹੋ ਕੇ ਵੀ ਮਹੀਨ ਅਥਵਾ ਸਨਿਮਰ ਹੋ ਰਹਿਣਾ, ਕਦੇ ਅਦਬ ਦਾ ਦਾਮਨ ਨਾ ਛੱਡਣਾ, ਇਹ ਬਰਜਿੰਦਰ ਸਿੰਘ ਦੇ ਹਿੱਸੇ ਹੀ ਆਇਆ ਹੈ।

'ਸਿਜਦਾ' ਸੁਣਨ ਮਗਰੋਂ ਇਕ ਦੋ ਵੇਰ ਗੱਲ ਹੋਈ। ਫਿਰ ਮੈਂ ਹੋਰਨਾਂ ਕੰਮਾਂ ਵਿਚ ਰੁੱਝ ਗਿਆ। ਤਾਹੀਏਂ ਖ਼ਬਰ ਮਿਲੀ ਕਿ ਉਸ ਨੇ ਇਕ ਹੋਰ ਕੈਸਿਟ 'ਆਹਟ' ਦਾਗ਼ ਦਿੱਤੀ ਹੈ।

'ਅਜੀਬ ਆਦਮੀ ਹੈ। ਇਸ ਨੂੰ ਇਸ ਉਮਰ 'ਚ ਗਾਉਣ ਦਾ ਹੀ ਹੁਣ ਏਨਾ ਝੱਲ ਆਣ ਚੜ੍ਹਿਆ ਹੈ।' ਮੈਂ ਸੋਚਿਆ। 'ਜੇ ਮੈਨੂੰ ਤੋਰੀਆਂ ਲੰਮੀਆਂ ਕਰਨ ਦਾ ਝੱਲ ਚੜ੍ਹ ਸਕਦਾ ਹੈ ਤਾਂ ਉਸ ਨੂੰ ਗਾਉਣ ਦਾ ਕਿਉਂ ਨਹੀਂ? ਝੱਲ ਬਿਨਾਂ ਤਾਂ ਜ਼ਿੰਦਗੀ 'ਚ ਗੱਲ ਨਹੀਂ ਬਣਦੀ।' ਮੈਂ ਮਨ ਹੀ ਮਨ 'ਚ ਕਿਹਾ।

ਫਿਰ ਉਸ ਵਲੋਂ ਭੇਜੀ 'ਆਹਟ' ਦੀ ਸੀ.ਡੀ. ਵਾਲਾ ਲਿਫ਼ਾਫ਼ਾ ਆਣ ਮਿਲਿਆ। ਖੋਲ੍ਹਿਆ ਤਾਂ ਕਵਰ ਉੱਤੇ ਮੁੰਡੇ ਨੇ ਤੋਤੇ ਰੰਗੀ ਪੱਗ ਬੰਨ੍ਹੀ ਹੋਈ ਸੀ।

'ਮਨੁੱਖ 'ਚੋਂ ਚਾਹਤ ਨਹੀਂ ਮਰਦੀ।' ਵੇਖ ਕੇ ਮੇਰਾ ਮਨ ਮੁਸਕਰਾਇਆ। 'ਮਰਨੀ ਚਾਹੀਦੀ ਵੀ ਨਹੀਂ। ਇਹੀ ਤਾਂ ਜ਼ਿੰਦਗੀ ਹੈ।' ਫਿਰ ਮੈਂ ਸੋਚਿਆ। ਮੇਰਾ ਅਨੁਭਵ ਸੀ ਕਿ ਇਸ ਸੀ. ਡੀ.ਵਿਚ ਉਸਨੇ ਜ਼ਰੂਰ ਰੁਮਾਂਸ ਤੇ ਯਥਾਰਥ ਦੇ ਬਰ ਮੇਚੇ ਹੋਣਗੇ। ਮੇਰਾ ਅੰਦਾਜ਼ਾ ਠੀਕ ਹੀ ਨਿਕਲਿਆ।

ਸੀ. ਡੀ. ਦੀ ਪਹਿਲੀ ਆਈਟਮ ਪ੍ਰਵੀਨ ਸ਼ਾਕਰ ਦੀ ਗ਼ਜ਼ਲ ਸੀ :

ਖੁਲ੍ਹੀ ਆਖੋਂ ਮੇਂ ਸਪਨਾ ਜਾਗਤਾ ਹੈ।
ਵੁਹ ਸੋਇਆ ਹੈ ਕਿ ਕੁਛ-ਕੁਛ ਜਾਗਤਾ ਹੈ।

ਤੇ ਦੂਸਰੀ ਫ਼ੈਜ਼ ਅਹਿਮਦ ਫ਼ੈਜ਼ ਦੀ 'ਰਾਜ਼-ਇ-ਉਲਫ਼ਤ'। ਚੋਣ ਪੱਖੋਂ ਦੋਵੇਂ ਹੀ ਵਧੀਆ ਸਨ ਪਰ ਜਦੋਂ ਮੈਂ ਬਰਜਿੰਦਰ ਦੀ ਆਵਾਜ਼ ਵਿਚ ਸੀ.ਡੀ. ਦੀ ਤੀਸਰੀ ਰਚਨਾ ਅਮੀਰ ਕਜ਼ਲ ਬਾਧ ਦੀ ਗ਼ਜ਼ਲ :

ਜ਼ੱਰੋਂ ਮੇਂ ਰਹਿ ਗੁਜ਼ਰ ਕੇ ਚਮਕ ਛੋੜ ਜਾਊਂਗਾ।
ਪਹਿਚਾਨ ਅਪਨੀ ਦੂਰ ਤਲਕ ਛੋੜ ਜਾਊਂਗਾ।

ਸੁਣੀ ਤਾਂ ਮੇਰਾ ਮਨ ਝੂਮ ਹੀ ਉਠਿਆ। ਇਸ ਗ਼ਜ਼ਲ ਦੀ ਗਾਇਕੀ 'ਚ ਬਰਜਿੰਦਰ ਸਰੋਤੇ ਨੂੰ ਆਪਣੀ ਗਾਇਕੀ ਦੀ ਉਂਗਲ ਫੜ ਕੇ ਸ਼ਾਇਰ ਦੇ ਜ਼ਿਹਨੀ-ਸ਼ਹਿਰ ਹੀ ਲੈ ਜਾਂਦਾ ਹੈ। ਫਿਰ ਨਿਦਾ ਫ਼ਾਜ਼ਲੀ ਦੀ ਗ਼ਜ਼ਲ :

ਤਨਹਾ ਤਨਹਾ ਦੁਖ ਝੇਲੇਂਗੇ, ਮਹਿਫ਼ਲ ਮਹਿਫ਼ਲ ਗਾਏਂਗੇ।
ਜਬ ਤਕ ਆਂਸੂ ਪਾਸ ਰਹੇਂਗੇ, ਤਬ ਤਕ ਗੀਤ ਸੁਨਾਏਂਗੇ।

ਇਸ 'ਚ ਗ਼ਜ਼ਲ ਤੇ ਗਾਇਕੀ ਆਪਸ ਵਿਚ ਇੰਜ ਘੁਲਮਿਲ ਤੇ ਇਕਮਿਕ ਹੋ ਗਏ ਹਨ ਜਿਵੇਂ ਕਿਸੇ ਸ਼ਾਮੀਂ ਝੀਲ ਵਿਚ ਉਤਰਦੇ ਸੂਰਜ ਦਾ ਰੰਗ ਪਾਣੀਆਂ ਵਿਚ।

ਅੱਗੇ ਜਾਂ ਨਿਸਾਰ ਅਖ਼ਤਰ ਦੀ ਗ਼ਜ਼ਲ :

ਆਹਟ ਸੀ ਕੋਈ ਆਏ ਤੋ ਲਗਦਾ ਹੈ ਕਿ ਤੁਮ ਹੋ.....

ਵੀ ਬਹੁਤ ਸੋਹਣੀ ਨਿਭਾਈ ਗਈ ਹੈ। ਗਾਇਕੀ ਤੇ ਸੰਗੀਤ ਇਸ 'ਚ ਸਮਤੋਲ ਹੈ। ਇਸ ਸੀ. ਡੀ. ਦੀ ਅੰਤਲੀ ਪੇਸ਼ਕਸ਼ ਹੈ ਫ਼ੈਜ਼ ਅਹਿਮਦ ਫ਼ੈਜ਼ ਦੀ ਬਿਹਤਰੀਨ ਗ਼ਜ਼ਲ :

ਆਪ ਕੀ ਯਾਦ ਆਤੀ ਰਹੀ ਰਾਤ ਭਰ।
ਚਾਂਦਨੀ ਦਿਲ ਦੁਖਾਤੀ ਰਹੀ ਰਾਤ ਭਰ।

ਇਸ ਵਿਚ ਬਰਜਿੰਦਰ ਦੀ ਗਾਇਕੀ ਤੇ ਜਵਾਲਾ ਪ੍ਰਸਾਦ ਦੇ ਸੰਗੀਤ ਦੋਵੇਂ ਹੀ ਧੰਨ-ਧੰਨ ਕਰਵਾ ਦਿੰਦੇ ਹਨ। ਫ਼ੈਜ਼ ਦੀ ਇਸ ਵਧੀਆ ਗ਼ਜ਼ਲ ਨੂੰ ਇਕ ਵਹਿਣ ਦੇ ਵੇਗ ਵਿਚ ਆਣ ਕੇ ਬਰਜਿੰਦਰ ਇੰਜ ਗਾਉਂਦਾ ਹੈ ਕਿ ਸਰੋਤੇ ਦੀ ਰੂਹ ਸਰਸ਼ਾਰ ਤੇ ਸੁਆਦ-ਸੁਆਦ ਹੀ ਹੁੰਦੀ ਚਲੀ ਜਾਂਦੀ ਹੈ। ਇਸ ਕ੍ਰਿਤ ਨੂੰ ਮੈਂ ਇਸ ਟੇਪ ਅਤੇ ਬਰਜਿੰਦਰ ਦੀ ਉਰਦੂ ਗ਼ਜ਼ਲ ਗਾਇਕੀ ਦੀ ਇਕ ਉੱਚਤਮ ਉਦਾਹਰਣ ਮੰਨਦਾ ਹਾਂ। ਮੇਰਾ ਯਕੀਨ ਹੈ ਕਿ ਜੇ ਉਹ ਅਜਿਹੇ ਬਹਿਰ ਦੀਆਂ ਗ਼ਜ਼ਲਾਂ ਅਜਿਹੇ ਸੰਗੀਤ ਵਿਚ ਇਵੇਂ ਹੀ ਡੁੱਬ ਕੇ ਗਾਵੇ ਤਾਂ ਉਹ ਉਰਦੂ-ਹਿੰਦੀ ਦਾਇਰੇ ਦੀ ਗ਼ਜ਼ਲ-ਗਾਇਕੀ ਵਿਚ ਨਿਸਚੇ ਹੀ ਮਕਬੂਲੀਅਤ ਹਾਸਲ ਕਰ ਸਕਦਾ ਹੈ।

ਉਪਰੋਕਤ ਤਿੰਨਾਂ ਕੈਸਿਟਾਂ ਦੇ ਆਧਾਰ 'ਤੇ ਜਦ ਮੈਂ ਉਸ ਦੀ ਗਾਇਕੀ ਦਾ ਲੇਖਾ-ਜੋਖਾ ਕਰਦਾ ਹਾਂ ਤਾਂ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੀ ਗਾਇਕੀ 'ਚ ਮੈਨੂੰ ਉਸ ਦੀ ਇਕਾਗਰਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਬਰਜਿੰਦਰ ਦੀ ਗਾਇਕੀ ਇਕਾਗਰਤਾ ਦੀ ਗਾਇਕੀ ਹੈ। ਇਹ ਸ਼ਾਇਦ ਇਸ ਲਈ ਹੈ ਕਿ ਗਾਇਕੀ ਉਸ ਦੇ ਦਿਲ ਦਰਿਆ 'ਚੋਂ ਆਪ-ਮੁਹਾਰੇ ਤੇ ਸੁਤੇ-ਸਿੱਧ ਉੱਠੀ ਇਕ ਕਾਂਗ ਹੈ। ਇਹ ਉਸ ਦਾ ਸ਼ੌਕ ਹੈ, ਪੇਸ਼ਾ ਜਾਂ ਕਸਬ ਨਹੀਂ! ਉਸ ਦੀ ਗਾਇਕੀ ਮਿਆਰ ਅਤੇ ਇਕਾਗਰਤਾ ਦੇ ਖੰਭਾਂ ਉੱਤੇ ਪਰਵਾਜ਼ ਭਰਦੀ ਹੈ। ਮੌਜੂਦਾ ਦੌਰ ਦੀ ਪੰਜਾਬੀ-ਗਾਇਕੀ ਦੀ ਬਨਾਵਟ, ਭਟਕਣਾ ਤੇ ਭੜਕੀਲਾਪਣ ਇਸ 'ਚੋਂ ਉੱਕਾ ਗ਼ਾਇਬ ਹੈ। ਉਸ ਦੀ ਗਾਇਕੀ ਦੀ ਜੂਹ 'ਚੋਂ ਸਾਵਧਾਨੀ ਨਾਲ ਵਿਚਰ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਉਸ ਦੀ ਆਵਾਜ਼, ਚੋਣ ਤੇ ਇਕਾਗਰਤਾ ਨੂੰ ਸਭ ਤੋਂ



ਵੱਧ ਸੂਫ਼ੀ-ਸ਼ਾਇਰੀ ਹੀ ਰਾਸ ਆ ਸਕਦੀ ਹੈ। ਮਕਬੂਲ ਤਾਂ ਉਹ ਉਰਦੂ ਗ਼ਜ਼ਲ-ਗਾਇਕੀ ਵਿਚ ਵੀ ਹੋ ਸਕਦਾ ਹੈ ਪਰ ਸੂਫ਼ੀ-ਸ਼ਾਇਰੀ, ਗਾਇਕੀ ਦੇ ਖੇਤਰ ਵਿਚ ਉਸ ਦੀ ਸਮਰੱਥਾ ਸੰਭਾਵਨਾ ਦੇ ਵਧੇਰੇ ਅਨੁਕੂਲ ਹੈ।

ਉਹ 1998 ਤੋਂ 2000 ਤੱਕ ਦੋ ਵਰ੍ਹੇ ਰਾਜ ਸਭਾ ਦਾ ਮੈਂਬਰ ਰਿਹਾ। ਜਦ ਉਹ ਰਾਜ-ਸਭਾ ਦਾ ਮੈਂਬਰ ਬਣਿਆ ਜਾਂ ਸਮਝੋ ਉਸ ਨੂੰ ਬਣਾ ਲਿਆ ਗਿਆ ਤਾਂ ਮੇਰਾ ਮੱਥਾ ਠਣਕਿਆ ਕਿ ਮੇਰਾ ਭੋਲ਼ਾ ਪੰਛੀ-ਮਿੱਤਰ ਸਿਆਸੀ-ਸ਼ਿਕਾਰੀਆਂ ਨੇ ਫਾਹ ਲਿਆ ਹੈ। ਉਸ ਦਾ ਇਸ ਕੁਰਾਹ ਤੁਰਨਾ ਪੰਜਾਬੀਅਤ ਲਈ ਇਕ ਵੱਡਾ ਘਾਟਾ ਸਾਬਤ ਹੋ ਸਕਦਾ ਹੈ—ਮੈਂ ਸੋਚਦਾ ਸਾਂ। ਪਰ ਅੰਦਰੋਂ ਮੈਨੂੰ ਪੂਰਾ ਯਕੀਨ ਸੀ ਕਿ ਉਸ ਦਾ ਦਿਲੋ-ਦਿਮਾਗ਼ ਇਸ ਮਾਹੌਲ ਨੂੰ ਹਰਗਿਜ਼ ਨਹੀਂ ਕਬੂਲ ਸਕਦਾ, ਬਹੁਤੀ ਦੇਰ ਬਰਦਾਸ਼ਤ ਨਹੀਂ ਕਰ ਸਕਦਾ। ਮੱਛੀ ਤੇ ਮਾਰੂਥਲ ਦਾ ਇਹ ਰਿਸ਼ਤਾ ਬਹੁਤੀ ਦੇਰ ਨਹੀਂ ਨਿਭ ਸਕਦਾ। ਗੱਲ ਓਹੋ ਹੋਈ। ਉਹ ਇਸ ਮਾਹੌਲ ਨੂੰ ਅਲਵਿਦਾ ਕਹਿ ਕੇ 'ਅਜੀਤ-ਭਵਨ' ਪਰਤ ਆਇਆ। ਮੈਨੂੰ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਈ। ਸ਼ੁਕਰ ਹੈ! ਬੰਦਾ ਆਨੇ ਵਾਲੀ ਥਾਂ 'ਤੇ ਆ ਗਿਆ ਹੈ! ਮੱਛੀ ਪੱਥਰ ਚੱਟ ਕੇ ਪਰਤ ਆਵੇ ਤਾਂ ਫਿਰ ਉਸ ਅੰਦਰ ਇਹ ਤਮੰਨਾ ਮੁੜ ਨਹੀਂ ਜਾਗਦੀ। ਹੁਣ ਇਹ ਪੰਜਾਬੀਅਤ ਦੀ ਹੋਰ ਵਧੇਰੇ ਤੀਬਰਤਾ ਨਾਲ ਸੇਵਾ ਕਰੇਗਾ—ਮੈਂ ਸੋਚਿਆ।

ਰੰਗਲਾ ਦਰਿਆ ਬਰਜਿੰਦਰ ਪੱਤਰਕਾਰੀ ਦੀਆਂ ਜੂਹਾਂ ਹੰਘਾਲਦਾ ਸਾਹਿਤਕਾਰੀ ਦੀਆਂ ਵਾਦੀਆਂ 'ਚੋਂ ਵਿਚਰਦਾ, ਹੁਣ ਗਾਇਕੀ ਦੇ ਦੌਰ 'ਚੋਂ ਅਗਰਸਰ ਹੋ ਰਿਹਾ ਹੈ। ਮੈਂ ਉਸ ਬਾਰੇ ਇਹ ਸਤਰਾਂ ਝਰੀਟ ਹੀ ਰਿਹਾ ਹਾਂ ਕਿ ਹੁਣੇ ਮੈਨੂੰ ਇੰਗਲੈਂਡ ਤੋਂ ਛਪਦਾ 'ਦੇਸ-ਪ੍ਰਦੇਸ' ਮਿਲਿਆ। ਕਲਮ ਰੱਖ ਕੇ ਮੈਂ ਇਸ ਦੇ ਪੱਤਰੇ ਫਰੋਲਣ ਲੱਗਦਾ ਹਾਂ ਤਾਂ ਇਸ ਦੇ ਸਫ਼ਾ 10 ਉੱਤੇ ਬਰਜਿੰਦਰ ਦੀ ਹੁਣ 20 ਅਗਸਤ ਨੂੰ ਰਿਲੀਜ਼ ਹੋਈ ਚੌਥੀ ਐਲਬਮ 'ਖੁਸ਼ਬੂ' ਦੀ ਖ਼ਬਰ ਛਪੀ ਹੈ ਤੇ ਇਸ 'ਚ ਅਗਲੀ ਐਲਬਮ 'ਸ਼ਰਧਾਂਜਲੀ' ਆਉਣ ਦਾ ਵੀ ਜ਼ਿਕਰ ਹੈ ਤੇ ਗਾਇਕੀ ਦਾ ਸਫ਼ਰ ਜਾਰੀ ਰੱਖਣ ਦਾ ਸੰਕੇਤ ਵੀ!

ਬਰਜਿੰਦਰ ਇਕ ਸਰਬਾਂਗੀ ਸ਼ਖ਼ਸੀਅਤ ਅਥਵਾ ਸੱਤ ਪੱਤਣਾਂ ਦਾ ਤਾਰੂ ਹੈ। ਕਹਿੰਦੇ ਹਨ ਹਰ ਕਾਮਯਾਬ ਮਨੁੱਖ ਦੀ ਕਾਮਯਾਬੀ ਪਿੱਛੇ ਕਿਸੇ ਔਰਤ ਦਾ ਹੱਥ ਹੁੰਦਾ ਹੈ। ਜ਼ਿੰਦਗੀ ਵਿਚ ਏਨੀਆਂ ਮੱਲਾਂ ਮਾਰ ਕੇ ਢਲਦੇ ਪਰਛਾਵਿਆਂ 'ਚ ਵੀ ਜੇ ਬਰਜਿੰਦਰ ਹੁਣ ਗਾਇਕੀ ਦੇ ਨਵੇਂ ਦਿਸਹੱਦਿਆਂ ਵੱਲ ਵਧ ਰਿਹਾ ਹੈ ਤਾਂ ਮੈਂ ਸੋਚਦਾ ਹਾਂ ਕਿ ਇਸ ਰੰਗਲੇ-ਗੁੱਡੇ ਨੂੰ ਉਤਾਂਹ ਤੋਂ ਉਤਾਂਹ ਉਡਾਉਣ ਲਈ ਕੋਈ ਤਾਂ ਇਸ ਦੀ ਡੋਰ ਖਿੱਚਦਾ ਹੀ ਹੋਵੇਗਾ ਨਾ! ਮੇਰੇ ਖਿਆਲ 'ਚ ਨਿਸਚੇ ਹੀ ਇਹ ਉਸਦੀ ਸੁਪਤਨੀ ਸਰਬਜੀਤ ਕੌਰ ਹੀ ਹੋਵੇਗੀ ਵਰਨਾ ਏਸ ਉਮਰ ਵਿਚ ਬੰਦੇ ਨੂੰ ਪ੍ਰੇਰਨਾ ਦੀ ਝੱਲ ਹੋਰ ਕੌਣ ਮਾਰ ਸਕਦਾ ਹੈ?

ਕੁਝ ਅਰਸਾ ਪਹਿਲੋਂ ਬਰਜਿੰਦਰ ਇਕ ਹਾਦਸੇ 'ਚੋਂ ਵਾਲ਼-ਵਾਲ਼ ਬਚਿਆ। ਮੈਂ ਹਾਲ-ਚਾਲ ਪੁੱਛਣ ਲਈ ਫ਼ੋਨ ਕੀਤਾ। ਉਹ ਪੂਰੀ ਤਰ੍ਹਾਂ ਤੰਦਰੁਸਤ ਤਾਂ ਨਹੀਂ ਸੀ ਲੱਗਦਾ ਪਰ ਖ਼ੁਸ਼ ਤੇ ਉਤਸ਼ਾਹਿਤ ਜਿਹਾ ਸੀ ਜਿਵੇਂ ਉਸ 'ਚ ਹੋਰ ਬਹੁਤ ਕੁਝ ਕਰਨ ਦੀ ਤਮੰਨਾ ਧੜਕਦੀ ਹੋਵੇ। ਇਸ ਸਮੇਂ ਤੋਂ ਹੀ ਸਮਝੋ ਉਸ ਦੀ ਗਾਇਕੀ ਦਾ ਮੌਜੂਦਾ ਦੌਰ ਸ਼ੁਰੂ ਹੁੰਦਾ ਹੈ।

ਰੱਬ ਕਰੇ! ਪੰਜਾਬੀਅਤ ਦੇ ਇਸ ਸਿਪਾਹ-ਸਲਾਰ, ਮੇਰੇ ਯਾਰ ਦੀ ਉਮਰ ਲੰਬੀ ਹੋਵੇ। ਇਸ ਰੰਗਲੇ-ਗੁਮਕਦੇ ਦਰਿਆ ਵੱਲੋਂ ਸਦਾ ਠੰਢੀ ਹਵਾ ਆਉਂਦੀ ਰਹੇ। ਉਹ ਆਪਣੀ ਤਮੰਨਾਵਾਂ ਨੂੰ ਵੀ ਤੋੜ ਚਾੜ੍ਹ ਸਕੇ ਤੇ ਆਪਣੀਆਂ ਪੂਰੀਆਂ ਸਮਰੱਥਾਵਾਂ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਰੱਜ ਕੇ ਭਰਪੂਰ ਸੇਵਾ ਕਰ ਸਕੇ!

(2005)

➢➢➢



## ਦੇਵਤਾ

(ਬਸੰਤ ਸਿੰਘ ਬਸੰਤ ਦੇ ਨਾਂ....)

ਰਾਤ—
ਬਾਜ਼ੀਗਰਨੀ ਦੀ ਸੁੰਦਰ ਘੱਗਰੀ ਵਾਂਗ
ਧਰਤੀ 'ਤੇ ਨਹੀਂ ਦਿਲ 'ਤੇ ਹੀ ਵਿਛ ਗਈ ਸੀ।
ਗੋਲ-ਗੁਦਰੀਆਂਲੱਤਾਂ ਵਰਗਾ ਮੌਸਮ ਸੀ!

ਇੰਗਲੈਂਡ ਮੈਨੂੰ ਚੰਗਾ ਲਗਦਾ ਹੈ।
ਤੇ ਇੰਗਲੈਂਡ ਦੇ ਚੰਗੇ ਲਗਦੇ ਬੰਦਿਆਂ ਚੋਂ
ਅੱਜ ਇਤਫ਼ਾਕਨ ਮੈਂ ਇਕ ਚੰਗੇ ਬੰਦੇ ਦੇ ਘਰ ਸਾਂ।

ਮੈਨੂੰ ਹੁਣ ਇਹ ਵੀ ਨਹੀਂ ਪਤਾ
ਕਿ ਉਸਨੇ ਮੈਨੂੰ ਭਾਲ਼ਿਆ ਜਾਂ ਮੈਂ ਉਸਨੂੰ ਟੋਲਿਆ
ਸ਼ਾਇਦ ਅਸੀਂ ਇਕ ਕਵੀ ਦਰਬਾਰ ਤੇ ਟੱਕਰੇ।
ਫਿਰ ਸੰਜੋਗ ਵਸ—
ਉਸ ਦੀਆਂ ਨਿਮੰਤਰਣ ਵਰਗੀਆਂ ਅੱਖਾਂ ਮੇਰੇ ਵੱਲ ਝਾਕੀਆਂ
ਸ਼ਾਮ ਸਾਂਝੀ ਕਰਨ ਦੀ ਗੱਲ ਤਹਿ ਹੋ ਗਈ!

ਸ਼ਾਮ ਦਾ ਲਹਿਰੀਆ ਪਿਆ
ਮੈਂ ਉਸ ਦੇ ਘਰ ਪਹੁੰਚਿਆ
ਬੂਹਾ ਖੋਹਲਦੇ, ਬਾਹਾਂ ਖੋਹਲ ਕੇ
ਉਹ ਮੈਨੂੰ ਧਾਅ ਕੇ ਮਿਲਿਆ
ਤੇ ਬਗਲਗੀਰ ਹੁੰਦਿਆਂ ਹੀ
ਘਰ ਦੇ ਖੱਬੇ ਹੱਥ ਲਿਵਿੰਗ-ਰੂਮ 'ਚ ਬਿਠਾ
ਘਰ ਦੇ ਅੰਦਰ ਚਲਾ ਗਿਆ!

ਆਖਰ ਉਹ ਆਇਆ
ਚਾਹ ਪਾਣੀ ਉਸ ਮੈਨੂੰ ਪੁੱਛਿਆ ਤੱਕ ਨਾ

ਉਸਦੇ ਸੱਜੇ ਹੱਥ 'ਚ ਬਕਾਰਡੀ ਦਾ ਘੜਾ ਸੀ
ਤੇ ਖੱਬੇ 'ਚ ਕੁਝ ਖਾਣ ਲਈ ਦਾ ਲਿਫ਼ਾਫ਼ਾ
ਨਾ ਕੋਈ ਉਚੇਚ ਨਾ ਵਿਸ਼ੇਸ਼
ਉਹ ਬੱਦਲ ਵਾਂਗ ਘੁਲ
ਸੋਫ਼ੇ ਤੇ ਆਣ ਬੈਠਾ ਮੇਰੇ ਨਾਲ ਆ ਬੈਠਾ
ਸੱਚੀਂ ਦਾ ਸ਼ਾਇਰ ਮੇਰਾ ਮਿੱਤਰ ਜਿਹਾ!

ਕਮਰਾ ਮੋਹ ਨਾਲ ਭਰਿਆ ਪਿਆ ਸੀ
ਉਸ ਨੇ ਦੋ ਪੈੱਗ ਗਿਲਾਸੀਂ ਪਾਏ—ਅਸੀਂ ਪੀਤੇ।
ਉਸਨੇ ਫੇਰ ਦੋ ਪੈੱਗ ਦੋਂਹ ਗਿਲਾਸੀਂ ਪਾਏ—ਅਸੀਂ ਫਿਰ ਪੀਤੇ।
ਫਿਰ ਉਸਨੇ ਜਲੇਬੀਆਂ ਵਰਗੀਆਂ
ਦੋ ਚਾਰ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ
ਸੁੰਦਰ ਸਾਊ ਤੇ ਆਲੀਆਂ ਭੋਲੀਆਂ ਜਿਹੀਆਂ
ਪਰ ਇੰਗਲੈਂਡ ਦੇ ਕਿਸੇ ਲੇਖਕ ਨੂੰ ਉਸ
ਤੱਤੇ ਕੜਾਹੇ ਵਿਚ ਪਕੌੜਿਆਂ ਵਾਂਗ ਨਾ ਤਲ਼ਿਆ!
ਤੇ ਫਿਰ ਉਹ ਆਪਣੀ
ਚਿੱਟੇ ਰੰਗ ਦੀ ਚਿਣਕੇ ਬੰਨ੍ਹੀ ਅਫ਼ਰੀਕਨ ਪਗੜੀ
ਤੇ ਚਿੱਟੀ ਕਾਟਵੀਂ ਦਾਹੜੀ ਨਾਲ
ਮੁਸਕਰਾ ਕੇ ਮੇਰੇ ਵੱਲ ਝਾਕਿਆ
ਜਿਵੇਂ ਮੈਨੂੰ ਕਹਿਣ ਲੱਗਾ ਹੋਵੇ—
'ਹੁਣ ਤੂੰ ਮੈਨੂੰ ਕਵਿਤਾ ਸੁਣਾਉਣ ਲਈ ਕਹਿ'!

ਤੇ ਫਿਰ ਖ਼ਬਰੇ ਮੈਂ ਕਿਹਾ ਕਿ ਨਾ
ਉਹ ਛਿੜ ਪਿਆ ਸਾਉਣ ਦਾ ਮੇਘਲਾ
ਵਰ੍ਹਨ ਲੱਗ ਪਿਆ ਮੀਂਹ ਵਾਂਗ ਮੀਤ ਮੇਰਾ
ਨਾ ਕਾਪੀ ਨਾ ਕਾਗ਼ਜ਼
ਛੰਦ-ਬੰਦ ਕਵਿਤਾ ਸ਼ਬਦਾਂ ਦੇ ਸ਼ਬਦ
ਉਹ ਚਿਣਦਾ ਗਿਆ ਇੱਟਾਂ ਦੇ ਵਾਂਗ
ਭਾਵਾਂ ਤੇ ਅਰਥਾਂ ਨੂੰ ਅਕਲਾਂ ਤੇ ਚਾਵਾਂ ਦੇ ਨਾਲ!



ਇਤਨਾ ਹਾਫ਼ਜ਼ਾ? ਇਤਨੀ ਯਾਦ?
ਕਿ ਰਹੇ ਰੱਬ ਦਾ ਨਾਂ!
ਉਹ ਮੇਰੇ ਦਿਲ ਤੇ ਉਕਰਿਆ ਗਿਆ
ਮੱਥੇ 'ਚ ਖੁਣਿਆ ਗਿਆ! ਚੰਦ ਜਿਹਾ!!
ਤੇ ਹੁਣ ਉਹ ਹੈ ਨਹੀਂ, ਚਲਿਆ ਗਿਆ ਹੈ!
ਚਲੇ ਤਾਂ ਸਭ ਨੇ ਹੀ ਜਾਣਾ ਹੈ!
ਪਰ ਜਾ ਕੇ ਵੀ ਮੇਰੇ ਦਿਲ ਚੋਂ ਨਾ ਜਾਏਗਾ ਕਦੇ
ਵਿਸਰੇਗਾ ਨਾ ਕਦੇ ਉਹ ਸਿੱਧੀ ਸੁਥਰੀ ਪੱਗ ਵਾਲਾ
ਨਿਰਛਲ ਤੇ ਸਾਦ-ਮੁਰਾਦਾ ਜਿਹਾ ਯਾਰ ਮੇਰਾ!

ਹੁਣ ਮੈਂ ਸੋਚਦਾ ਹਾਂ—
ਉਹ ਮੇਰਾ ਦੇਵਤਾ ਯਾਰ ਸੀ!
ਤੇ ਦੇਵਤੇ ਤਾਂ
ਕਦੇ ਕਦੇ ਹੀ ਧਰਤੀ ਤੇ ਉਤਰਦੇ ਹਨ!!

(2008)

➢➢➢